ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
SINCE : 2007
: www.thepunjabtimes.ca
: canadianpunjabtimes@gmail.com
Vol - 20 | 17 April, 2026 | ੪ ਵੈਸਾਖ ਨਾਨਕਸ਼ਾਹੀ ਸੰਮਤ ੫੫੮ | Ph.: 604-338-7310 | FAX : 604-572-3638 | /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar (Pasla)
604-597-0991
778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4

ਅਮਰੀਕਾ-ਇਜ਼ਰਾਇਲ ਬਨਾਮ ਇਰਾਨ ਜੰਗ : ਗੱਲਬਾਤ ਅਤੇ ਤਣਾਅ ਦਾ ਦੌਰ ਜਾਰੀ

# ਇਜ਼ਰਾਇਲ ਅਤੇ ਲਿਬਨਾਨ ਦਰਮਿਆਨ 10 ਦਿਨਾਂ ਦੀ ਜੰਗਬੰਦੀ : ਟਰੰਪ




ਸਰੀ, (ਦਿਵਰੂਪ ਕੌਰ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਅਤੇ ਲੇਬਨਾਨ ਵਿਚਾਲੇ 10 ਦਿਨਾਂ ਦੀ ਜੰਗਬੰਦੀ ਬਾਰੇ ਬਿਆਨ ਜਾਰੀ ਕੀਤਾ ਹੈ। ਇਹ ਜੰਗਬੰਦੀ ਵੀਰਵਾਰ 16 ਅਪ੍ਰੈਲ 2026 ਤੋਂ ਲਾਗੂ ਹੋ ਗਈ ਹੈ। ਇਸ ਸਮਝੌਤੇ ਦੇ ਤਹਿਤ ਇਰਾਨ ਸਮਰਥਿਤ ਹਿਜ਼ਬੁੱਲਾ ਨੂੰ ਵੀ ਜੰਗਬੰਦੀ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਵਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਟਰੰਪ ਨੇ ਦੱਸਿਆ ਕਿ ਇਜ਼ਰਾਈਲ ਅਤੇ ਲੇਬਨਾਨ ਦੇ ਆਗੂਆਂ ਨਾਲ ਗੱਲਬਾਤ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ 4 ਜਾਂ 5 ਦਿਨਾਂ ਵਿੱਚ ਦੋਵਾਂ ਦੇਸ਼ਾਂ ਦੇ ਪ੍ਰਤੀਨਿਧੀ ਵਾਈਟ ਹਾਊਸ ਦਾ ਦੌਰਾ ਕਰ ਸਕਦੇ ਹਨ ਤਾਂ ਜੋ ਸਥਾਈ ਸ਼ਾਂਤੀ ਲਈ ਰਾਹ ਪੱਧਰਾ ਕੀਤਾ ਜਾ ਸਕੇ।

ਇਸ ਜੰਗਬੰਦੀ ਦੇ ਨਾਲ ਹੀ ਰਾਸ਼ਟਰਪਤੀ ਟਰੰਪ ਅਨੁਸਾਰ ਇਰਾਨ ਨੇ ਆਪਣੇ ਸੰਪੂਰਨ ਯੂਰੇਨੀਅਮ ਭੰਡਾਰ ਨੂੰ ਸੌਂਪਣ ਲਈ ਸਹਿਮਤੀ ਜਤਾਈ ਹੈ ਜਿਸ ਨੂੰ ਅਮਰੀਕੀ ਪ੍ਰਸ਼ਾਸਨ ਨੇ ਇੱਕ ਵੱਡੀ ਜਿੱਤ ਵਜੋਂ ਪੇਸ਼ ਕਰ ਰਿਹਾ ਹੈ। ਰਾਸ਼ਟਰਪਤੀ ਟਰੰਪ ਨੇ ਭਰੋਸਾ ਜਤਾਇਆ ਹੈ ਕਿ ਦੋਵੇਂ ਧਿਰਾਂ ਸ਼ਾਂਤੀ ਸਮਝੌਤੇ ਦੇ ਬਹੁਤ ਨੇੜੇ ਹਨ ਅਤੇ ਜਲਦੀ ਹੀ 6 ਹਫ਼ਤਿਆਂ ਤੋਂ ਚੱਲ ਰਹੀ ਇਸ ਜੰਗ ਦਾ ਖਾਤਮਾ ਹੋ ਸਕਦਾ ਹੈ।

ਜੰਗ ਦੇ ਮੈਦਾਨੀ ਹਾਲਾਤਾਂ ਦੀ ਗੱਲ ਕਰੀਏ ਤਾਂ ਜੰਗਬੰਦੀ ਲਾਗੂ ਹੋਣ ਤੋਂ ਕੁਝ ਘੰਟੇ ਪਹਿਲਾਂ ਵੀ ਇਜ਼ਰਾਈਲੀ ਫੌਜ ਨੇ ਦੱਖਣੀ ਲੇਬਨਾਨ ਵਿੱਚ ਹਿਜ਼ਬੁੱਲਾ ਦੇ ਕਈ ਰਾਕੇਟ ਲਾਂਚਰਾਂ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲੀ ਰੱਖਿਆ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਹਿਜ਼ਬੁੱਲਾ ਦਾ ਨਿਹੱਥਾ ਹੋਣਾ ਕਿਸੇ ਵੀ ਸਥਾਈ ਸਮਝੌਤੇ ਲਈ ਮੁੱਢਲੀ ਸ਼ਰਤ ਹੋਵੇਗੀ। ਦੂਜੇ ਪਾਸੇ ਇਰਾਨੀ ਫੌਜੀ ਲੀਡਰਸ਼ਿਪ ਨੂੰ ਪਿਛਲੇ ਕੁਝ ਦਿਨਾਂ ਵਿੱਚ ਭਾਰੀ ਨੁਕਸਾਨ ਝੱਲਣਾ ਪਿਆ ਹੈ। ਰਿਪੋਰਟਾਂ ਅਨੁਸਾਰ ਇਜ਼ਰਾਈਲੀ ਹਮਲਿਆਂ ਵਿੱਚ ਹੁਣ ਤੱਕ 250 ਤੋਂ ਵੱਧ ਇਰਾਨੀ ਕਮਾਂਡਰ ਅਤੇ ਸੀਨੀਅਰ ਆਗੂ ਮਾਰੇ ਜਾ ਚੁੱਕੇ ਹਨ। ਇਰਾਨ ਦੀ ਮਿਜ਼ਾਈਲ ਸਮਰੱਥਾ ਵੀ ਕਾਫੀ ਹੱਦ ਤੱਕ ਕਮਜ਼ੋਰ ਹੋ ਚੁੱਕੀ ਹੈ ਪਰ ਉਹ ਅਜੇ ਵੀ ਖੇਤਰੀ ਪੱਧਰ 'ਤੇ ਆਪਣੀ ਮੌਜੂਦਗੀ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ।

ਅਮਰੀਕੀ ਜਲ ਸੈਨਾ ਨੇ ਇਰਾਨੀ ਬੰਦਰਗਾਹਾਂ ਦੀ ਘੇਰਾਬੰਦੀ ਜਾਰੀ ਰੱਖੀ ਹੋਈ ਹੈ ਅਤੇ ਸਟ੍ਰੇਟ ਆਫ ਹਾਰਮੁਜ਼ ਵਿੱਚੋਂ ਤੇਲ ਦੀ ਸਪਲਾਈ ਨੂੰ ਬਹਾਲ ਕਰਨਾ ਅਮਰੀਕਾ ਦੀ ਮੁੱਖ ਤਰਜੀਹ ਬਣੀ ਹੋਈ ਹੈ। ਅਮਰੀਕਾ ਨੇ ਸ਼ਰਤ ਰੱਖੀ ਹੈ ਕਿ ਜਦੋਂ ਤੱਕ ਇਰਾਨ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਨੂੰ ਪੂਰੀ ਤਰ੍ਹਾਂ ਨਹੀਂ ਖੋਲ੍ਹਦਾ ਤਦ ਤੱਕ ਗੱਲਬਾਤ ਸਿਰੇ ਨਹੀਂ ਚੜ੍ਹ ਸਕਦੀ। ਹਾਲਾਂਕਿ ਮਾਨਵਤਾਵਾਦੀ ਸਹਾਇਤਾ ਵਾਲੇ ਜਹਾਜ਼ਾਂ ਨੂੰ ਇਸ ਘੇਰਾਬੰਦੀ ਤੋਂ ਛੋਟ ਦਿੱਤੀ ਗਈ ਹੈ। ਇਸ ਜੰਗ ਕਾਰਨ ਵਿਸ਼ਵ ਪੱਧਰ 'ਤੇ ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ ਜਿਸ ਨੇ ਕਈ ਦੇਸ਼ਾਂ ਦੀ ਆਰਥਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਲਈ ਅੰਤਰਰਾਸ਼ਟਰੀ ਭਾਈਚਾਰਾ ਵੀ ਇਸ ਗੱਲਬਾਤ ਦੇ ਸਫਲ ਹੋਣ ਦੀ ਉਮੀਦ ਲਾਈ ਬੈਠਾ ਹੈ।

ਆਉਣ ਵਾਲੇ ਕੁਝ ਦਿਨ ਪੱਛਮੀ ਏਸ਼ੀਆ ਦੇ ਭਵਿੱਖ ਲਈ ਬਹੁਤ ਮਹੱਤਵਪੂਰਨ ਹੋਣਗੇ। ਜੇਕਰ ਇਸਲਾਮਾਬਾਦ ਵਿੱਚ ਹੋ ਰਹੀ ਗੱਲਬਾਤ ਦੌਰਾਨ ਯੂਰੇਨੀਅਮ

» ਬਾਕੀ ਸਫ਼ਾ 6 'ਤੇ

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

CityMed Pharmacy
Your Partner in Health
Our Services :-
ਦਵਾਈਆਂ ਦੀ ਸੋਖੀ ਪੈਕਿੰਗ, ਖਾਸ ਤੌਰ 'ਤੇ ਤਿਆਰ ਕੀਤੀਆਂ ਦਵਾਈਆਂ
ਸਫ਼ਰ ਲਈ ਟੀਕੇ, ਘਰ ਵਿੱਚ ਸਿਹਤ ਦੀ ਨਿਗਰਾਨੀ
ਸਭ ਤੋਂ ਵਧੀਆ ਰੇਟ, ਦਵਾਈਆਂ ਦੀ ਮੁਫ਼ਤ ਡਿਲਿਵਰੀ
ਤੁਸੀਂ ਸਾਡੇ ਕੋਲੋਂ ਫਲੂ ਸ਼ਾਟ ਵੀ ਲਗਵਾ ਸਕਦੇ ਹੋ।
2 Locations : Surrey & White Rock
107 - 14818 60 Ave, Surrey BC, V3S 0B5
604-593-8866
4 - 1493, Foster St, White Rock B.C., V4B 0C4
604-385-1490
www.citymedhealth.ca

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

Looking For
WEDDING & ENGAGEMENT FILMS
BOOK NOW!
PACKAGES STARTING AT $350 ONLY*

ONE SOUL FILMS
Call or Text : 604-584-5577
*T&C Apply

ਘੱਟ ਆਮਦਨੀ ਵਾਲੇ ਪਰਿਵਾਰਾਂ ਲਈ
ਮੁਫ਼ਤ ਟੈਕਸ ਸੇਵਾ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਘੱਟ ਆਮਦਨੀ ਵਾਲੇ ਪ੍ਰਵਾਰਾਂ ਲਈ
ਮੁਫਤ ਟੈਕਸ ਭਰਨ ਦੀ ਸੇਵਾ ਉਪਲਬਧ ਹੈ
ਇਹ ਸੇਵਾ ਹਰ ਸ਼ੁੱਕਰਵਾਰ ਅਤੇ ਸ਼ਨਿੱਚਰਵਾਰ
10:00 ਤੋਂ 1:00 ਵਜੇ ਤੱਕ
ਹੁੰਦੀ ਹੈ ਜਿਸ ਵਿੱਚ CVITP ਦੇ ਵਰਕਰ ਆਪ ਜੀ ਦਾ ਟੈਕਸ ਫਾਇਲ ਕਰਨਗੇ।
ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਨੰਬਰ 604-590-3232 ਤੇ ਸੰਪਰਕ ਕਰ ਸਕਦੇ ਹੋ ਜੀ।

# ਖਾਦ ਸਪਲਾਇਰਾਂ ਵੱਲੋਂ ਫਿਊਲ ਸਰਚਾਰਜ ਲਗਾਉਣ ਨਾਲ ਕੈਨੇਡਾ ਵਿੱਚ ਗ੍ਰੋਸਰੀ ਦੀਆਂ ਕੀਮਤਾਂ ਵਧਣ ਦੇ ਅਸਾਰ




ਸਰੀ, (ਦਿਵਰੂਪ ਕੌਰ): ਕੈਨੇਡਾ ਵਿੱਚ ਰਹਿਣ ਵਾਲੇ ਆਮ ਲੋਕਾਂ ਲਈ ਆਉਣ ਵਾਲੇ ਦਿਨਾਂ ਵਿੱਚ ਗ੍ਰੋਸਰੀ ਦਾ ਬਿੱਲ ਹੋਰ ਵੀ ਭਾਰੀ ਹੋ ਸਕਦਾ ਹੈ। ਦੇਸ਼ ਦੇ ਵੱਡੇ ਖਾਦ ਸਪਲਾਇਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਗ੍ਰੋਸਰੀ ਸਟੋਰਾਂ ਤੱਕ ਸਮਾਨ ਪਹੁੰਚਾਉਣ ਲਈ ਹੁਣ ਫਿਊਲ ਸਰਚਾਰਜ ਲਗਾਉਣ ਜਾ ਰਹੇ ਹਨ। ਗਲੋਬਲ ਨਿਊਜ਼ ਅਤੇ ਸੀਬੀਸੀ ਨਿਊਜ਼ ਦੀਆਂ ਰਿਪੋਰਟਾਂ ਅਨੁਸਾਰ ਕੈਨੇਡਾ ਦੇ ਕਈ ਵੱਡੇ ਸਪਲਾਇਰਾਂ ਨੇ ਆਪਣੇ ਗਾਹਕਾਂ ਨੂੰ ਇਸ ਬਾਰੇ ਨੋਟਿਸ ਜਾਰੀ ਕਰ ਦਿੱਤੇ ਹਨ। ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਲੌਜਿਸਟਿਕਸ ਦੇ ਵਧਦੇ ਖਰਚਿਆਂ ਕਾਰਨ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇਸ ਫੈਸਲੇ ਦਾ ਸਿੱਧਾ ਅਸਰ ਆਮ ਖਪਤਕਾਰਾਂ ਦੀ ਜੇਬ ਉੱਤੇ ਪੈਣ ਦੀ ਸੰਭਾਵਨਾ ਹੈ ਕਿਉਂਕਿ ਰਿਟੇਲਰ ਇਹ ਵਾਧੂ ਖਰਚਾ ਅੰਤ ਵਿੱਚ ਗਾਹਕਾਂ ਕੋਲੋਂ ਹੀ ਵਸੂਲਣਗੇ। ਮਾਹਿਰਾਂ ਅਨੁਸਾਰ ਇਹ ਵਾਧਾ ਆਉਣ ਵਾਲੇ ਹਫਤਿਆਂ ਵਿੱਚ ਸਾਹਮਣੇ ਆ ਸਕਦਾ ਹੈ।

ਮੈਪਲ ਲੀਫ ਫੂਡਜ਼ ਨੇ 31 ਮਾਰਚ ਨੂੰ ਆਪਣੇ ਗਾਹਕਾਂ ਨੂੰ ਭੇਜੀ ਇੱਕ ਚਿੱਠੀ ਵਿੱਚ ਦੱਸਿਆ ਹੈ ਕਿ ਉਹ 6 ਅਪ੍ਰੈਲ ਤੋਂ ਫਿਊਲ ਸਰਚਾਰਜ ਲਗਾਉਣਾ ਸ਼ੁਰੂ ਕਰਨਗੇ। ਕੰਪਨੀ ਨੇ ਮੱਧ ਪੂਰਬ ਵਿੱਚ ਚੱਲ ਰਹੇ ਹਾਲਾਤਾਂ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਹੋਏ ਭਾਰੀ ਵਾਧੇ ਨੂੰ ਇਸ ਦਾ ਮੁੱਖ ਕਾਰਨ ਦੱਸਿਆ ਹੈ। ਕੰਪਨੀ ਅਨੁਸਾਰ ਤੇਲ ਦੇ ਖਰਚਿਆਂ ਵਿੱਚ ਤੇਜ਼ੀ ਨਾਲ ਹੋਏ ਵਾਧੇ ਕਾਰਨ ਉਹ ਸਾਰੇ ਤਿਆਰ ਮੀਟ ਅਤੇ ਤਾਜ਼ਾ ਪੋਲਟਰੀ ਉਤਪਾਦਾਂ ਉੱਤੇ 0.11 ਡਾਲਰ ਪ੍ਰਤੀ ਕਿਲੋਗ੍ਰਾਮ ਦਾ ਅਸਥਾਈ ਫਿਊਲ ਸਰਚਾਰਜ ਲਗਾਉਣਗੇ। ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਕੀਮਤਾਂ ਵਿੱਚ ਸਥਾਈ ਵਾਧਾ ਨਹੀਂ ਹੈ ਸਗੋਂ ਤੇਲ ਦੀਆਂ ਕੀਮਤਾਂ ਮੁਤਾਬਕ ਇੱਕ ਅਸਥਾਈ ਵਿਵਸਥਾ ਹੈ। ਉਹਨਾਂ ਇਹ ਵੀ ਕਿਹਾ ਕਿ ਇਸ ਵਿਧੀ ਦੀ ਵਰਤੋਂ ਪੈਕੇਜਿੰਗ ਜਾਂ ਹੋਰ ਸਮੱਗਰੀ ਦੀ ਮਹਿੰਗਾਈ ਕਾਰਨ ਪੈਦਾ ਹੋਏ ਦਬਾਅ ਨੂੰ ਪੂਰਾ ਕਰਨ ਲਈ ਨਹੀਂ ਕੀਤੀ ਜਾ ਰਹੀ ਹੈ।

ਹਾਲਾਂਕਿ ਕੰਪਨੀ ਨੇ ਇਹ ਵੀ ਸ਼ਰਤ ਰੱਖੀ ਹੈ ਕਿ ਜੇਕਰ ਡੀਜ਼ਲ ਦੀ ਔਸਤ ਕੀਮਤ 1.20 ਡਾਲਰ ਪ੍ਰਤੀ ਲੀਟਰ ਜਾਂ ਇਸ ਤੋਂ ਹੇਠਾਂ ਆ ਜਾਂਦੀ ਹੈ ਤਾਂ ਉਹ ਇਸ ਸਰਚਾਰਜ ਨੂੰ ਵਾਪਸ ਲੈ ਲੈਣਗੇ। ਗੈਸਬੱਡੀ ਦੇ ਅੰਕੜਿਆਂ ਅਨੁਸਾਰ ਬੁੱਧਵਾਰ ਨੂੰ ਕੈਨੇਡਾ ਵਿੱਚ ਡੀਜ਼ਲ ਦੀ ਔਸਤ ਕੀਮਤ 1.78 ਡਾਲਰ ਪ੍ਰਤੀ ਲੀਟਰ ਦਰਜ ਕੀਤੀ ਗਈ ਸੀ ਜੋ ਕਿ ਕੰਪਨੀ ਦੀ ਮਿੱਥੀ ਗਈ ਸੀਮਾ ਤੋਂ ਕਿਤੇ ਜ਼ਿਆਦਾ ਹੈ।

ਕੁਝ ਸਪਲਾਇਰਾਂ ਨੇ ਆਪਣੇ ਘੱਟੋ-ਘੱਟ ਆਰਡਰ ਦੀਆਂ ਸ਼ਰਤਾਂ ਵਿੱਚ ਵੀ ਬਦਲਾਅ ਕੀਤਾ ਹੈ। ਓਨਟਾਰੀਓ ਸਥਿਤ ਬ੍ਰਾਂਡਟ ਮੀਟਸ ਨੇ ਆਪਣੇ ਗਾਹਕਾਂ ਨੂੰ ਸੂਚਿਤ ਕੀਤਾ ਹੈ ਕਿ 4 ਮਈ ਤੋਂ ਉਹਨਾਂ ਲਈ ਘੱਟੋ-ਘੱਟ ਆਰਡਰ 1,000 ਡਾਲਰ ਦਾ ਹੋਣਾ ਲਾਜ਼ਮੀ ਹੋਵੇਗਾ। ਕੰਪਨੀ ਨੇ ਕਿਹਾ ਕਿ ਤੇਲ ਅਤੇ ਲੇਬਰ ਦੀਆਂ ਵਧਦੀਆਂ ਕੀਮਤਾਂ ਕਾਰਨ ਉਹਨਾਂ ਦੇ ਟ੍ਰਾਂਸਪੋਰਟੇਸ਼ਨ ਖਰਚੇ ਬਹੁਤ ਵਧ ਗਏ ਹਨ। ਹੁਣ ਤੱਕ ਕੰਪਨੀ ਇਹ ਵਾਧੂ ਖਰਚਾ ਖੁਦ ਬਰਦਾਸ਼ਤ ਕਰ ਰਹੀ ਸੀ ਤਾਂ ਜੋ ਗਾਹਕਾਂ ਉੱਤੇ ਅਸਰ ਨਾ ਪਵੇ ਪਰ ਹੁਣ ਹਾਲਾਤ ਅਜਿਹੇ ਹਨ ਕਿ ਉਹਨਾਂ ਨੂੰ ਆਪਣੀ ਡਿਲਿਵਰੀ ਨੀਤੀ ਵਿੱਚ ਬਦਲਾਅ ਕਰਨਾ ਪੈ ਰਿਹਾ ਹੈ। ਇਹ ਫੈਸਲਾ ਛੋਟੇ ਕਾਰੋਬਾਰੀਆਂ ਲਈ ਇੱਕ ਵੱਡੀ ਚੁਣੌਤੀ ਬਣ ਸਕਦਾ ਹੈ ਕਿਉਂਕਿ ਉਹਨਾਂ ਲਈ ਇੰਨੇ ਵੱਡੇ ਆਰਡਰ ਇੱਕੋ ਵਾਰ ਦੇਣੇ ਆਰਥਿਕ ਤੌਰ ਉੱਤੇ ਮੁਸ਼ਕਲ ਹੋਣਗੇ।

ਦੂਜੇ ਪਾਸੇ ਕੈਨੇਡਾ ਦੇ ਵੱਡੇ ਗ੍ਰੋਸਰੀ ਚੇਨਾਂ ਦੀ ਪ੍ਰਤੀਕਿਰਿਆ ਵੀ ਸਾਹਮਣੇ ਆਈ ਹੈ। ਸੋਬੇਜ਼ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਉਹਨਾਂ ਨੂੰ ਸਪਲਾਇਰਾਂ ਵੱਲੋਂ ਸਰਚਾਰਜ ਦੀਆਂ ਬੇਨਤੀਆਂ ਮਿਲੀਆਂ ਹਨ ਪਰ ਉਹ ਇਸ ਦਾ ਭੁਗਤਾਨ ਕਰਨ ਤੋਂ ਇਨਕਾਰ ਕਰਨਗੇ। ਉਹਨਾਂ ਦਾ ਕਹਿਣਾ ਹੈ ਕਿ ਤੇਲ ਦਾ ਬਾਜ਼ਾਰ ਬਹੁਤ ਅਸਥਿਰ ਹੈ ਅਤੇ ਉਹ ਅਜਿਹਾ ਕੋਈ ਵੀ ਕਦਮ ਨਹੀਂ ਚੁੱਕਣਾ ਚਾਹੁੰਦੇ ਜਿਸ ਨਾਲ ਗਾਹਕਾਂ ਨੂੰ ਮਿਲਣ ਵਾਲੀ ਕੀਮਤ ਉੱਤੇ ਬੁਰਾ ਅਸਰ ਪਵੇ। ਲੋਬਲਾਅ ਅਤੇ ਮੈਟਰੋ ਵਰਗੀਆਂ ਕੰਪਨੀਆਂ ਨੇ ਕਿਹਾ ਹੈ ਕਿ ਉਹ ਸਪਲਾਇਰਾਂ ਨਾਲ ਨਿਰੰਤਰ ਗੱਲਬਾਤ ਕਰ ਰਹੇ ਹਨ ਅਤੇ ਕੇਵਲ ਉਹਨਾਂ ਹੀ ਵਾਧੂ ਖਰਚਿਆਂ ਨੂੰ ਸਵੀਕਾਰ ਕਰਨਗੇ ਜੋ ਪੂਰੀ ਤਰ੍ਹਾਂ ਜਾਇਜ਼ ਹੋਣਗੇ। ਉਹਨਾਂ ਨੇ ਸਪੱਸ਼ਟ ਕੀਤਾ ਕਿ ਉਹ ਬਿਨਾਂ ਵਜ੍ਹਾ ਵਧਾਈਆਂ ਗਈਆਂ ਕੀਮਤਾਂ ਦਾ ਵਿਰੋਧ ਕਰਨਗੇ ਤਾਂ ਜੋ ਮਹਿੰਗਾਈ ਨੂੰ ਕੰਟਰੋਲ ਵਿੱਚ ਰੱਖਿਆ ਜਾ ਸਕੇ।

ਆਜ਼ਾਦ ਅਤੇ ਛੋਟੇ ਗ੍ਰੋਸਰੀ ਸਟੋਰ ਮਾਲਕ ਇਸ ਸਥਿਤੀ ਨੂੰ ਲੈ ਕੇ ਕਾਫ਼ੀ ਚਿੰਤਤ ਹਨ। ਕੈਨੇਡੀਅਨ ਫੈਡਰੇਸ਼ਨ ਆਫ਼ ਇੰਡੀਪੈਂਡੈਂਟ ਗ੍ਰੋਸਰਜ਼ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਗੈਰੀ ਸੈਂਡਸ ਨੇ ਕਿਹਾ ਹੈ ਕਿ ਛੋਟੇ ਸਟੋਰਾਂ ਕੋਲ ਵੱਡੀਆਂ ਚੇਨਾਂ ਵਾਂਗ ਸਪਲਾਇਰਾਂ ਨਾਲ ਸੌਦੇਬਾਜ਼ੀ ਕਰਨ ਦੀ ਤਾਕਤ ਨਹੀਂ ਹੁੰਦੀ। ਉਹਨਾਂ ਅਨੁਸਾਰ ਛੋਟੇ ਸਟੋਰ ਪਹਿਲਾਂ ਹੀ ਬਹੁਤ ਘੱਟ ਮੁਨਾਫ਼ੇ ਯਾਨੀ ਲਗਭਗ 2 ਫੀਸਦੀ ਉੱਤੇ ਕੰਮ ਕਰ ਰਹੇ ਹਨ। ਜੇਕਰ ਟ੍ਰਾਂਸਪੋਰਟੇਸ਼ਨ ਦੇ ਖਰਚੇ 40 ਤੋਂ 50 ਫੀਸਦੀ ਤੱਕ ਵਧ ਜਾਂਦੇ ਹਨ ਤਾਂ ਉਹਨਾਂ ਕੋਲ ਇਹ ਬੋਝ ਗਾਹਕਾਂ ਉੱਤੇ ਪਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚੇਗਾ। ਇਸ ਦਾ ਸਭ ਤੋਂ ਵੱਧ ਅਸਰ ਉੱਤਰੀ ਅਤੇ ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਉੱਤੇ ਪਵੇਗਾ ਜਿੱਥੇ ਪਹਿਲਾਂ ਹੀ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਆਮ ਨਾਲੋਂ ਜ਼ਿਆਦਾ ਹਨ। This report was written by Divroop Kaur as part of the Local Journalism Initiative.

ਪਾਣੀ ਉੱਤੇ ਤੈਰਦਾ ਹੋਟਲ ਬਣੇਗਾ ਵੈਨਕੂਵਰ ਦੀ ਸ਼ਾਨ

# ਵੈਨਕੂਵਰ 'ਚ ਬਣੇਗਾ 6 ਮੰਜ਼ਿਲਾ ਫਲੋਟਿੰਗ ਹੋਟਲ

ਸਰੀ, (ਦਿਵਰੂਪ ਕੌਰ): ਵੈਨਕੂਵਰ ਦੇ ਵਾਟਰਫਰੰਟ ਦੀ ਦਿੱਖ ਆਉਣ ਵਾਲੇ ਸਮੇਂ ਵਿੱਚ ਪੂਰੀ ਤਰ੍ਹਾਂ ਬਦਲਣ ਜਾ ਰਹੀ ਹੈ। ਸ਼ਹਿਰ ਦੇ ਕੌਂਸਲਰਾਂ ਨੇ ਕੋਲ ਹਾਰਬਰ ਵਿੱਚ ਵੈਨਕੂਵਰ ਕਨਵੈਨਸ਼ਨ ਸੈਂਟਰ ਦੇ ਬਿਲਕੁਲ ਨਾਲ ਇੱਕ 6 ਮੰਜ਼ਿਲਾ ਅਤੇ 250 ਕਮਰਿਆਂ ਵਾਲੇ ਫਲੋਟਿੰਗ ਹੋਟਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੰਗਲਵਾਰ ਰਾਤ ਨੂੰ ਹੋਈ ਇੱਕ ਜਨਤਕ ਸੁਣਵਾਈ ਤੋਂ ਬਾਅਦ ਇਸ ਵਿਲੱਖਣ 'ਫਲੋਟਲ' ਪ੍ਰੋਜੈਕਟ 'ਤੇ ਮੋਹਰ ਲਗਾਈ ਗਈ। ਇਹ ਪ੍ਰੋਜੈਕਟ ਫਿਨਲੈਂਡ ਸਥਿਤ ਸਨਬੋਰਨ ਗਰੁੱਪ ਅਤੇ ਵੈਨਕੂਵਰ ਹਾਰਬਰ ਫਲਾਈਟ ਸੈਂਟਰ ਦਾ ਇੱਕ ਸਾਂਝਾ ਉੱਦਮ ਹੈ। ਇਸ ਹੋਟਲ ਦੇ ਬਣਨ ਨਾਲ ਸੈਲਾਨੀਆਂ ਨੂੰ ਸਮੁੰਦਰ ਦੇ ਉੱਤੇ ਰਹਿਣ ਦਾ ਇੱਕ ਬਿਲਕੁਲ ਨਵਾਂ ਅਤੇ ਆਧੁਨਿਕ ਅਹਿਸਾਸ ਮਿਲੇਗਾ।



ਇਸ ਫਲੋਟਿੰਗ ਹੋਟਲ ਵਿੱਚ ਕੇਵਲ ਰਹਿਣ ਲਈ ਕਮਰੇ ਹੀ ਨਹੀਂ ਹੋਣਗੇ, ਸਗੋਂ ਇਸ ਵਿੱਚ ਇੱਕ ਬਾਰ, ਕਈ ਦੁਕਾਨਾਂ, ਰੈਸਟੋਰੈਂਟ, ਕੈਫੇ ਅਤੇ ਇੱਕ ਆਧੁਨਿਕ ਸਪਾ ਦੀ ਸਹੂਲਤ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਇੱਥੇ ਇੱਕ ਨਵਾਂ ਵਿਊਇੰਗ ਏਰੀਆ ਵੀ ਤਿਆਰ ਕੀਤਾ ਜਾਵੇਗਾ ਜਿੱਥੋਂ ਲੋਕ ਬੰਦਰਗਾਹ ਦੇ ਖੂਬਸੂਰਤ ਨਜ਼ਾਰਿਆਂ ਦਾ ਆਨੰਦ ਮਾਣ ਸਕਣਗੇ। ਕੰਪਨੀ ਅਨੁਸਾਰ ਇਹ ਹੋਟਲ ਸ਼ਹਿਰ ਦੀ ਸੈਰ-ਸਪਾਟਾ ਇੰਡਸਟਰੀ ਵਿੱਚ ਇੱਕ ਵੱਡਾ ਮੀਲ ਪੱਥਰ ਸਾਬਤ ਹੋਵੇਗਾ ਅਤੇ ਵੈਨਕੂਵਰ ਆਉਣ ਵਾਲੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣੇਗਾ। ਇਸ ਪ੍ਰੋਜੈਕਟ ਰਾਹੀਂ ਵੈਨਕੂਵਰ ਦੇ ਵਾਟਰਫਰੰਟ ਨੂੰ ਵਿਸ਼ਵ ਪੱਧਰ 'ਤੇ ਹੋਰ ਮਾਨਤਾ ਮਿਲਣ ਦੀ ਉਮੀਦ ਹੈ।

ਹਾਲਾਂਕਿ, ਇਸ ਪ੍ਰੋਜੈਕਟ ਨੂੰ ਲੈ ਕੇ ਕੁਝ ਵਿਰੋਧ ਵੀ ਦੇਖਣ ਨੂੰ ਮਿਲਿਆ ਹੈ। ਮੰਗਲਵਾਰ ਰਾਤ ਦੀ ਸੁਣਵਾਈ ਦੌਰਾਨ ਕਈ ਬੁਲਾਰਿਆਂ ਨੇ ਇਸ ਯੋਜਨਾ ਦੇ ਵਿਰੁੱਧ ਆਵਾਜ਼ ਉਠਾਈ। ਯੂਨਾਈਟ ਹਿਅਰ ਲੋਕਲ 40 ਦੀ ਮਿਸ਼ੇਲ ਟ੍ਰੈਵਿਸ ਨੇ ਕਿਹਾ ਕਿ ਪਹਿਲਾਂ ਹੀ 3,000 ਹੋਟਲ ਕਮਰਿਆਂ ਨੂੰ ਮਨਜ਼ੂਰੀ ਮਿਲ ਚੁੱਕੀ ਹੈ ਅਤੇ 3,700 ਹੋਰ ਕਮਰੇ ਪਾਈਪਲਾਈਨ ਵਿੱਚ ਹਨ, ਇਸ ਲਈ ਇੱਕ ਹੋਰ ਹੋਟਲ ਨੂੰ ਮਨਜ਼ੂਰੀ ਦੇਣ ਦੀ ਕੋਈ ਕਾਹਲੀ ਨਹੀਂ ਹੋਣੀ ਚਾਹੀਦੀ। ਉਹਨਾਂ ਨੇ ਤਰਕ ਦਿੱਤਾ ਕਿ ਸ਼ਹਿਰ ਦੀ ਹੋਟਲ ਨੀਤੀ 2050 ਤੱਕ 10,000 ਕਮਰਿਆਂ ਦਾ ਟੀਚਾ ਰੱਖਦੀ ਹੈ, ਨਾ ਕਿ 2026 ਤੱਕ। ਉਹਨਾਂ ਅਨੁਸਾਰ ਅਜਿਹੇ ਪ੍ਰੋਜੈਕਟਾਂ 'ਤੇ ਫੈਸਲਾ ਲੈਣ ਤੋਂ ਪਹਿਲਾਂ ਮੌਜੂਦਾ ਸਥਿਤੀ ਦਾ ਗੰਭੀਰਤਾ ਨਾਲ ਜਾਇਜ਼ਾ ਲੈਣਾ ਜ਼ਰੂਰੀ ਹੈ।

ਦੂਜੇ ਪਾਸੇ, ਸਨਬੋਰਨ ਗਰੁੱਪ ਦੇ ਹੰਸ ਨਿਏਮੀ ਨੇ ਇਸ ਪ੍ਰੋਜੈਕਟ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵੈਨਕੂਵਰ ਵਿੱਚ ਹੋਟਲ ਕਮਰਿਆਂ ਦੀ ਭਾਰੀ ਮੰਗ ਹੈ। ਉਹਨਾਂ ਨੇ ਦਲੀਲ ਦਿੱਤੀ ਕਿ ਇਹ ਹੋਟਲ ਅਜਿਹੀ ਜਗ੍ਹਾ 'ਤੇ ਬਣਾਇਆ ਜਾ ਰਿਹਾ ਹੈ ਜਿੱਥੇ ਜ਼ਮੀਨ ਦੀ ਘਾਟ ਕਾਰਨ ਰਿਹਾਇਸ਼ੀ ਘਰ ਨਹੀਂ ਬਣਾਏ ਜਾ ਸਕਦੇ। ਨਿਏਮੀ ਅਨੁਸਾਰ ਇਹ ਪਾਣੀ ਵਾਲੀ ਥਾਂ ਦਾ ਸਹੀ ਇਸਤੇਮਾਲ ਹੈ ਜੋ ਸ਼ਹਿਰ ਦੀ ਆਰਥਿਕਤਾ ਵਿੱਚ ਯੋਗਦਾਨ ਪਾਵੇਗਾ। ਹਾਲਾਂਕਿ ਮਨਜ਼ੂਰੀ ਮਿਲ ਗਈ ਹੈ, ਪਰ ਡਿਵੈਲਪਰਾਂ ਨੂੰ ਅਜੇ ਵਾਤਾਵਰਣ ਸਬੰਧੀ ਪਰਮਿਟ ਲੈਣੇ ਬਾਕੀ ਹਨ। ਇਸ ਵਿਸ਼ੇਸ਼ ਹੋਟਲ ਨੂੰ ਬਣਾਉਣ ਅਤੇ ਬੰਦਰਗਾਹ ਤੱਕ ਪਹੁੰਚਾਉਣ ਵਿੱਚ ਲਗਭਗ 2 ਸਾਲ ਦਾ ਸਮਾਂ ਲੱਗਣ ਦੀ ਉਮੀਦ ਹੈ। This report was written by Divroop Kaur as part of the Local Journalism Initiative.

# ਸਾਲ 2025 ਦੌਰਾਨ ਬੀ.ਸੀ. ਵਿੱਚ 289 ਫਸਟ ਨੇਸ਼ਨਜ਼ ਲੋਕਾਂ ਦੀ ਵੀ ਹੋਈ ਜ਼ਹਿਰੀਲੇ ਨਸ਼ਿਆਂ ਕਾਰਨ ਮੌਤ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਵਿੱਚ ਫਸਟ ਨੇਸ਼ਨਜ਼ ਸਿਹਤ ਅਥਾਰਟੀ ਨੇ ਬੁੱਧਵਾਰ ਨੂੰ ਜ਼ਹਿਰੀਲੇ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੇ ਤਾਜ਼ਾ ਅੰਕੜੇ ਜਾਰੀ ਕੀਤੇ ਹਨ। ਰਿਪੋਰਟ ਅਨੁਸਾਰ 2025 ਵਿੱਚ ਕੁੱਲ 289 ਫਸਟ ਨੇਸ਼ਨਜ਼ ਲੋਕਾਂ ਦੀ ਮੌਤ ਹੋਈ ਹੈ, ਜੋ ਕਿ 2024 ਵਿੱਚ ਹੋਈਆਂ 433 ਮੌਤਾਂ ਦੇ ਮੁਕਾਬਲੇ 33% ਘੱਟ ਹੈ। ਹਾਲਾਂਕਿ ਮੌਤਾਂ ਦੀ ਗਿਣਤੀ ਵਿੱਚ ਕਮੀ ਆਈ ਹੈ, ਪਰ ਇਹ ਭਾਈਚਾਰਾ ਅਜੇ ਵੀ ਗੰਭੀਰ ਰੂਪ ਵਿੱਚ ਪ੍ਰਭਾਵਿਤ ਹੈ। ਫਸਟ ਨੇਸ਼ਨਜ਼ ਦੇ ਲੋਕ ਬੀ.ਸੀ. ਦੀ ਕੁੱਲ ਆਬਾਦੀ ਦਾ ਸਿਰਫ਼ 3.4% ਹਨ, ਪਰ ਸੂਬੇ ਵਿੱਚ ਨਸ਼ਿਆਂ ਕਾਰਨ ਹੋਣ ਵਾਲੀਆਂ ਕੁੱਲ 1,826 ਮੌਤਾਂ ਵਿੱਚ ਇਨ੍ਹਾਂ ਦਾ ਹਿੱਸਾ 15.8% ਰਿਹਾ ਹੈ। ਡਾ. ਨੈਲ ਵੀਮੈਨ ਨੇ ਦੱਸਿਆ ਕਿ ਫਸਟ ਨੇਸ਼ਨਜ਼ ਦੇ ਲੋਕ ਹੋਰਨਾਂ ਨਿਵਾਸੀਆਂ ਦੇ ਮੁਕਾਬਲੇ 5.4 ਗੁਣਾ ਵੱਧ ਦਰ ਨਾਲ ਮੌਤ ਦਾ ਸ਼ਿਕਾਰ ਹੋ ਰਹੇ ਹਨ। ਖਾਸ ਤੌਰ 'ਤੇ ਮਹਿਲਾਵਾਂ ਵਿੱਚ ਇਹ ਦਰ ਹੋਰਨਾਂ ਦੇ ਮੁਕਾਬਲੇ 9.1 ਗੁਣਾ ਜ਼ਿਆਦਾ ਦਰਜ ਕੀਤੀ ਗਈ ਹੈ। ਅੰਕੜਿਆਂ ਮੁਤਾਬਕ 50.5% ਮ੍ਰਿਤਕ 40 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸਨ। ਜ਼ਹਿਰੀਲੇ ਨਸ਼ਿਆਂ ਕਾਰਨ ਵਾਪਰੀਆਂ ਘਟਨਾਵਾਂ ਵਿੱਚ ਵੀ 17% ਦੀ ਗਿਰਾਵਟ ਦੇਖੀ ਗਈ ਹੈ, ਜੋ 2024 ਦੇ 3,523 ਮੁਕਾਬਲੇ 2,924 ਰਹਿ ਗਈਆਂ ਹਨ। ਅਥਾਰਟੀ ਅਨੁਸਾਰ ਇਸ



ਸੰਕਟ ਦੇ ਪਿੱਛੇ ਨਸਲਵਾਦ, ਵਿਤਕਰੇ ਅਤੇ ਬਸਤੀਵਾਦ ਦੇ ਡੂੰਘੇ ਪ੍ਰਭਾਵ ਹਨ। ਸਿਹਤ ਪ੍ਰਣਾਲੀ ਵਿੱਚ ਵਿਸ਼ਵਾਸ ਦੀ ਕਮੀ ਕਾਰਨ ਬਹੁਤ ਸਾਰੇ ਲੋਕ ਮਦਦ ਲੈਣ ਤੋਂ ਕਤਰਾਉਂਦੇ ਹਨ। 2016 ਵਿੱਚ ਸਿਹਤ ਐਮਰਜੈਂਸੀ ਐਲਾਨੇ ਜਾਣ ਤੋਂ ਬਾਅਦ ਹੁਣ ਤੱਕ ਸੂਬੇ ਵਿੱਚ 18,000 ਤੋਂ ਵੱਧ ਲੋਕ ਆਪਣੀ ਜਾਨ ਗੁਆ ਚੁੱਕੇ ਹਨ, ਜਿਨ੍ਹਾਂ ਵਿੱਚ 2,000 ਤੋਂ ਵੱਧ ਫਸਟ ਨੇਸ਼ਨਜ਼ ਲੋਕ ਸ਼ਾਮਲ ਹਨ। ਡਾ. ਵੀਮੈਨ ਨੇ ਨੌਜਵਾਨਾਂ ਦੀ ਸੁਰੱਖਿਆ ਅਤੇ ਉਨ੍ਹਾਂ ਲਈ ਵਿਸ਼ੇਸ਼ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। This report was written by Divroop Kaur as part of the Local Journalism Initiative.

# ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਤੇਲ 'ਤੇ ਫੈਡਰਲ ਐਕਸਾਈਜ਼ ਟੈਕਸ ਮੁਅੱਤਲ

## ਲੇਬਰ ਡੇਅ ਤੱਕ ਤੇਲ ਟੈਕਸ ਤੋਂ ਮਿਲੇਗੀ ਰਾਹਤ, ਉਪ-ਚੋਣਾਂ ਵਿੱਚ ਜਿੱਤ ਤੋਂ ਬਾਅਦ ਕਾਰਨੀ ਸਰਕਾਰ ਦਾ ਤੋਹਫ਼ਾ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਵਾਸੀਆਂ ਨੂੰ ਵਧਦੀ ਮਹਿੰਗਾਈ ਅਤੇ ਤੇਲ ਦੀਆਂ ਅਸਮਾਨੀ ਚੜ੍ਹਦੀਆਂ ਕੀਮਤਾਂ ਤੋਂ ਰਾਹਤ ਦੇਣ ਲਈ ਇੱਕ ਬਹੁਤ ਹੀ ਅਹਿਮ ਫੈਸਲਾ ਲਿਆ ਹੈ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਫੈਡਰਲ ਸਰਕਾਰ ਅਗਲੇ ਹਫ਼ਤੇ ਤੋਂ ਲੈ ਕੇ ਲੇਬਰ ਡੇਅ ਤੱਕ ਫੈਡਰਲ ਫਿਊਲ ਐਕਸਾਈਜ਼ ਟੈਕਸ (federal fuel excise tax) ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਰਹੀ ਹੈ। ਇਹ ਇਤਿਹਾਸਕ ਐਲਾਨ ਉਸ ਸਮੇਂ ਆਇਆ ਹੈ ਜਦੋਂ ਮਾਰਕ ਕਾਰਨੀ ਨੇ ਸੋਮਵਾਰ ਨੂੰ ਹੋਈਆਂ ਤਿੰਨ ਅਹਿਮ ਉਪ-ਚੋਣਾਂ ਵਿੱਚ ਜਿੱਤ ਹਾਸਲ ਕਰਕੇ ਸੰਸਦ ਵਿੱਚ ਆਪਣੀ ਬਹੁਮਤ ਸਰਕਾਰ ਸੁਰੱਖਿਅਤ ਕਰ ਲਈ ਹੈ। ਬਹੁਮਤ ਪ੍ਰਾਪਤ ਕਰਨ ਤੋਂ ਕੁਝ ਘੰਟਿਆਂ ਬਾਅਦ ਹੀ ਓਟਾਵਾ ਵਿੱਚ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਦੌਰਾਨ ਉਨ੍ਹਾਂ ਨੇ ਇਸ ਯੋਜਨਾ ਦਾ ਖੁਲਾਸਾ ਕੀਤਾ।



ਪ੍ਰਧਾਨ ਮੰਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਦਮ ਨਾਲ ਗੈਸੋਲੀਨ 'ਤੇ 0.10 ਡਾਲਰ ਪ੍ਰਤੀ ਲੀਟਰ ਅਤੇ ਡੀਜ਼ਲ 'ਤੇ 0.04 ਡਾਲਰ ਪ੍ਰਤੀ ਲੀਟਰ ਦੀ ਸਿੱਧੀ ਬਚਤ ਹੋਵੇਗੀ। ਇਸ ਤੋਂ ਇਲਾਵਾ ਸਰਕਾਰ ਨੇ ਹਵਾਈ ਜਹਾਜ਼ਾਂ 'ਚ ਭਰੇ ਜਾਣ ਵਾਲੇ ਤੇਲ (aviation fuels) 'ਤੇ ਲੱਗਣ ਵਾਲੇ ਐਕਸਾਈਜ਼ ਟੈਕਸ ਨੂੰ ਵੀ ਹਟਾਉਣ ਦਾ ਫੈਸਲਾ ਕੀਤਾ ਹੈ। ਕਾਰਨੀ ਨੇ ਸਪੱਸ਼ਟ ਕੀਤਾ ਕਿ ਜੇਕਰ ਇਸ ਕਟੌਤੀ ਨੂੰ ਪਹਿਲਾਂ ਖਤਮ ਕੀਤੇ ਗਏ ਕਾਰਬਨ ਟੈਕਸ ਨਾਲ ਜੋੜ ਕੇ ਦੇਖਿਆ ਜਾਵੇ, ਤਾਂ ਉਨ੍ਹਾਂ ਦੀ ਸਰਕਾਰ ਨੇ ਕੁੱਲ ਮਿਲਾ ਕੇ ਤੇਲ ਦੀਆਂ ਕੀਮਤਾਂ ਵਿੱਚ 0.28 ਡਾਲਰ ਪ੍ਰਤੀ ਲੀਟਰ ਤੱਕ ਦੀ ਕਮੀ ਕਰ ਦਿੱਤੀ ਹੈ। ਇਸ ਵਿੱਤੀ ਰਾਹਤ ਪੈਕੇਜ ਨਾਲ ਸਰਕਾਰੀ ਖ਼ਜ਼ਾਨੇ 'ਤੇ ਲਗਭਗ 2.4 ਬਿਲੀਅਨ ਡਾਲਰ ਦਾ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਕੈਨੇਡੀਅਨ ਲੋਕ ਇਸ ਸਮੇਂ ਰੋਜ਼ਾਨਾ ਦੇ ਖਰਚਿਆਂ ਕਾਰਨ ਭਾਰੀ ਦਬਾਅ ਮਹਿਸੂਸ ਕਰ ਰਹੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਵਰਤਮਾਨ ਵਿੱਚ ਮਦਦ ਅਤੇ ਭਵਿੱਖ ਲਈ ਇੱਕ ਭਰੋਸੇਯੋਗ ਰਾਹ ਦੇਣਾ ਚਾਹੁੰਦੀ ਹੈ।

ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਅਤੇ ਇਰਾਨ ਦਰਮਿਆਨ ਚੱਲ ਰਹੀ ਜੰਗ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਖਾਸ ਕਰਕੇ ਹੋਰਮੁਜ਼ ਦੇ ਜਲਡਮਰੂ (Strait of Hormuz) ਰਾਹੀਂ ਹੋਣ ਵਾਲੀ ਜਹਾਜ਼ਾਂ ਦੀ ਆਵਾਜਾਈ ਲਗਭਗ ਠੱਪ ਹੋ ਗਈ ਹੈ, ਜਿਸ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਅਨਿਸ਼ਚਿਤਤਾ ਬਣੀ ਹੋਈ ਹੈ। ਪ੍ਰਧਾਨ ਮੰਤਰੀ ਵੱਲੋਂ ਐਲਾਨੀ ਗਈ ਇਹ ਮੁਅੱਤਲੀ 20 ਅਪ੍ਰੈਲ ਤੋਂ ਪ੍ਰਭਾਵੀ ਹੋਵੇਗੀ ਅਤੇ 7 ਸਤੰਬਰ ਯਾਨੀ ਲੇਬਰ ਡੇਅ ਤੱਕ ਜਾਰੀ ਰਹੇਗੀ। ਮਾਹਿਰਾਂ ਅਨੁਸਾਰ ਇਹ ਕਦਮ ਆਮ ਜਨਤਾ ਦੇ ਨਾਲ-ਨਾਲ ਟ੍ਰਾਂਸਪੋਰਟ ਸੈਕਟਰ ਲਈ ਵੀ ਵੱਡੀ ਰਾਹਤ ਸਾਬਤ ਹੋ ਸਕਦਾ ਹੈ।

ਦੂਜੇ ਪਾਸੇ, ਵਿਰੋਧੀ ਧਿਰ ਦੇ ਨੇਤਾ ਪੀਅਰੇ ਪੌਇਲੀਵਰ ਨੇ ਸਰਕਾਰ ਦੇ ਇਸ ਕਦਮ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲਿਬਰਲ ਸਰਕਾਰ ਦੇ ਟੈਕਸ ਹੀ ਉਹ ਮੁੱਖ ਕਾਰਨ ਹਨ ਜਿਸ ਕਰਕੇ ਕੈਨੇਡਾ ਵਿੱਚ ਤੇਲ ਦੀਆਂ ਕੀਮਤਾਂ ਅਮਰੀਕਾ ਦੇ ਮੁਕਾਬਲੇ ਬਹੁਤ ਜ਼ਿਆਦਾ ਹਨ। ਪੌਇਲੀਵਰ ਨੇ ਮੰਗ ਕੀਤੀ ਸੀ ਕਿ ਸਰਕਾਰ ਨੂੰ ਨਾ ਸਿਰਫ਼ ਐਕਸਾਈਜ਼ ਟੈਕਸ, ਸਗੋਂ ਕਲੀਨ ਫਿਊਲ ਸਟੈਂਡਰਡ ਅਤੇ ਜੀ.ਐਸ.ਟੀ. ਸਰਚਾਰਜ ਵੀ ਹਟਾਉਣੇ ਚਾਹੀਦੇ ਹਨ, ਜਿਸ ਨਾਲ ਲੋਕਾਂ ਨੂੰ 25 ਸੈਂਟ ਪ੍ਰਤੀ ਲੀਟਰ ਦੀ ਹੋਰ ਬਚਤ ਹੋ ਸਕੇ। ਉਨ੍ਹਾਂ ਨੇ ਮਾਰਕ ਕਾਰਨੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਵੀ ਦੂਜੇ ਲਿਬਰਲ ਆਗੂਆਂ ਵਾਂਗ ਹੀ ਹਨ ਜੋ ਜਨਤਾ 'ਤੇ ਟੈਕਸਾਂ ਦਾ ਬੋਝ ਲੱਦਣ ਵਿੱਚ ਵਿਸ਼ਵਾਸ ਰੱਖਦੇ ਹਨ।

ਸੀ.ਏ.ਏ. (CAA) ਅਤੇ ਗੈਸ-ਬੱਡੀ (GasBuddy) ਦੇ ਤਾਜ਼ਾ ਅੰਕੜਿਆਂ ਅਨੁਸਾਰ, ਕੈਨੇਡਾ ਵਿੱਚ ਤੇਲ ਦੀ ਔਸਤ ਕੀਮਤ ਇਸ ਸਮੇਂ 1.73 ਡਾਲਰ ਤੋਂ 1.80 ਡਾਲਰ ਪ੍ਰਤੀ ਲੀਟਰ ਦੇ ਵਿਚਕਾਰ ਬਣੀ ਹੋਈ ਹੈ। ਭਾਵੇਂ ਪਿਛਲੇ ਕੁਝ ਦਿਨਾਂ ਵਿੱਚ ਕੀਮਤਾਂ ਵਿੱਚ ਮਾਮੂਲੀ ਗਿਰਾਵਟ ਆਈ ਹੈ, ਪਰ ਫਿਰ ਵੀ ਇਹ ਪਿਛਲੇ ਸਾਲ ਦੇ ਮੁਕਾਬਲੇ ਬਹੁਤ ਜ਼ਿਆਦਾ ਹਨ। ਪਿਛਲੇ ਸਾਲ ਇਸੇ ਸਮੇਂ ਤੇਲ ਦੀ ਕੀਮਤ 1.29 ਡਾਲਰ ਪ੍ਰਤੀ ਲੀਟਰ ਸੀ, ਜਦੋਂ ਕਿ ਸਿਰਫ਼ ਇੱਕ ਮਹੀਨਾ ਪਹਿਲਾਂ ਇਹ 1.53 ਡਾਲਰ ਸੀ। ਕੀਮਤਾਂ ਵਿੱਚ ਆਏ ਇਸ ਵੱਡੇ ਉਛਾਲ ਨੇ ਆਮ ਲੋਕਾਂ ਦੇ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ ਸਰਕਾਰ ਵੱਲੋਂ ਲਿਆ ਗਿਆ ਇਹ ਤਾਜ਼ਾ ਫੈਸਲਾ ਲੋਕਾਂ ਲਈ ਕੁਝ ਰਾਹਤ ਲੈ ਕੇ ਆ ਸਕਦਾ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਆਰਥਿਕ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ। This report was written by Divroop Kaur as part of the Local Journalism Initiative.

NEWTON DENTURE CLINIC INC.
Web: www.newtondentures.ca | Email: newtondentures@gmail.com
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ
"Over 20 years experience as Denturist"
- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।



BHUPINDER OBEROI
ਸਾਡਾ ਐਡਰੈੱਸ ਨੋਟ ਕਰੋ
604-864-8803
#3 32700 George Ferguson Way
Abbotsford, B.C. V1T 4V6
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Surrey (Kwantlen Square)
Unit # 105, 12568-72 Ave, Surrey
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE SIGHT TEST

# ਪ੍ਰੀਮੀਅਰ ਡੇਵਿਡ ਈਬੀ ਨੇ ਖਾਲਸਾ ਸਾਜਨਾ ਦਿਵਸ ਮੌਕੇ ਦਿੱਤੀ ਵਧਾਈ

## ਸਿੱਖ ਧਰਮ ਦਾ ਸੇਵਾ ਦਾ ਸਿਧਾਂਤ – ਨਿਰਸਵਾਰਥ ਸੇਵਾ – ਸਿੱਖ ਭਾਈਚਾਰੇ ਦੀ ਜ਼ਿੰਦਗੀ ਵਿੱਚ ਸਾਫ ਦਿਖਾਈ ਦਿੰਦਾ ਹੈ : ਪ੍ਰੀਮੀਅਰ ਈਬੀ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਭਰ ਵਿੱਚ ਵਿਸਾਖੀ ਦਾ ਪਵਿੱਤਰ ਤਿਉਹਾਰ ਅਤੇ ਸਿੱਖ ਵਿਰਾਸਤ ਮਹੀਨਾ ਬਹੁਤ ਹੀ ਉਤਸ਼ਾਹ ਅਤੇ ਭਾਈਚਾਰਕ ਸਾਂਝ ਨਾਲ ਮਨਾਇਆ ਜਾ ਰਿਹਾ ਹੈ। ਇਸ ਖਾਸ ਮੌਕੇ ‘ਤੇ ਸੂਬੇ ਦੀਆਂ ਸੜਕਾਂ ਰੰਗਾਂ, ਸੰਗੀਤ ਅਤੇ ਸ਼ਰਧਾ ਦੇ ਰੰਗ ਵਿੱਚ ਰੰਗੀਆਂ ਨਜ਼ਰ ਆ ਰਹੀਆਂ ਹਨ। “ਵਿਸਾਖੀ ਦਾ ਜਸ਼ਨ ਮਨਾਉਣ ਲਈ ਜਦੋਂ ਸਿੱਖ ਪਰਿਵਾਰ ਅਤੇ ਦੋਸਤ ਇਕੱਠੇ ਹੋਣਗੇ, ਤਾਂ ਬ੍ਰਿਟਿਸ਼ ਕੋਲੰਬੀਆ ਭਰ ਦੀਆਂ ਸੜਕਾਂ ਰੰਗ, ਸੰਗੀਤ ਅਤੇ ਭਾਈਚਾਰਕ ਭਾਵਨਾਵਾਂ ਨਾਲ ਰੌਣਕੀ ਹੋ ਜਾਣਗੀਆਂ। ਇਸ ਮੌਕੇ ਪ੍ਰੀਮੀਅਰ ਡੇਵਿਡ ਈਬੀ ਵਲੋਂ ਸਿੱਖ ਭਾਈਚਾਰੇ ਲਈ ਵਧਾਈ ਸੰਦੇਸ਼ ਜਾਰੀ ਕੀਤਾ ਗਿਆ ਉਨ੍ਹਾਂ ਕਿਹਾ ਕਿ “ਵਿਸਾਖੀ ਦਾ ਤਿਉਹਾਰ ਸਿੱਖ ਇਤਿਹਾਸ ਦੇ ਇੱਕ ਮਹੱਤਵਪੂਰਨ ਪਲ ਦਾ ਪ੍ਰਤੀਕ ਹੈ -1699 ਵਿੱਚ ਖਾਲਸਾ ਦੀ ਸਥਾਪਨਾ। ਇਹ ਸਿੱਖ ਕੈਲੰਡਰ ਦੇ ਸਭ ਤੋਂ ਪਵਿੱਤਰ ਅਤੇ ਖੁਸ਼ੀਆਂ-ਭਰੇ ਦਿਨਾਂ ਵਿੱਚੋਂ ਇੱਕ ਹੈ। ਇਸ ਦਿਨ



ਸਿੱਖ ਬਰਾਬਰੀ, ਹਿੰਮਤ ਅਤੇ ਦਿਆਲਤਾ ਦੀਆਂ ਉਨ੍ਹਾਂ ਕਦਰਾਂ-ਕੀਮਤਾਂ ’ਤੇ ਵਿਚਾਰ ਕਰਦੇ ਹਨ, ਜੋ ਅੱਜ ਵੀ ਸਿੱਖ ਭਾਈਚਾਰੇ ਦੀ ਰਹਿਨੁਮਾਈ ਕਰ ਰਹੀਆਂ ਹਨ।

“ਬ੍ਰਿਟਿਸ਼ ਕੋਲੰਬੀਆ ਭਾਰਤ ਤੋਂ ਬਾਹਰ ਸਿੱਖ ਭਾਈਚਾਰੇ ਦੀਆਂ ਸਭ ਤੋਂ ਵੱਡੀਆਂ ਅਬਾਦੀਆਂ ਵਿੱਚੋਂ ਇੱਕ ਦਾ ਘਰ ਹੈ, ਅਤੇ ਸਾਡਾ ਸੂਬਾ ਦੁਨੀਆ ਦੇ ਸਭ ਤੋਂ ਰੌਣਕਦਾਰ ਵਿਸਾਖੀ ਸਮਾਗਮਾਂ ਦੀ ਮੇਜ਼ਬਾਨੀ ਕਰਨ ’ਤੇ ਮਾਣ ਮਹਿਸੂਸ ਕਰਦਾ ਹੈ। ਗੁਰਦੁਆਰਿਆਂ ਵਿੱਚ ਭਾਈਚਾਰਕ-ਪੱਧਰ ਦੀਆਂ ਇਕੱਠਾਂ ਤੋਂ ਲੈ ਕੇ ਵੱਡੇ ਪੱਧਰ ਦੇ ਨਗਰ-ਕੀਰਤਨ ਤੱਕ, ਇਹ ਸਮਾਗਮ ਸਿੱਖ ਭਾਈਚਾਰੇ ਦੀ ਤਾਕਤ ਅਤੇ ਦਰਿਆਦਿਲੀ ਨੂੰ ਦਰਸਾਉਂਦੇ ਹਨ ਅਤੇ ਹਰ ਪਿਛੋਕੜ ਦੇ ਲੋਕਾਂ ਦਾ ਇਸ ਜਸ਼ਨ ਵਿੱਚ ਹਿੱਸਾ ਲੈਣ ਲਈ ਖੁੱਲ੍ਹੇ ਦਿਲ ਨਾਲ ਸਵਾਗਤ ਕਰਦੇ ਹਨ।

“ਸਿੱਖ ਧਰਮ ਦਾ ਸੇਵਾ ਦਾ ਸਿਧਾਂਤ – ਨਿਰਸਵਾਰਥ ਸੇਵਾ – ਬ੍ਰਿਟਿਸ਼ ਕੋਲੰਬੀਆ ਭਰ ਦੇ ਭਾਈਚਾਰੀਆਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਸਾਫ ਦਿਖਾਈ ਦਿੰਦਾ ਹੈ, ਚਾਹੇ ਉਹ ਸੇਵਾ-ਕਾਰਜਾਂ ਰਾਹੀਂ ਹੋਵੇ, ਦਾਨੀ ਕੰਮਾਂ ਰਾਹੀਂ ਜਾਂ ਗੁਆਂਢੀਆਂ ਦੀ ਸੰਭਾਲ ਕਰਨ ਰਾਹੀਂ ਹੋਵੇ। ਵਿਸਾਖੀ ਸਾਨੂੰ ਦੂਜਿਆਂ ਦੀ ਸੇਵਾ ਕਰਨ ਦੀ ਇਸ ਲੰਮੇ ਸਮੇਂ ਦੀ ਵਚਨਬੱਧਤਾ ਦੀ ਮਜ਼ਬੂਤ ਯਾਦ ਦਿਵਾਉਂਦੀ ਹੈ।

“ਅਸੀਂ ਸਿੱਖ ਵਿਰਾਸਤ ਮਹੀਨਾ ਵੀ ਮਨਾ ਰਹੇ ਹਾਂ। ਇਸ ਦੌਰਾਨ ਅਸੀਂ ਉਨ੍ਹਾਂ ਅਨੇਕਾਂ ਤਰੀਕਿਆਂ ਨੂੰ ਮਾਨਤਾ ਦਿੰਦੇ ਅਤੇ ਸਲਾਹੁੰਦੇ ਹਾਂ, ਜਿਨ੍ਹਾਂ ਰਾਹੀਂ ਬ੍ਰਿਟਿਸ਼ ਕੋਲੰਬੀਆ ਦੇ ਸਿੱਖ ਨਿਵਾਸੀਆਂ ਨੇ ਕਾਰੋਬਾਰ, ਲੋਕ ਸੇਵਾ, ਕਲਾ ਅਤੇ ਭਾਈਚਾਰਕ ਅਗਵਾਈ ਵਿੱਚ ਯੋਗਦਾਨ ਪਾ ਕੇ ਸਾਡੇ ਸੂਬੇ ਨੂੰ ਆਕਾਰ ਦੇਣ ਵਿੱਚ ਮਦਦ ਕੀਤੀ ਹੈ। “ਇਸ ਤਿਉਹਾਰ ਨੂੰ ਮਨਾ ਰਹੇ ਸਾਰੇ ਲੋਕਾਂ ਨੂੰ ਮੇਰੇ ਵੱਲੋਂ ਇੱਕ ਖੁਸ਼ਹਾਲ ਅਤੇ ਅਰਥਪੂਰਨ ਵਿਸਾਖੀ ਦੀਆਂ ਸ਼ੁਭਕਾਮਨਾਵਾਂ।

# ਕੈਨੇਡੀਅਨ ਕੰਜ਼ਰਵੇਟਿਵ ਪਾਰਟੀ ਵਿੱਚ ਅੰਦਰੂਨੀ ਖਿੱਚੋਤਾਣ ਵਧੀ

## ਪੀਅਰ ਪੋਲੀਵੀਅਰ ਦੀ ਅਗਵਾਈ ਹੇਠ ਇਕਜੁੱਟ ਹੈ ਕੰਜ਼ਰਵੇਟਿਵ ਕਾਕਸ, ਅਗਲੀਆਂ ਚੋਣਾਂ ਤੱਕ ਪੋਲੀਵੀਅਰ ਹੀ ਰਹਿਣਗੇ ਪਾਰਟੀ ਦੇ ਮੁੱਖ ਆਗੂ : ਐਂਡਰਿਊ ਸ਼ੀਅਰ

ਸਰੀ, (ਦਿਵਰੂਪ ਕੌਰ): ਕੈਨੇਡਾ ਦੀ ਮੁੱਖ ਵਿਰੋਧੀ ਧਿਰ, ਕੰਜ਼ਰਵੇਟਿਵ ਪਾਰਟੀ ਦੇ ਅੰਦਰ ਇਸ ਸਮੇਂ ਲੀਡਰਸ਼ਿਪ ਨੂੰ ਲੈ ਕੇ ਚਰਚਾਵਾਂ ਦਾ ਬਾਜ਼ਾਰ ਗਰਮ ਹੈ। ਪਾਰਟੀ ਦੇ ਨੇਤਾ ਪਿਅਰੇ ਪੋਲੀਵਰੇ ਦੀ ਅਗਵਾਈ ਨੂੰ ਲੈ ਕੇ ਉੱਠ ਰਹੇ ਸਵਾਲਾਂ ਦੇ ਵਿਚਕਾਰ, ਕਈ ਪ੍ਰਮੁੱਖ ਸੰਸਦ ਮੈਂਬਰਾਂ ਨੇ ਉਹਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ। ਬੀਤੇ ਦਿਨੀਂ ਕਾਕਸ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਜਾਂਦੇ ਸਮੇਂ ਕਈ ਐਮਪੀਜ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਉਹ ਪੂਰੀ ਤਰ੍ਹਾਂ ਆਪਣੇ ਨੇਤਾ ਦੇ ਨਾਲ ਖੜ੍ਹੇ ਹਨ। ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪਾਰਟੀ ਦੇ ਅੰਦਰੂਨੀ ਹਾਲਾਤਾਂ ਅਤੇ ਭਵਿੱਖ ਦੀ ਰਣਨੀਤੀ ਨੂੰ ਲੈ ਕੇ ਸਿਆਸੀ ਹਲਕਿਆਂ ਵਿੱਚ ਕਈ ਤਰ੍ਹਾਂ ਦੀਆਂ ਕਿਆਸਅਰਾਈਆਂ ਲਗਾਈਆਂ ਜਾ ਰਹੀਆਂ ਹਨ। ਪੋਲੀਵਰੇ ਦੀ ਕਾਰਜਸ਼ੈਲੀ ਅਤੇ ਪਾਰਟੀ ਨੂੰ ਇਕਜੁੱਟ ਰੱਖਣ ਦੀ ਸਮਰੱਥਾ ਉੱਤੇ ਉੱਠ ਰਹੇ ਸਵਾਲਾਂ ਦਾ ਜਵਾਬ ਦਿੰਦਿਆਂ ਐਮਪੀਜ਼ ਨੇ ਉਹਨਾਂ ਨੂੰ ਇੱਕ ਮਜ਼ਬੂਤ ਅਤੇ ਕਾਬਲ ਆਗੂ ਕਰਾਰ ਦਿੱਤਾ ਹੈ।

ਸੰਸਦ ਮੈਂਬਰ ਐਂਡਰਿਊ ਲਾਅਟਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਅਰੇ ਪੋਲੀਵਰੇ ਬਹੁਤ ਸ਼ਾਨਦਾਰ ਕੰਮ ਕਰ ਰਹੇ ਹਨ ਅਤੇ ਪਾਰਟੀ ਦੇ ਆਮ ਮੈਂਬਰਾਂ ਵਿੱਚ ਉਹਨਾਂ ਦੀ ਲੋਕਪ੍ਰਿਯਤਾ ਬਰਕਰਾਰ ਹੈ। ਉਹਨਾਂ ਨੇ ਹਾਲ ਹੀ ਵਿੱਚ ਹੋਏ ਪਾਰਟੀ ਕਨਵੈਨਸ਼ਨ ਦਾ



ਹਵਾਲਾ ਦਿੰਦੇ ਹੋਏ ਕਿਹਾ ਕਿ ਉੱਥੇ ਪੋਲੀਵਰੇ ਨੂੰ ਮੈਂਬਰਾਂ ਵੱਲੋਂ ਭਰਵਾਂ ਸਮਰਥਨ ਮਿਲਿਆ ਸੀ।

ਲਾਅਟਨ ਅਨੁਸਾਰ ਪਾਰਟੀ ਦੇ ਅੰਦਰ ਕਿਸੇ ਵੀ ਤਰ੍ਹਾਂ ਦਾ ਕੋਈ ਵੱਡਾ ਮਤਭੇਦ ਨਹੀਂ ਹੈ ਅਤੇ ਸਾਰੇ ਮੈਂਬਰ ਪੋਲੀਵਰੇ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਡਿਪਟੀ ਲੀਡਰ ਮੇਲਿਸਾ ਲੈਂਟਸਮੈਨ ਅਤੇ ਹਾਊਸ ਲੀਡਰ ਐਂਡਰਿਊ ਸ਼ੀਅਰ ਨੇ ਵੀ ਪੋਲੀਵਰੇ ਦੇ ਹੱਕ ਵਿੱਚ ਸਟੈਂਡ ਲੈਂਦਿਆਂ ਕਿਹਾ ਕਿ ਪੂਰਾ ਕਾਕਸ ਆਪਣੇ ਨੇਤਾ ਦੇ ਪਿੱਛੇ ਚਟਾਨ ਵਾਂਗ ਖੜ੍ਹਾ ਹੈ। ਉਹਨਾਂ ਦਾ ਮੰਨਣਾ ਹੈ ਕਿ ਪਾਰਟੀ ਦੇ ਅੰਦਰ ਅਨੁਸ਼ਾਸਨ ਬਣਿਆ ਹੋਇਆ ਹੈ ਅਤੇ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਹ ਪੂਰੀ ਤਰ੍ਹਾਂ ਤਿਆਰ ਹਨ।

ਦੂਜੇ ਪਾਸੇ, ਲਿਬਰਲ ਸਰਕਾਰ ਦੇ ਏਆਈ ਮੰਤਰੀ ਇਵਾਨ ਸੋਲੋਮਨ ਨੇ ਇਸ ਸਥਿਤੀ ‘ਤੇ ਟਿੱਪਣੀ ਕਰਦਿਆਂ ਸਿਆਸੀ ਮਾਹੌਲ ਨੂੰ ਹੋਰ ਗਰਮ ਕਰ ਦਿੱਤਾ ਹੈ। ਸੋਲੋਮਨ, ਜਿਨ੍ਹਾਂ ਨੇ ਹਾਲ ਹੀ ਵਿੱਚ ਮਾਰਲਿਨ ਗਲੇਡੂ ਨੂੰ ਲਿਬਰਲ ਪਾਰਟੀ ਵਿੱਚ ਲਿਆਉਣ ਲਈ ਅਹਿਮ ਭੂਮਿਕਾ ਨਿਭਾਈ ਸੀ, ਨੇ ਦਾਅਵਾ ਕੀਤਾ ਹੈ ਕਿ ਲਿਬਰਲ ਪਾਰਟੀ ਕਈ ਹੋਰ ਕੰਜ਼ਰਵੇਟਿਵ ਮੈਂਬਰਾਂ ਨਾਲ ਸੰਪਰਕ ਵਿੱਚ ਹੈ। ਉਹਨਾਂ ਦੇ ਅਨੁਸਾਰ, ਕਈ ਮੈਂਬਰ ਮੌਜੂਦਾ ਵਿਰੋਧੀ ਧਿਰ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਹਨ ਅਤੇ ਉਹ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਨ ਦੇ ਇੱਛੁਕ ਹਨ। ਜੇਕਰ ਆਉਣ ਵਾਲੇ ਦਿਨਾਂ ਵਿੱਚ ਹੋਰ ਮੈਂਬਰ ਪਾਰਟੀ ਬਦਲਦੇ ਹਨ, ਤਾਂ ਪੋਲੀਵਰੇ ਲਈ ਆਪਣੀ ਕੁਰਸੀ ਬਚਾਉਣੀ ਇੱਕ ਵੱਡੀ ਚੁਣੌਤੀ ਬਣ ਸਕਦੀ ਹੈ। ਇਹ ਸਥਿਤੀ ਕੈਨੇਡੀਅਨ ਰਾਜਨੀਤੀ ਵਿੱਚ ਇੱਕ ਨਵੇਂ ਮੋੜ ਵੱਲ ਇਸ਼ਾਰਾ ਕਰ ਰਹੀ ਹੈ ਜਿੱਥੇ ਜੋੜ-ਤੋੜ ਦੀ ਸਿਆਸਤ ਭਾਰੂ ਹੁੰਦੀ ਨਜ਼ਰ ਆ ਰਹੀ ਹੈ। This report was written by Divroop Kaur as part of the Local Journalism Initiative.

# ਚਿਲੀਵੈਕ ਵਿੱਚ ਦੀ ਡਰੱਗ ਲੈਬ ਦਾ ਪਰਦਾਫਾਸ਼, 9 ਲੱਖ ਤੋਂ ਵੱਧ ਨਸ਼ੀਲੀਆਂ ਖੁਰਾਕਾਂ ਜ਼ਬਤ

ਸਰੀ, (ਦਿਵਰੂਪ ਕੌਰ): ਆਰਸੀਐਮਪੀ (RCMP) ਨੇ ਚਿਲੀਵੈਕ ਵਿੱਚ ਇੱਕ ਵੱਡੀ ਅਤੇ ਗੁਪਤ ਡਰੱਗ ਲੈਬ ਉੱਤੇ ਕੀਤੀ ਗਈ ਕਾਰਵਾਈ ਦੇ ਵੇਰਵੇ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਪਿਛਲੇ ਸਾਲ 2 ਅਕਤੂਬਰ ਨੂੰ ਪੁਲਿਸ ਨੇ ਸਾਊਥ ਸੁਮਾਸ ਰੋਡ ਸਥਿਤ ਇੱਕ ਲੈਬ, ਕਈ ਘਰਾਂ ਅਤੇ ਸਟੋਰੇਜ ਲੌਕਰਾਂ ਦੀ ਤਲਾਸ਼ੀ ਲਈ ਸੀ। ਇਸ ਛਾਪੇਮਾਰੀ ਦੌਰਾਨ ਵੱਡੀ ਮਾਤਰਾ ਵਿੱਚ ਘਾਤਕ ਨਸ਼ੀਲੇ ਪਦਾਰਥ ਅਤੇ ਕੈਮੀਕਲ ਬਰਾਮਦ ਕੀਤੇ ਗਏ ਸਨ। ਪੁਲਿਸ ਅਨੁਸਾਰ ਇਹ ਲੈਬ ਸੰਗਠਿਤ ਅਪਰਾਧ ਦਾ ਹਿੱਸਾ ਸੀ ਅਤੇ ਇੱਥੋਂ ਤਿਆਰ ਹੋਣ ਵਾਲਾ ਨਸ਼ਾ ਸਮਾਜ ਲਈ ਬਹੁਤ ਵੱਡਾ ਖਤਰਾ ਪੈਦਾ ਕਰ ਰਿਹਾ ਸੀ। ਇਸ ਮੁਹਿੰਮ ਵਿੱਚ ਆਰਸੀਐਮਪੀ ਦੇ ਵਿਸ਼ੇਸ਼ ਯੂਨਿਟਾਂ ਅਤੇ ਸਹਿਯੋਗੀ ਏਜੰਸੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ।





ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚ 39.31 ਕਿਲੋਗ੍ਰਾਮ ਫੈਂਟਾਨਿਲ ਅਤੇ ਇਸ ਦੇ ਵੱਖ-ਵੱਖ ਮਿਸ਼ਰਣ ਸ਼ਾਮਲ ਹਨ, ਜੋ ਕਿ ਲਗਭਗ 391,100 ਖੁਰਾਕਾਂ ਦੇ ਬਰਾਬਰ ਮੰਨੇ ਜਾਂਦੇ ਹਨ। ਇਸ ਤੋਂ ਇਲਾਵਾ 43.09 ਕਿਲੋਗ੍ਰਾਮ ਮਿਥਾਈਲ-ਮੈਥਕੈਥੀਨੋਨ, 2.9 ਕਿਲੋਗ੍ਰਾਮ ਮੈਥਾਮਫੇਟਾਮਾਈਨ ਅਤੇ 3.96 ਕਿਲੋਗ੍ਰਾਮ ਐਮਡੀਐਮਏ (MDMA) ਦੇ ਨਾਲ 3,766 ਨਸ਼ੀਲੀਆਂ ਗੋਲੀਆਂ ਵੀ ਮਿਲੀਆਂ ਹਨ। ਜਾਂਚ ਦੌਰਾਨ 5,000 ਕਿਲੋਗ੍ਰਾਮ ਤੋਂ ਵੱਧ ਅਜਿਹੇ ਕੈਮੀਕਲ ਵੀ ਜ਼ਬਤ ਕੀਤੇ ਗਏ ਹਨ ਜੋ ਨਸ਼ਾ ਤਿਆਰ ਕਰਨ ਲਈ ਵਰਤੇ ਜਾਂਦੇ ਸਨ। ਲੈਬ ਵਿੱਚੋਂ ਮਸ਼ੀਨਾਂ, ਕੱਚ ਦੇ ਭਾਂਡੇ, ਮਿਕਸਰ ਅਤੇ ਗੋਲੀਆਂ ਬਣਾਉਣ ਵਾਲੀ ਪ੍ਰੈਸ ਵਰਗਾ ਆਧੁਨਿਕ ਸਾਮਾਨ ਬਰਾਮਦ ਹੋਇਆ ਹੈ। ਨਵੰਬਰ ਵਿੱਚ ਪੁਲਿਸ ਨੇ 50.47 ਕਿਲੋਗ੍ਰਾਮ ਹੋਰ ਫੈਂਟਾਨਿਲ ਵੀ ਜ਼ਬਤ ਕੀਤੀ ਸੀ।

ਇਸ ਮਾਮਲੇ ਵਿੱਚ ਪੁਲਿਸ ਨੇ ਦੋ ਵਿਅਕਤੀਆਂ, 35 ਸਾਲਾ ਜਸਟਿਨ ਫੌਥ ਅਤੇ 37 ਸਾਲਾ ਕਾਰਲੋਸ ਮਾਰਟੀਨੇਜ਼ ਨੂੰ ਗ੍ਰਿਫ਼ਤਾਰ ਕੀਤਾ ਹੈ। 3 ਅਕਤੂਬਰ ਨੂੰ ਕੈਨੇਡਾ ਦੀ ਪਬਲਿਕ ਪ੍ਰੋਸੀਕਿਊਸ਼ਨ ਸਰਵਿਸ ਨੇ ਦੋਵਾਂ ਵਿਰੁੱਧ ਨਸ਼ੀਲੇ ਪਦਾਰਥਾਂ ਦੇ ਉਤਪਾਦਨ ਅਤੇ ਤਸਕਰੀ ਦੇ ਦੋਸ਼ਾਂ ਤਹਿਤ ਕਾਨੂੰਨੀ ਕਾਰਵਾਈ ਨੂੰ ਹਰੀ ਝੰਡੀ ਦੇ ਦਿੱਤੀ ਸੀ। ਆਰਸੀਐਮਪੀ ਅਨੁਸਾਰ ਦੋਵੇਂ ਮੁਲਜ਼ਮ ਇਸ ਸਮੇਂ ਹਿਰਾਸਤ ਵਿੱਚ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੀਆਂ ਕਾਰਵਾਈਆਂ ਰਾਹੀਂ ਨਸ਼ਾ ਤਸਕਰਾਂ ਦੇ ਨੈੱਟਵਰਕ ਨੂੰ ਤੋੜਨਾ ਉਹਨਾਂ ਦੀ ਮੁੱਖ ਤਰਜੀਹ ਹੈ ਤਾਂ ਜੋ ਕਮਿਊਨਿਟੀ ਨੂੰ ਨਸ਼ਿਆਂ ਦੀ ਮਾਰ ਤੋਂ ਬਚਾਇਆ ਜਾ ਸਕੇ।

ਇੰਨੀ ਵੱਡੀ ਪੱਧਰ ‘ਤੇ ਚੱਲ ਰਹੀ ਡਰੱਗ ਲੈਬ ਨੂੰ ਸਾਫ਼ ਕਰਨਾ ਬਹੁਤ ਹੀ ਜੋਖਮ ਭਰਿਆ ਕੰਮ ਸੀ। ਇਸ ਲਈ ਹੈਲਥ ਕੈਨੇਡਾ ਦੇ ਕੈਮਿਸਟਾਂ ਅਤੇ ਆਰਸੀਐਮਪੀ ਦੀ ਕਲੀਅਰ (CLEAR) ਟੀਮ ਦੀ ਮਦਦ ਲਈ ਗਈ ਤਾਂ ਜੋ ਜਾਂਚਕਰਤਾਵਾਂ ਅਤੇ ਆਮ ਜਨਤਾ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਮੌਕੇ ਉੱਤੇ ਇੱਕ ਬਹੁਤ ਹੀ ਖਤਰਨਾਕ ਕੈਮੀਕਲ ਹੋਣ ਕਾਰਨ ਬ੍ਰਿਟਿਸ਼ ਕੋਲੰਬੀਆ ਤੋਂ ਬਾਹਰੋਂ ਮਾਹਿਰਾਂ ਨੂੰ ਸੱਦਣਾ ਪਿਆ। ਇਸ ਪੂਰੀ ਕਾਰਵਾਈ ਅਤੇ ਲੈਬ ਨੂੰ ਨਸ਼ਟ ਕਰਨ ‘ਤੇ ਲੱਖਾਂ ਡਾਲਰਾਂ ਦਾ ਖਰਚਾ ਆਇਆ ਹੈ। ਸੀਐਫਐਸਈਯੂ-ਬੀਸੀ (CFSEU-BC) ਦੇ ਸੁਪਰਡੈਂਟ ਗੈਰੀ ਹਿਆਰ ਨੇ ਕਿਹਾ ਕਿ ਅਜਿਹੇ ਅਪਰਾਧੀ ਸਮਾਜ ਲਈ ਗੰਭੀਰ ਖਤਰਾ ਹਨ ਅਤੇ ਉਹਨਾਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ। This report was written by Divroop Kaur as part of the Local Journalism Initiative.

# ਨਿਊਟਨ ਸੈਂਟਰ ਵਿੱਚ 310 ਮਿਲੀਅਨ ਡਾਲਰ ਨਾਲ ਦੇ ਨਿਵੇਸ਼ ਦਾ ਐਲਾਨ

## 30 ਸਾਲਾ ਲਈ ਯੋਜਨਾ ਤਿਆਰ

ਸਰੀ, (ਦਿਵਰੂਪ ਕੌਰ): ਸਰੀ ਸਿਟੀ ਕੌਂਸਲ ਨੇ ਸੋਮਵਾਰ ਨੂੰ ਇੱਕ ਅਹਿਮ ਮੀਟਿੰਗ ਦੌਰਾਨ 'ਨਿਊਟਨ ਸੈਂਟਰ ਮਾਸਟਰ ਡਿਵੈਲਪਮੈਂਟ ਪਲਾਨ' ਨੂੰ ਆਪਣੀ ਰਸਮੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਵਿਸ਼ਾਲ ਯੋਜਨਾ ਕਿੰਗ ਜਾਰਜ ਬੁਲੇਵਾਰਡ ਅਤੇ 72 ਐਵੇਨਿਊ ਦੇ ਚੌਰਾਹੇ 'ਤੇ ਸਥਿਤ ਲਗਭਗ 40 ਏਕੜ ਜ਼ਮੀਨ ਦੇ ਮੁਕੰਮਲ ਰੂਪਾਂਤਰਣ 'ਤੇ ਕੇਂਦਰਿਤ ਹੈ। ਇਸ ਜ਼ਮੀਨ ਵਿੱਚੋਂ 35 ਏਕੜ ਹਿੱਸਾ ਸਰੀ ਸ਼ਹਿਰ ਦੀ ਮਲਕੀਅਤ ਹੈ, ਜਦੋਂ ਕਿ 5 ਏਕੜ ਜ਼ਮੀਨ ਟ੍ਰਾਂਸਲਿੰਕ ਦੇ ਅਧੀਨ ਆਉਂਦੀ ਹੈ। ਕੌਂਸਲ ਦਾ ਇਹ ਫੈਸਲਾ ਇਸ ਖੇਤਰ ਵਿੱਚ ਭਵਿੱਖ ਦੇ ਵਿਕਾਸ ਨੂੰ ਨਿਰਧਾਰਤ ਕਰਨ ਲਈ ਇੱਕ 'ਰਣਨੀਤਕ ਢਾਂਚਾ' ਸਥਾਪਤ ਕਰੇਗਾ, ਜੋ ਆਉਣ ਵਾਲੇ ਕਈ ਦਹਾਕਿਆਂ ਤੱਕ ਨਿਊਟਨ ਦੀ ਤਸਵੀਰ ਬਦਲ ਕੇ ਰੱਖ ਦੇਵੇਗਾ।

**ਕਿੰਗ ਜਾਰਜ ਅਤੇ 72 ਐਵੇਨਿਊ 'ਤੇ ਬਣੇਗਾ ਆਧੁਨਿਕ 'ਟ੍ਰਾਂਜ਼ਿਟ ਵਿਲੇਜ'**

ਇਸ ਮਾਸਟਰ ਪਲਾਨ ਨੂੰ ਲੈ ਕੇ ਸਰੀ ਸਿਟੀ ਡਿਵੈਲਪਮੈਂਟ ਕਾਰਪੋਰੇਸ਼ਨ (SCDC) ਦੇ ਪ੍ਰਧਾਨ ਅਤੇ ਸੀ.ਈ.ਓ. ਬਿਲ ਔਜਲਾ ਅਤੇ ਰੀਅਲ ਅਸਟੇਟ ਡਾਇਰੈਕਟਰ ਅੰਬਰ ਓਸਾਦਨ-ਉਲਮੈਨ ਨੇ ਕੌਂਸਲ ਦੇ ਸਾਹਮਣੇ ਇੱਕ ਵਿਸਤ੍ਰਿਤ ਪੇਸ਼ਕਾਰੀ ਦਿੱਤੀ। ਬਿਲ ਔਜਲਾ ਨੇ ਇਸ ਸਾਈਟ ਲਈ ਇੱਕ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਦਾ ਵਰਣਨ ਕਰਦਿਆਂ ਕਿਹਾ ਕਿ ਇਸ ਜਨਤਕ ਜ਼ਮੀਨ ਨੂੰ ਇੱਕ ਜੀਵੰਤ ਅਤੇ ਟ੍ਰਾਂਜ਼ਿਟ-ਓਰੀਐਂਟਿਡ ਕਮਿਊਨਿਟੀ ਵਿੱਚ ਤਬਦੀਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ 77 ਸਫ਼ਿਆਂ ਦਾ ਵਿਆਪਕ ਪਲਾਨ ਪਿਛਲੇ ਕਈ ਸਾਲਾਂ ਦੀ ਸਖ਼ਤ ਮਿਹਨਤ ਅਤੇ ਯੋਜਨਾਬੰਦੀ ਦਾ ਸਿੱਟਾ ਹੈ। ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਇਲਾਕੇ ਵਿੱਚ ਰਿਹਾਇਸ਼ੀ ਘਰਾਂ ਦੀ ਵਿਭਿੰਨਤਾ, ਆਧੁਨਿਕ ਨਾਗਰਿਕ ਸਹੂਲਤਾਂ ਅਤੇ ਸਥਾਨਕ ਵਪਾਰਕ ਥਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਹੈ।



ਔਜਲਾ ਨੇ ਸਪੱਸ਼ਟ ਕੀਤਾ ਕਿ ਅੱਜ ਦੀ ਪ੍ਰਵਾਨਗੀ ਮੇਅਰ ਅਤੇ ਕੌਂਸਲ ਵੱਲੋਂ ਜ਼ਮੀਨ ਦੇ ਮਾਲਕ ਵਜੋਂ ਦਿੱਤੀ ਗਈ ਹੈ। ਅਗਲੇ ਪੜਾਵਾਂ ਵਿੱਚ ਵੱਖ-ਵੱਖ ਸਾਈਟਾਂ ਦੀ ਜ਼ੋਨਿੰਗ ਨੂੰ ਬਦਲਣ ਦੀ ਪ੍ਰਕਿਰਿਆ ਪੜਾਅਵਾਰ ਤਰੀਕੇ ਨਾਲ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਅਨੁਮਾਨ ਲਗਾਇਆ ਕਿ ਮਾਰਕੀਟ ਦੀਆਂ ਸਥਿਤੀਆਂ ਅਤੇ ਹੋਰ ਤਕਨੀਕੀ ਪਹਿਲੂਆਂ ਨੂੰ ਦੇਖਦੇ ਹੋਏ ਇਸ ਪੂਰੇ ਪ੍ਰੋਜੈਕਟ ਨੂੰ ਮੁਕੰਮਲ ਹੋਣ ਵਿੱਚ 30 ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਰ ਪੜਾਅ 'ਤੇ ਰੈਗੂਲੇਟਰੀ ਪ੍ਰਵਾਨਗੀ ਲਈ ਉਹ ਮੁੜ ਕੌਂਸਲ ਕੋਲ ਆਉਣਗੇ, ਜਿਵੇਂ ਕਿ ਕੋਈ ਵੀ ਹੋਰ ਜ਼ਮੀਨ ਮਾਲਕ ਆਮ ਤੌਰ 'ਤੇ ਕਰਦਾ ਹੈ। ਇਹ ਲੰਬੇ ਸਮੇਂ ਦਾ ਨਿਵੇਸ਼ ਨਿਊਟਨ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਮਦਦਗਾਰ ਹੋਵੇਗਾ।

ਯੋਜਨਾ ਦੀ ਰੂਪ ਰੇਖਾ ਪੇਸ਼ ਕਰਦਿਆਂ ਅੰਬਰ ਓਸਾਦਨ-ਉਲਮੈਨ ਨੇ ਦੱਸਿਆ ਕਿ ਇਸ ਵਿੱਚ 310 ਮਿਲੀਅਨ ਡਾਲਰ ਦੀ ਲਾਗਤ ਨਾਲ ਬਣਨ ਵਾਲਾ ਇੱਕ ਅਤਿ-ਆਧੁਨਿਕ ਕਮਿਊਨਿਟੀ ਸੈਂਟਰ ਸ਼ਾਮਲ ਹੋਵੇਗਾ।

ਇਸ ਤੋਂ ਇਲਾਵਾ ਸੜਕਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਟ੍ਰਾਂਸਲਿੰਕ ਦਾ ਇੱਕ ਰੈਪਿਡ ਬੱਸ ਟ੍ਰਾਂਜ਼ਿਟ ਸਟੇਸ਼ਨ ਵੀ ਇਸ ਦਾ ਹਿੱਸਾ ਹੋਵੇਗਾ। ਇਹ ਯੋਜਨਾ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਜਿਵੇਂ ਕਿ SCDC, ਟ੍ਰਾਂਸਲਿੰਕ ਅਤੇ ਸਰੀ ਸ਼ਹਿਰ ਵਿਚਕਾਰ ਬਿਹਤਰ ਤਾਲਮੇਲ ਦਾ ਨਤੀਜਾ ਹੈ।

ਇਸ ਪਲਾਨ ਰਾਹੀਂ ਵਿਕਾਸ ਦੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੁੱਲ੍ਹਣਗੇ ਅਤੇ ਨਿਵੇਸ਼ਕਾਂ ਵਿੱਚ ਭਰੋਸਾ ਪੈਦਾ ਹੋਵੇਗਾ। ਇਸ ਪ੍ਰੋਜੈਕਟ ਤਹਿਤ 2,200 ਨਵੇਂ ਘਰ ਬਣਾਏ ਜਾਣ ਦੀ ਸੰਭਾਵਨਾ ਹੈ, ਜਿਨ੍ਹਾਂ ਵਿੱਚ ਲਗਭਗ 4,000 ਵਸਨੀਕ ਰਹਿ ਸਕਣਗੇ। ਨਾਲ ਹੀ 150,000 ਵਰਗ ਫੁੱਟ ਦਾ ਵਪਾਰਕ ਖੇਤਰ ਵੀ ਵਿਕਸਤ ਕੀਤਾ ਜਾਵੇਗਾ।

ਪ੍ਰੋਜੈਕਟ ਦਾ ਪਹਿਲਾ ਪੜਾਅ ਪੁਰਾਣੀ ਰੋਨਾ (Rona) ਸਾਈਟ 'ਤੇ 'ਕਿੰਗ ਜਾਰਜ ਟ੍ਰਾਂਜ਼ਿਟ ਵਿਲੇਜ' ਵਜੋਂ ਸ਼ੁਰੂ ਹੋਵੇਗਾ। ਇਹ ਹਿੱਸਾ ਪੂਰਬ ਵਿੱਚ ਕਿੰਗ ਜਾਰਜ, ਉੱਤਰ ਵਿੱਚ 70B ਐਵੇਨਿਊ, ਪੱਛਮ ਵਿੱਚ 135 ਸਟ੍ਰੀਟ ਅਤੇ ਦੱਖਣ ਵਿੱਚ 'ਦਿ ਬ੍ਰਿਕ' ਨਾਲ ਘਿਰਿਆ ਹੋਇਆ ਹੈ। ਮੇਅਰ ਬ੍ਰੈਂਡਾ ਲੌਕ ਨੇ ਇਸ ਪੇਸ਼ਕਾਰੀ ਤੋਂ ਬਾਅਦ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਇੱਕ ਬਹੁਤ ਹੀ ਉਤਸ਼ਾਹਜਨਕ ਕਦਮ ਹੈ। ਉਨ੍ਹਾਂ ਕਿਹਾ ਕਿ ਨਿਊਟਨ ਸਰੀ ਦਾ ਸਭ ਤੋਂ ਵੱਡਾ ਟਾਊਨ ਸੈਂਟਰ ਹੈ ਅਤੇ ਇਸ ਇਲਾਕੇ ਵੱਲ ਖਾਸ ਧਿਆਨ ਦੇਣਾ ਸ਼ਹਿਰ ਦੇ ਵਿਕਾਸ ਲਈ ਬਹੁਤ ਜ਼ਰੂਰੀ ਹੈ। ਮੇਅਰ ਨੇ ਇਸ ਨੂੰ 'ਫੋਕਸ ਨਿਊਟਨ' ਮੁਹਿੰਮ ਦੀ ਇੱਕ ਵੱਡੀ ਸਫਲਤਾ ਵਜੋਂ ਦੇਖਿਆ ਜੋ ਕੁਝ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ। ਕੌਂਸਲ ਦੇ ਇਸ ਫੈਸਲੇ ਨਾਲ ਨਿਊਟਨ ਇਲਾਕੇ ਵਿੱਚ ਜਿੱਥੇ ਰਿਹਾਇਸ਼ੀ ਸਮੱਸਿਆਵਾਂ ਹੱਲ ਹੋਣਗੀਆਂ, ਉੱਥੇ ਹੀ ਨਵੇਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ।

This report was written by Divroop Kaur as part of the Local Journalism Initiative.

# ਅਖੰਡ ਕੀਰਤਨੀ ਜਥੇ ਵੱਲੋਂ ਭਾਈ ਮਨਪ੍ਰੀਤ ਸਿੰਘ ਕਾਨਪੁਰੀ ਅਣਮਿੱਥੇ ਸਮੇਂ ਲਈ ਬਰਖ਼ਾਸਤ

ਅੰਮ੍ਰਿਤਸਰ: ਅਖੰਡ ਕੀਰਤਨੀ ਜਥਾ ਵਿਸ਼ਵਵਿਆਪੀ 31 ਮੈਂਬਰੀ ਕਮੇਟੀ ਵੱਲੋਂ ਇੱਕ ਅਹਿਮ ਫੈਸਲਾ ਲੈਂਦਿਆਂ ਪ੍ਰਸਿੱਧ ਕੀਰਤਨੀਏ ਭਾਈ ਮਨਪ੍ਰੀਤ ਸਿੰਘ ਕਾਨਪੁਰੀ ਨੂੰ ਜਥੇ ਵਿੱਚੋਂ ਅਣਮਿੱਥੇ ਸਮੇਂ ਲਈ ਤੁਰੰਤ ਪ੍ਰਭਾਵ ਨਾਲ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਪੰਜ ਸਿੰਘਾਂ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਅਤੇ ਜਥੇ ਦੀ ਪੁਰਾਤਨ ਮਰਯਾਦਾ ਨੂੰ ਠੇਸ ਪਹੁੰਚਾਉਣ ਦੇ ਦੋਸ਼ਾਂ ਤਹਿਤ ਕੀਤੀ ਗਈ ਹੈ। ਜਥੇ ਵੱਲੋਂ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਿੱਖ ਪੰਥ ਵਿੱਚ ਪੰਜ ਸਿੰਘਾਂ ਦੇ ਆਦੇਸ਼ਾਂ ਨੂੰ ਸਿਰ ਮੱਥੇ ਰੱਖ ਕੇ ਮੰਨਿਆ ਜਾਂਦਾ ਹੈ ਅਤੇ ਇਸ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਪੰਥਕ ਮਰਯਾਦਾ ਅਨੁਸਾਰ ਸਖ਼ਤ ਕਾਰਵਾਈ ਕਰਨਾ ਲਾਜ਼ਮੀ ਹੈ।

ਇਹ ਸਾਰਾ ਵਿਵਾਦ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਦੇ ਮੌਕੇ ਤੋਂ ਸ਼ੁਰੂ ਹੋਇਆ ਸੀ। ਉੱਥੇ ਸਾਲਾਨਾ ਸਮਾਗਮ ਦੌਰਾਨ ਪੰਜ ਸਿੰਘਾਂ ਨੇ ਮਾਈਕ ਦੀ ਵਰਤੋਂ ਕਰਕੇ ਕੀਰਤਨ ਕਰਨ ਵਾਲੇ ਸਿੰਘਾਂ ਅਤੇ ਸਿੰਘਣੀਆਂ 'ਤੇ ਸਖ਼ਤੀ ਕਰਦਿਆਂ ਉਹਨਾਂ ਦੀ ਕੀਰਤਨੀ ਹਾਜ਼ਰੀ 'ਤੇ ਰੋਕ ਲਗਾ ਦਿੱਤੀ ਸੀ। ਇਸ ਆਦੇਸ਼ ਦੀ ਪਾਲਣਾ ਕਰਦਿਆਂ ਸ੍ਰੀ ਪਾਉਂਟਾ ਸਾਹਿਬ ਅਤੇ ਮੋਗਾ ਦੇ ਜਥਿਆਂ ਨੇ ਵੀ ਪੁਰਾਤਨ ਨਿਸ਼ਕਾਮ ਕੀਰਤਨ ਮਰਯਾਦਾ ਨੂੰ ਬਹਾਲ ਰੱਖਣ ਦਾ ਫੈਸਲਾ ਕੀਤਾ ਸੀ, ਜਿਸ ਦਾ ਸੰਗਤਾਂ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ ਸੀ। ਹਾਲਾਂਕਿ, ਹਾਲ ਹੀ ਵਿੱਚ ਅੰਮ੍ਰਿਤਸਰ ਵਿਖੇ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਗਏ ਸਾਲਾਨਾ ਸਮਾਗਮ ਦੌਰਾਨ ਸਥਿਤੀ ਤਣਾਅਪੂਰਨ ਹੋ ਗਈ।



ਦੋਸ਼ ਹੈ ਕਿ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਚੱਲ ਰਹੇ ਸ਼ਾਮ ਦੇ ਕੀਰਤਨੀ ਦੀਵਾਨ ਵਿੱਚ ਭਾਈ ਮਨਪ੍ਰੀਤ ਸਿੰਘ ਕਾਨਪੁਰੀ ਨੇ ਪੰਜ ਸਿੰਘਾਂ ਦੇ ਹੁਕਮਾਂ ਨੂੰ ਅਣਗੌਲਿਆਂ ਕਰਦਿਆਂ ਜ਼ਬਰਦਸਤੀ ਕੀਰਤਨ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਉੱਥੇ ਮੌਜੂਦ ਸੰਗਤ ਨੇ ਇਸ ਦਾ ਭਾਰੀ ਵਿਰੋਧ ਕੀਤਾ, ਜਿਸ ਕਾਰਨ ਚੱਲ ਰਹੇ ਅਨੰਦਮਈ ਕੀਰਤਨ ਦਰਬਾਰ ਵਿੱਚ ਵਿਘਨ ਪੈ ਗਿਆ। ਜਥੇ ਦੀ ਕਮੇਟੀ ਅਨੁਸਾਰ ਇਸ ਘਟਨਾ ਨਾਲ ਅਖੰਡ ਕੀਰਤਨੀ ਜਥੇ ਦੀ ਸ਼ਾਖ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਕਮੇਟੀ ਨੇ ਸੰਗਤਾਂ ਨੂੰ ਸੁਚੇਤ ਕਰਦਿਆਂ ਕਿਹਾ ਹੈ ਕਿ ਉਹ ਭਾਈ ਕਾਨਪੁਰੀ ਨਾਲ ਕਿਸੇ ਕਿਸਮ ਦੀ ਸਾਂਝ ਨਾ ਰੱਖਣ।

ਇਸ ਤੋਂ ਇਲਾਵਾ ਜਥੇ ਨੇ ਇਹ ਵੀ ਐਲਾਨ ਕੀਤਾ ਹੈ ਕਿ ਜੋ ਸਿੰਘ ਭਾਈ ਮਨਪ੍ਰੀਤ ਸਿੰਘ ਦੇ ਨਾਲ ਆਏ ਸਨ ਜਾਂ ਉਹਨਾਂ ਦੇ ਸਮਰਥਨ ਵਿੱਚ ਉੱਥੇ ਬੈਠੇ ਸਨ, ਉਹਨਾਂ ਦੀ ਵੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ। ਉਹਨਾਂ ਵਿਰੁੱਧ ਵੀ ਜਥੇ ਦੀ ਮਰਯਾਦਾ ਅਨੁਸਾਰ ਕਾਰਵਾਈ ਕੀਤੀ ਜਾਵੇਗੀ, ਕਿਉਂਕਿ ਉਹਨਾਂ ਨੂੰ ਵੀ ਪੰਜ ਸਿੰਘਾਂ ਦੇ ਆਦੇਸ਼ਾਂ ਦੀ ਜਾਣਕਾਰੀ ਸੀ। ਕਮੇਟੀ ਦਾ ਮੰਨਣਾ ਹੈ ਕਿ ਇਹ ਉਲੰਘਣਾ ਜਾਣਬੁੱਝ ਕੇ ਕੀਤੀ ਗਈ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।



# ਬੇਕਰਸਫੀਲਡ ਵਿੱਚ ਅਪ੍ਰੈਲ 2026 'ਸਿੱਖ ਵਿਰਾਸਤੀ ਮਹੀਨਾ' ਐਲਾਨਿਆ



ਸਰੀ, (ਦਿਵਰੂਪ ਕੌਰ): ਬੇਕਰਸਫੀਲਡ ਸਿਟੀ ਕੌਂਸਲ ਨੇ ਇੱਕ ਇਤਿਹਾਸਕ ਫੈਸਲਾ ਲੈਂਦਿਆਂ ਅਪ੍ਰੈਲ 2026 ਦੇ ਮਹੀਨੇ ਨੂੰ ਅਧਿਕਾਰਤ ਤੌਰ 'ਤੇ 'ਸਿੱਖ ਵਿਰਾਸਤੀ ਮਹੀਨੇ' ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਇਹ ਮਹੱਤਵਪੂਰਨ ਘੋਸ਼ਣਾ ਬੁੱਧਵਾਰ ਨੂੰ ਹੋਈ ਸਿਟੀ ਕੌਂਸਲ ਦੀ ਹਫ਼ਤਾਵਾਰੀ ਮੀਟਿੰਗ ਦੌਰਾਨ ਕੀਤੀ ਗਈ। ਇਸ ਫੈਸਲੇ ਰਾਹੀਂ ਸ਼ਹਿਰ ਦੇ ਪ੍ਰਸ਼ਾਸਨ ਨੇ ਸਿੱਖ ਭਾਈਚਾਰੇ ਵੱਲੋਂ ਬੇਕਰਸਫੀਲਡ ਅਤੇ ਸਮੁੱਚੇ ਕੈਲੀਫੋਰਨੀਆ ਦੇ ਵਿਕਾਸ ਵਿੱਚ ਪਾਏ ਗਏ ਬੇਮਿਸਾਲ ਯੋਗਦਾਨ ਨੂੰ ਸਰਕਾਰੀ ਤੌਰ 'ਤੇ ਮਾਨਤਾ ਦਿੱਤੀ ਹੈ। ਇਸ ਮੌਕੇ ਸਿਟੀ ਕੌਂਸਲ ਦੇ ਮੈਂਬਰਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਅਤੇ ਉਨ੍ਹਾਂ ਦੀ 'ਸਰਬਤ ਦਾ ਭਲਾ' ਵਾਲੀ ਸੋਚ ਦੀ ਜੰਮ ਕੇ ਸ਼ਲਾਘਾ ਕੀਤੀ। ਇਹ ਐਲਾਨਨਾਮਾ ਜਾਰੀ ਹੋਣ ਮੌਕੇ ਸਥਾਨਕ ਸਿੱਖ ਭਾਈਚਾਰੇ ਦੇ ਨੁਮਾਇੰਦੇ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਸਿਟੀ ਕੌਂਸਲ ਨੇ ਆਪਣੀ ਘੋਸ਼ਣਾ ਵਿੱਚ ਕਿਹਾ ਕਿ ਸਿੱਖ ਭਾਈਚਾਰਾ ਪਿਛਲੇ 100 ਸਾਲਾਂ ਤੋਂ ਵੱਧ ਸਮੇਂ ਤੋਂ ਕੈਲੀਫੋਰਨੀਆ ਦੀ ਆਰਥਿਕਤਾ ਅਤੇ ਸਮਾਜਿਕ ਤਾਣੇ-ਬਾਣੇ ਦਾ ਅਹਿਮ ਹਿੱਸਾ ਰਿਹਾ ਹੈ। ਖਾਸ ਕਰਕੇ ਖੇਤੀਬਾੜੀ, ਵਪਾਰ, ਸਿਹਤ ਸੇਵਾਵਾਂ ਅਤੇ ਜਨਤਕ ਸੇਵਾ ਦੇ ਖੇਤਰਾਂ ਵਿੱਚ ਸਿੱਖਾਂ ਨੇ ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਇੱਕ ਵਿਲੱਖਣ ਪਛਾਣ ਬਣਾਈ ਹੈ। ਅਪ੍ਰੈਲ ਮਹੀਨਾ ਸਿੱਖਾਂ ਲਈ ਧਾਰਮਿਕ ਅਤੇ ਇਤਿਹਾਸਕ ਤੌਰ 'ਤੇ ਬਹੁਤ ਮਹੱਤਵ ਰੱਖਦਾ ਹੈ ਕਿਉਂਕਿ ਇਸੇ ਮਹੀਨੇ ਖਾਲਸਾ ਸਾਜਨਾ ਦਿਵਸ ਭਾਵ ਵਿਸਾਖੀ ਦਾ ਤਿਉਹਾਰ ਦੁਨੀਆ ਭਰ ਵਿੱਚ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸੇ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਬੇਕਰਸਫੀਲਡ ਪ੍ਰਸ਼ਾਸਨ ਨੇ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤ ਦੇ ਨਾਮ ਕਰਨ ਦਾ ਫੈਸਲਾ ਲਿਆ ਹੈ।

ਇਸ ਫੈਸਲੇ ਦਾ ਸਵਾਗਤ ਕਰਦਿਆਂ ਸਥਾਨਕ ਸਿੱਖ ਆਗੂਆਂ ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਨਾਲ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ ਅਤੇ ਵੱਖ-ਵੱਖ ਸਭਿਆਚਾਰਾਂ ਬਾਰੇ ਜਾਗਰੂਕਤਾ ਵਧਦੀ ਹੈ। ਸਿੱਖ ਵਿਰਾਸਤੀ ਮਹੀਨੇ ਦੌਰਾਨ ਸ਼ਹਿਰ ਵਿੱਚ ਕਈ ਤਰ੍ਹਾਂ ਦੇ ਸੱਭਿਆਚਾਰਕ ਅਤੇ ਵਿਦਿਅਕ ਸਮਾਗਮ ਉਲੀਕੇ ਜਾਣਗੇ। ਇਨ੍ਹਾਂ ਸਮਾਗਮਾਂ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਅਤੇ ਹੋਰਨਾਂ ਭਾਈਚਾਰਿਆਂ ਨੂੰ ਸਿੱਖ ਇਤਿਹਾਸ, ਦਸਤਾਰ ਦੀ ਮਹੱਤਤਾ ਅਤੇ ਸਿੱਖੀ ਜੀਵਨ ਜਾਚ ਬਾਰੇ ਜਾਣਕਾਰੀ ਦੇਣਾ ਹੋਵੇਗਾ। ਇਸ ਤੋਂ ਇਲਾਵਾ ਸਥਾਨਕ ਲਾਇਬ੍ਰੇਰੀਆਂ ਅਤੇ ਸਕੂਲਾਂ ਵਿੱਚ ਵੀ ਸਿੱਖ ਵਿਰਾਸਤ ਨਾਲ ਸਬੰਧਤ ਪ੍ਰਦਰਸ਼ਨੀਆਂ ਲਗਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ ਤਾਂ ਜੋ ਸਿੱਖਾਂ ਦੀ ਅਮੀਰ ਵਿਰਾਸਤ ਨੂੰ ਘਰ-ਘਰ ਪਹੁੰਚਾਇਆ ਜਾ ਸਕੇ।

ਮੀਟਿੰਗ ਦੌਰਾਨ ਸਿਟੀ ਕੌਂਸਲ ਦੇ ਮੈਂਬਰਾਂ ਨੇ ਇਹ ਵੀ ਮੰਨਿਆ ਕਿ ਸਿੱਖ ਭਾਈਚਾਰਾ ਹਮੇਸ਼ਾ ਮੁਸੀਬਤ ਦੇ ਸਮੇਂ ਸਭ ਤੋਂ ਪਹਿਲਾਂ ਮਦਦ ਲਈ ਅੱਗੇ ਆਉਂਦਾ ਹੈ। ਭਾਵੇਂ ਉਹ ਕੋਈ ਕੁਦਰਤੀ ਆਫ਼ਤ ਹੋਵੇ ਜਾਂ ਆਮ ਲੋਕਾਂ ਲਈ ਲੰਗਰ ਦੀ ਸੇਵਾ, ਸਿੱਖਾਂ ਦੀ ਨਿਰਸਵਾਰਥ ਸੇਵਾ ਦੀ ਕੋਈ ਮਿਸਾਲ ਨਹੀਂ ਮਿਲਦੀ। ਬੇਕਰਸਫੀਲਡ ਵਿੱਚ ਰਹਿਣ ਵਾਲੇ ਹਜ਼ਾਰਾਂ ਸਿੱਖ ਪਰਿਵਾਰਾਂ ਲਈ ਇਹ ਇੱਕ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਪਛਾਣ ਅਤੇ ਵਿਰਸੇ ਨੂੰ ਅਜਿਹਾ ਸਰਕਾਰੀ ਸਨਮਾਨ ਮਿਲਿਆ ਹੈ। ਇਸ ਮਾਨਤਾ ਨਾਲ ਸ਼ਹਿਰ ਦੀ ਵਿਭਿੰਨਤਾ ਨੂੰ ਹੋਰ ਹੁਲਾਰਾ ਮਿਲੇਗਾ ਅਤੇ ਸਮਾਜ ਵਿੱਚ ਸਦਭਾਵਨਾ ਦਾ ਮਾਹੌਲ ਪੈਦਾ ਹੋਵੇਗਾ।

ਅਖੀਰ ਵਿੱਚ ਸਿਟੀ ਕੌਂਸਲ ਵੱਲੋਂ ਰਸਮੀ ਤੌਰ 'ਤੇ ਪ੍ਰਸ਼ੰਸਾ ਪੱਤਰ ਸਿੱਖ ਨੁਮਾਇੰਦਿਆਂ ਨੂੰ ਸੌਂਪਿਆ ਗਿਆ। ਸ਼ਹਿਰ ਦੇ ਮੇਅਰ ਅਤੇ ਹੋਰ ਉੱਚ ਅਧਿਕਾਰੀਆਂ ਨੇ ਸਿੱਖ ਭਾਈਚਾਰੇ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਉਮੀਦ ਜਤਾਈ ਕਿ ਅਪ੍ਰੈਲ 2026 ਦੌਰਾਨ ਹੋਣ ਵਾਲੇ ਸਮਾਗਮ ਸ਼ਹਿਰ ਦੇ ਲੋਕਾਂ ਨੂੰ ਇੱਕ-ਦੂਜੇ ਦੇ ਹੋਰ ਨੇੜੇ ਲਿਆਉਣਗੇ। ਸਿੱਖ ਭਾਈਚਾਰੇ ਨੇ ਵੀ ਸਿਟੀ ਕੌਂਸਲ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਸ਼ਹਿਰ ਦੀ ਤਰੱਕੀ ਲਈ ਆਪਣਾ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਹ ਇਤਿਹਾਸਕ ਕਦਮ ਬੇਕਰਸਫੀਲਡ ਦੇ ਇਤਿਹਾਸ ਵਿੱਚ ਸਿੱਖਾਂ ਦੀ ਮਜ਼ਬੂਤ ਹੋਂਦ ਅਤੇ ਪ੍ਰਭਾਵਸ਼ਾਲੀ ਭੂਮਿਕਾ ਨੂੰ ਹਮੇਸ਼ਾ ਲਈ ਦਰਸਾਉਂਦਾ ਰਹੇਗਾ। This report was written by Divroop Kaur as part of the Local Journalism Initiative.

ਸਫ਼ਾ 1 ਦਾ ਬਾਕੀ

## ਇਜ਼ਰਾਇਲ ਅਤੇ ਲਿਬਨਾਨ

ਅਤੇ ਸੈਨਿਕ ਵਾਪਸੀ ਵਰਗੇ ਮੁੱਦਿਆਂ 'ਤੇ ਸਹਿਮਤੀ ਬਣ ਜਾਂਦੀ ਹੈ ਤਾਂ ਇਹ ਇਸ ਸਦੀ ਦਾ ਸਭ ਤੋਂ ਵੱਡਾ ਕੂਟਨੀਤਕ ਸਮਝੌਤਾ ਹੋ ਸਕਦਾ ਹੈ। ਇਰਾਨ ਨੇ ਆਪਣੀਆਂ ਮੰਗਾਂ ਵਿੱਚ ਹਮਲਿਆਂ ਦੇ ਮੁਆਵਜ਼ੇ ਅਤੇ ਜਮ੍ਹਾ ਕੀਤੇ ਗਏ ਫੰਡਾਂ ਨੂੰ ਜਾਰੀ ਕਰਨ ਦੀ ਸ਼ਰਤ ਵੀ ਰੱਖੀ ਹੈ। ਜਿੱਥੇ ਅਮਰੀਕਾ ਅਤੇ ਇਜ਼ਰਾਈਲ ਆਪਣੀ ਸੁਰੱਖਿਆ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦੇ ਉੱਥੇ ਹੀ ਇਰਾਨ ਆਪਣੀ ਹੋਂਦ ਬਚਾਉਣ ਲਈ ਗੱਲਬਾਤ ਦੀ ਮੇਜ਼ 'ਤੇ ਆਇਆ ਹੈ। ਦੁਨੀਆ ਭਰ ਦੀਆਂ ਨਜ਼ਰਾਂ ਹੁਣ ਅਗਲੇ 10 ਦਿਨਾਂ ਦੀ ਇਸ ਜੰਗਬੰਦੀ ਦੇ ਨਤੀਜਿਆਂ 'ਤੇ ਟਿਕੀਆਂ ਹੋਈਆਂ ਹਨ।

ਸਾਬਕਾ ਇਸਰਾਈਲੀ ਡਿਪਲੋਮੈਟ ਐਲੋਨ ਪਿੰਕਸ ਅਨੁਸਾਰ, ਜੰਗਬੰਦੀ ਦੀ ਸਮਾਂ ਸੀਮਾ ਤੋਂ ਪਹਿਲਾਂ ਅਕਸਰ ਦੋਵੇਂ ਧਿਰਾਂ ਇੱਕ-ਦੂਜੇ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਪਿੰਕਸ ਨੇ ਚੇਤਾਵਨੀ ਦਿੱਤੀ ਹੈ ਕਿ ਜ਼ਮੀਨੀ ਹਕੀਕਤ ਕਿਸੇ ਵੀ ਪਾਸੇ ਜਾ ਸਕਦੀ ਹੈ। ਜੇਕਰ ਇਸਰਾਈਲ ਨੇ ਬਫਰ ਜ਼ੋਨ ਵਿੱਚ ਆਪਣੀ ਕਾਰਵਾਈ ਜਾਰੀ ਰੱਖੀ ਅਤੇ ਹਿਜ਼ਬੁੱਲਾ ਨੇ ਜਵਾਬੀ ਰਾਕੇਟ ਦਾਗੇ, ਤਾਂ ਇਹ ਜੰਗਬੰਦੀ ਬਹੁਤ ਜਲਦੀ ਟੁੱਟ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਇਸ ਜੰਗਬੰਦੀ ਵਿੱਚ ਨਿੱਜੀ ਦਿਲਚਸਪੀ ਲੈ ਰਹੇ ਹਨ ਕਿਉਂਕਿ ਉਹ ਇਸ ਨੂੰ ਈਰਾਨ ਨਾਲ ਇੱਕ ਵੱਡੇ ਸਮਝੌਤੇ ਦੀ ਦਿਸ਼ਾ ਵਿੱਚ ਪਹਿਲਾ ਕਦਮ ਮੰਨਦੇ ਹਨ।

ਜੰਗਬੰਦੀ ਦੇ ਐਲਾਨ ਦੇ ਬਾਵਜੂਦ ਹਿਜ਼ਬੁੱਲਾ ਨੇ ਇਸਰਾਈਲੀ ਫੌਜੀ ਟਿਕਾਣਿਆਂ 'ਤੇ ਹਮਲਿਆਂ ਦੀ ਲੜੀ ਤੇਜ਼ ਕਰ ਦਿੱਤੀ ਹੈ। ਸਮੂਹ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਇਸਰਾਈਲ ਦੇ ਕਰਮੀਏਲ ਸ਼ਹਿਰ ਵਿੱਚ ਮਿਜ਼ਾਈਲਾਂ ਦਾ ਭਾਰੀ ਮੀਂਹ ਵਰ੍ਹਾਇਆ ਹੈ ਅਤੇ ਮਾਲਕੀਆ ਇਲਾਕੇ ਵਿੱਚ ਇਸਰਾਈਲੀ ਸੈਨਿਕਾਂ ਦੀਆਂ ਪੁਜ਼ੀਸ਼ਨਾਂ 'ਤੇ ਡਰੋਨ ਹਮਲੇ ਕੀਤੇ ਹਨ। ਇਸ ਤੋਂ ਇਲਾਵਾ, ਲਿਬਨਾਨ ਦੇ ਬਿੰਤ ਜਬੇਲ ਨਗਰਪਾਲਿਕਾ ਵਿੱਚ ਇੱਕ ਇਸਰਾਈਲੀ ਮਰਕਾਵਾ ਟੈਂਕ ਨੂੰ ਗਾਈਡਡ ਮਿਜ਼ਾਈਲ ਨਾਲ ਸਿੱਧਾ ਨਿਸ਼ਾਨਾ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ। ਹਿਜ਼ਬੁੱਲਾ ਨੇ ਅਦਲੂਨ ਪਿੰਡ ਨੇੜੇ ਇੱਕ ਇਸਰਾਈਲੀ ਹਰਮੇਸ 450 ਡਰੋਨ ਨੂੰ ਵੀ ਮਾਰ ਗਿਰਾਉਣ ਦੀ ਪੁਸ਼ਟੀ ਕੀਤੀ ਹੈ, ਜੋ ਬਾਅਦ ਵਿੱਚ ਸਮੁੰਦਰ ਵਿੱਚ ਜਾ ਡਿੱਗਿਆ।

ਇਸ ਦੌਰਾਨ, ਹਿਜ਼ਬੁੱਲਾ ਨੇ ਵਿਸਥਾਪਿਤ ਹੋਏ ਲਿਬਨਾਨੀ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਫਿਲਹਾਲ ਦੱਖਣੀ ਲਿਬਨਾਨ, ਬੇਕਾ ਘਾਟੀ ਅਤੇ ਬੇਰੂਤ ਦੇ ਦੱਖਣੀ ਉਪਨਗਰਾਂ ਵਿੱਚ ਆਪਣੇ ਘਰਾਂ ਨੂੰ ਵਾਪਸ ਨਾ ਜਾਣ। ਸਮੂਹ ਨੇ ਚੇਤਾਵਨੀ ਦਿੱਤੀ ਹੈ ਕਿ ਇਸਰਾਈਲ ਸਮਝੌਤੇ ਤੋੜਨ ਦਾ ਆਦੀ ਹੈ, ਇਸ ਲਈ ਜਦੋਂ ਤੱਕ ਸਥਿਤੀ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੋ ਜਾਂਦੀ, ਉਦੋਂ ਤੱਕ ਸਬਰ ਰੱਖਣਾ ਹੀ ਬਿਹਤਰ ਹੈ।

ਅਮਰੀਕੀ ਵਿਦੇਸ਼ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਜੰਗਬੰਦੀ ਸਮਝੌਤੇ ਦੇ ਤਹਿਤ ਇਸਰਾਈਲ ਕੋਲ ਕਿਸੇ ਵੀ ਆਉਣ ਵਾਲੇ ਜਾਂ ਚੱਲ ਰਹੇ ਹਮਲੇ ਦੇ ਵਿਰੁੱਧ ਸਵੈ-ਰੱਖਿਆ ਵਿੱਚ ਕਾਰਵਾਈ ਕਰਨ ਦਾ ਪੂਰਾ ਅਧਿਕਾਰ ਹੋਵੇਗਾ। ਇਸਲਾਮਾਬਾਦ ਵਿੱਚ ਸ਼ਾਂਤੀ ਗੱਲਬਾਤ ਦੇ ਅਸਫਲ ਹੋਣ ਤੋਂ ਬਾਅਦ, ਟਰੰਪ ਵੱਲੋਂ ਐਲਾਨੀ ਗਈ ਇਹ ਦੋ ਹਫ਼ਤਿਆਂ ਦੀ ਜੰਗਬੰਦੀ ਹੁਣ ਇੱਕ ਵੱਡੀ ਪ੍ਰੀਖਿਆ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ।

# ਅੰਗ ਦਾਨ ਅਤੇ ਗੁਰਦੇ ਦੇ ਟ੍ਰਾਸਪਲਾਂਟ ਬਾਰੇ ਜਾਣਕਾਰੀ ਲਈ ਸਰੀ ਵਿੱਚ ਪ੍ਰੋਗਰਾਮ 25 ਅਪ੍ਰੈਲ ਨੂੰ

ਸਰੀ, ਯੂਬੀਸੀ ਕਿਡਨੀ ਟ੍ਰਾਂਸਪਲਾਂਟ ਰਿਸਰਚ ਪ੍ਰੋਗਰਾਮ ਅਤੇ ਦ ਐਕਸ਼ਨ ਪ੍ਰੋਜੈਕਟ ਵਿੱਚ ਪ੍ਰੋਜੈਕਟ ਡਾਈਰੈਕਟਰ ਵਜੋਂ ਸੇਵਾ ਨਿਭਾ ਰਹੀ ਰੀਤਇੰਦਰ ਕੌਰ ਨੂੰ ਸਿਟੀ ਆਫ ਸਰੀ ਨੇ ਦੱਖਣੀ ਏਸ਼ੀਆਈ ਭਾਈਚਾਰੇ ਵਿੱਚ ਅੰਗ ਦਾਨ ਅਤੇ ਗੁਰਦੇ ਦੇ ਟ੍ਰਾਸਪਲਾਂਟ ਬਾਰੇ ਵਿਚਾਰ ਚਰਚਾ ਕਰਨ ਲਈ ਛੋਟੀ ਗਰਾਂਟ ਦਿੱਤੀ ਹੈ। ਰੀਤਇੰਦਰ ਕੌਰ ਨੇ ਸਟ੍ਰਾਬੈਰੀ ਹਿੱਲ ਲਾਈਬਰ੍ਰੇਰੀ ਵਿੱਚ 25 ਅਪ੍ਰੈਲ 2026 ਨੂੰ ਦੁਪਹਿਰ ਦੇ 2:15 ਵਜੇ ਤੋਂ 4:30 ਵਜੇ ਤੱਕ ਪ੍ਰੋਗਰਾਮ ਰੱਖਿਆ ਹੈ। ਇਸ ਪ੍ਰੋਗਰਾਮ ਵਿੱਚ ਡਾ. ਜਗਬੀਰ ਗਿੱਲ ਮੁੱਖ ਬੁਲਾਰੇ ਹੋਣਗੇ। ਡਾ. ਗਿੱਲ ਗੁਰਦੇ ਦੇ ਟ੍ਰਾਸਪਲਾਂਟ ਦੇ ਮਾਹਰ ਡਾਕਟਰ ਹਨ ਅਤੇ ਸੇਂਟ ਪਾਲ ਹਸਪਤਾਲ ਵਿੱਚ ਕਿਡਨੀ ਟ੍ਰਾਂਸਪਲਾਂਟ ਪ੍ਰੋਗਰਾਮ ਦੇ ਮੈਡੀਕਲ ਡਾਈਰੈਕਟਰ ਵੀ ਹਨ। ਉਹਨਾਂ ਤੋਂ ਇਲਾਵਾ ਮੈਨੀ ਸਮਰਾ (ਗੁਰਦੇ ਦੇ ਡੋਨਰ), ਮਨਤੇਜ ਢਿਲੋਂ (ਗੁਰਦੇ ਦੇ ਡੋਨਰ), ਰਣਦੀਪ ਸਿੰਘ (ਗੁਰਦਾ ਪ੍ਰਾਪਤ ਕਰਨ ਵਾਲੇ ਮਰੀਜ਼) ਅਤੇ ਗੁਨੀਤ ਬਦੇਸ਼ਾ (ਗੁਰਦੇ ਦੀ ਬਿਮਾਰੀ ਨਾਲ ਜੂਝ ਰਹੇ ਮਰੀਜ਼ ਦੀ ਦੇਖਭਾਲ ਕਰਨ ਵਾਲੀ ਪਰਿਵਾਰਕ ਮੈਂਬਰ) ਆਪਣੀਆਂ ਕਹਾਣੀਆਂ ਨਾਲ ਰੂਬਰੂ ਕਰਾਉਣਗੇ। ਇਸ ਪ੍ਰੋਗਰਾਮ ਵਿੱਚ ਬੀਸੀ ਟ੍ਰਾਂਸਪਲਾਂਟ ਤੋਂ ਕਿਰਨ ਖੱਟਰ ਵੀ ਸ਼ਿਰਕਤ ਕਰਨਗੇ।ਪ੍ਰੋਗਰਾਮ ਦਾ ਮਕਸਦ ਸਰੀ ਵਾਸੀਆਂ ਨੂੰ ਅੰਗ ਦਾਨ ਅਤੇ ਗੁਰਦੇ ਦੇ ਟ੍ਰਾਸਪਲਾਂਟ ਬਾਰੇ ਜਾਣਕਾਰੀ ਦੇਣਾ ਹੈ। ਜ਼ਿਆਦਾਤਰ ਬੁਲਾਰੇ ਪੰਜਾਬੀ ਵਿੱਚ ਹੀ ਗੱਲ ਕਰਨਗੇ ਅਤੇ ਅਜਿਹਾ ਇਸ ਸ਼ਹਿਰ ਵਿੱਚ ਪਹਿਲੀ ਵਾਰ ਹੋਣ ਜਾ ਰਿਹਾ ਹੈ। ਰੀਤਇੰਦਰ ਕੌਰ ਨੂੰ ਉਮੀਦ ਹੈ ਕਿ ਅਜਿਹੇ ਪ੍ਰੋਗਰਾਮਾਂ ਨਾਲ ਕਮਿਨੂਯਿਟੀ ਵਿੱਚ ਇਹਨਾਂ ਵਿਸ਼ਿਆਂ ਬਾਰੇ ਗੱਲ ਕਰਨ ਦੀ ਝਿਜਕ ਘੱਟ ਹੋਵੇਗੀ। ਨਾਲ ਹੀ ਪੰਜਾਬੀ ਭਾਸ਼ਾ ਵਿੱਚ ਜਾਣਕਾਰੀ ਮਿਲਣ ਨਾਲ ਇਸ ਵਿਸ਼ੇ ਦੀ ਸਮਝ ਵਿੱਚ ਵੀ ਵਾਧਾ ਹੋਵੇਗਾ।



# 28 ਅਪ੍ਰੈਲ ਨੂੰ ਸਪਰਿੰਗ ਇਕਨਾਮਿਕ ਅਪਡੇਟ ਪੇਸ਼ ਕਰੇਗੀ ਲਿਬਰਲ ਸਰਕਾਰ : ਵਿੱਤ ਮੰਤਰੀ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਵਿੱਤ ਮੰਤਰੀ ਫ੍ਰਾਂਸਵਾ-ਫਿਲਿਪ ਸ਼ੈਂਪੇਨ ਨੇ ਹਾਊਸ ਆਫ ਕਾਮਨਜ਼ ਵਿੱਚ ਵੱਡਾ ਐਲਾਨ ਕਰਦਿਆਂ ਦੱਸਿਆ ਹੈ ਕਿ ਲਿਬਰਲ ਸਰਕਾਰ 28 ਅਪ੍ਰੈਲ ਨੂੰ ਆਪਣਾ ਸਪਰਿੰਗ ਇਕਨਾਮਿਕ ਅਪਡੇਟ ਪੇਸ਼ ਕਰੇਗੀ। ਮੰਗਲਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਅਪਡੇਟ ਦੇਸ਼ ਦੇ ਪਰਿਵਾਰਾਂ, ਉਦਯੋਗਾਂ ਅਤੇ ਸਮੁੱਚੀ ਕੌਮ ਲਈ ਇੱਕ ਮਜ਼ਬੂਤ ਯੋਜਨਾ ਵਜੋਂ ਸਾਹਮਣੇ ਆਵੇਗਾ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਲਿਬਰਲ ਸਰਕਾਰ ਨੇ ਸਾਲਾਨਾ ਫੈਡਰਲ ਬਜਟ ਅਤੇ ਮੱਧ-ਸਾਲ ਦੇ ਆਰਥਿਕ ਅਪਡੇਟ ਦੇ ਸਮੇਂ ਵਿੱਚ ਤਬਦੀਲੀ ਕੀਤੀ ਸੀ, ਜੋ ਪਹਿਲਾਂ ਪਤਝੜ ਦੇ ਮੌਸਮ ਵਿੱਚ ਪੇਸ਼ ਕੀਤਾ ਜਾਂਦਾ ਸੀ। ਹੁਣ ਇਹ ਨਵੀਂ ਵਿਵਸਥਾ ਤਹਿਤ ਪੇਸ਼ ਹੋਣ ਜਾ ਰਿਹਾ ਹੈ। ਇਹ ਆਗਾਮੀ ਅਪਡੇਟ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਦੇ ਅਧੀਨ ਪਹਿਲਾ ਅਜਿਹਾ ਵਿੱਤੀ ਦਸਤਾਵੇਜ਼ ਹੋਵੇਗਾ। ਮਾਰਕ ਕਾਰਨੀ ਸਰਕਾਰ ਨੇ ਇੱਕ ਵਿਆਪਕ ਫੈਡਰਲ ਬਜਟ ਯੋਜਨਾ ਪੇਸ਼ ਕਰਨ ਲਈ ਪਿਛਲੇ ਸਾਲ ਦੀ ਪਤਝੜ ਤੱਕ ਇੰਤਜ਼ਾਰ ਕਰਨ ਦਾ ਫੈਸਲਾ ਕੀਤਾ ਸੀ।

ਮਾਰਚ ਵਿੱਚ ਕਾਨੂੰਨੀ ਰੂਪ ਵਿੱਚ ਲਾਗੂ ਕੀਤੇ ਗਏ ਉਸ ਬਜਟ ਵਿੱਚ ਭਵਿੱਖਬਾਣੀ ਕੀਤੀ ਗਈ ਸੀ ਕਿ ਇਸ ਵਿੱਤੀ ਸਾਲ ਲਈ ਘਾਟਾ 78.3 ਬਿਲੀਅਨ ਡਾਲਰ ਤੱਕ ਵਧ ਜਾਵੇਗਾ। ਹਾਲਾਂਕਿ, ਇਹ ਵੀ ਉਮੀਦ ਜਤਾਈ ਗਈ ਹੈ ਕਿ 2030 ਤੱਕ ਇਸ ਘਾਟੇ ਵਿੱਚ ਹੌਲੀ-ਹੌਲੀ ਕਮੀ ਆਵੇਗੀ। ਕਾਰਨੀ ਨੇ ਬਜਟ ਲਈ ਇੱਕ ਨਵਾਂ ਵਿੱਤੀ ਢਾਂਚਾ ਅਪਣਾਇਆ ਹੈ, ਜਿਸ ਤਹਿਤ ਓਟਾਵਾ ਭਵਿੱਖ ਵਿੱਚ ਸਿਰਫ਼ ਨਵੇਂ ਪੂੰਜੀ ਨਿਵੇਸ਼ਾਂ ਲਈ ਹੀ ਉਧਾਰ ਲਵੇਗਾ। ਇਸ ਦੇ ਨਾਲ ਹੀ ਸਰਕਾਰ ਰੋਜ਼ਾਨਾ ਦੇ ਪ੍ਰੋਗਰਾਮਾਂ ਦੇ ਖਰਚਿਆਂ ਵਿੱਚ ਕਟੌਤੀ ਕਰਨ ਅਤੇ ਜਨਤਕ ਸੇਵਾਵਾਂ ਦੇ ਆਕਾਰ ਨੂੰ ਘਟਾਉਣ ਦੀ ਯੋਜਨਾ 'ਤੇ ਵੀ ਕੰਮ ਕਰ ਰਹੀ ਹੈ। ਆਉਣ ਵਾਲੇ ਸਪਰਿੰਗ ਇਕਨਾਮਿਕ



ਅਪਡੇਟ ਵਿੱਚ ਨਵੇਂ ਖਰਚਿਆਂ ਅਤੇ ਬਜਟ ਤੋਂ ਬਾਅਦ ਕੀਤੇ ਗਏ ਵਾਅਦਿਆਂ ਨੂੰ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਵਿੱਚ ਜੀ.ਐਸ.ਟੀ. ਲਾਭ ਵਿੱਚ ਵਾਧਾ ਅਤੇ ਮੰਗਲਵਾਰ ਨੂੰ ਐਲਾਨੀ ਗਈ ਨਵੀਂ ਯੋਜਨਾ ਸ਼ਾਮਲ ਹੈ, ਜਿਸ ਤਹਿਤ ਲੇਬਰ ਡੇਅ ਤੱਕ ਫੈਡਰਲ ਬਾਲਣ ਐਕਸਾਈਜ਼ ਟੈਕਸ ਨੂੰ ਮੁਆਫ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ, ਰੱਖਿਆ ਖਰਚਿਆਂ ਵਿੱਚ ਲਗਾਤਾਰ ਹੋ ਰਹੇ ਵਾਧੇ ਨੂੰ ਵੀ ਇਸ ਵਿੱਚ ਥਾਂ ਮਿਲ ਸਕਦੀ ਹੈ। ਪਿਛਲੇ ਸਾਲ ਰੱਖਿਆ ਬਜਟ 63 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ, ਜਿਸ ਨਾਲ ਕੈਨੇਡਾ ਨੇ ਆਖਰਕਾਰ ਜੀ.ਡੀ.ਪੀ. ਦੇ 2 ਫੀਸਦੀ ਦੇ ਪੁਰਾਣੇ ਨਾਟੋ (NATO) ਖਰਚੇ ਦੇ ਟੀਚੇ ਨੂੰ ਹਾਸਲ ਕਰ ਲਿਆ ਹੈ। ਇਹ ਆਰਥਿਕ ਅਪਡੇਟ ਅਜਿਹੇ ਸਮੇਂ ਆ ਰਿਹਾ ਹੈ ਜਦੋਂ ਮੱਧ ਪੂਰਬ ਵਿੱਚ ਜੰਗ ਅਤੇ ਲਗਾਤਾਰ ਵਧ ਰਹੀਆਂ ਕੀਮਤਾਂ ਕਾਰਨ ਅਨਿਸ਼ਚਿਤਤਾ ਦਾ ਮਾਹੌਲ ਬਣਿਆ ਹੋਇਆ ਹੈ। ਡੇਲੋਇਟ ਕੈਨੇਡਾ ਅਤੇ ਅੰਤਰਰਾਸ਼ਟਰੀ ਮੁਦਰਾ ਕੋਸ਼ (IMF) ਦੋਵਾਂ ਨੇ ਜਨਵਰੀ ਦੇ ਅਨੁਮਾਨਾਂ ਦੇ ਮੁਕਾਬਲੇ ਇਸ ਸਾਲ ਕੈਨੇਡੀਅਨ ਅਰਥਚਾਰੇ ਲਈ ਵਿਕਾਸ ਦਰ ਦੇ ਅਨੁਮਾਨਾਂ ਵਿੱਚ ਮਾਮੂਲੀ ਕਮੀ ਕੀਤੀ ਹੈ। ਰਿਪੋਰਟਾਂ ਅਨੁਸਾਰ ਇਹ ਅਨੁਮਾਨ ਇਰਾਨ ਜੰਗ ਦੇ ਜਲਦੀ ਖ਼ਤਮ ਹੋਣ 'ਤੇ ਨਿਰਭਰ ਕਰਦੇ ਹਨ, ਜਿਸ ਨੇ ਊਰਜਾ ਦੀਆਂ ਕੀਮਤਾਂ ਅਤੇ ਵਿਸ਼ਵਵਿਆਪੀ ਸਪਲਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅੰਕੜਾ ਵਿਭਾਗ ਕੈਨੇਡਾ ਅਨੁਸਾਰ ਜਨਵਰੀ ਵਿੱਚ ਜੀ.ਡੀ.ਪੀ. 0.1 ਫੀਸਦੀ ਵਧੀ ਸੀ ਅਤੇ ਫਰਵਰੀ ਲਈ 0.2 ਫੀਸਦੀ ਵਾਧੇ ਦਾ ਅਨੁਮਾਨ ਲਗਾਇਆ ਗਿਆ ਹੈ। ਡੇਲੋਇਟ ਨੇ ਇਸ ਮਹੀਨੇ ਦੇ ਆਪਣੇ ਪੂਰਵ ਅਨੁਮਾਨ ਵਿੱਚ 2026 ਲਈ ਜੀ.ਡੀ.ਪੀ. ਦੇ ਨਜ਼ਰੀਏ ਵਿੱਚ 20 ਫੀਸਦੀ ਦੀ ਕਟੌਤੀ ਕੀਤੀ ਹੈ।

ਦੂਜੇ ਪਾਸੇ, ਬੈਂਕ ਆਫ ਕੈਨੇਡਾ ਨੇ ਆਪਣੀ ਮੂਲ ਵਿਆਜ ਦਰ ਨੂੰ 2.25 ਫੀਸਦੀ 'ਤੇ ਬਰਕਰਾਰ ਰੱਖਿਆ ਹੈ ਤਾਂ ਜੋ ਮਹਿੰਗਾਈ ਦੇ ਸੰਭਾਵੀ ਵਾਧੇ ਨੂੰ ਰੋਕਿਆ ਜਾ ਸਕੇ ਅਤੇ ਸੁਸਤ ਆਰਥਿਕ ਵਿਕਾਸ ਨੂੰ ਹੁਲਾਰਾ ਦਿੱਤਾ ਜਾ ਸਕੇ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਅਤੇ ਵਿਦੇਸ਼ਾਂ ਵਿੱਚ ਬਦਲਦੀਆਂ ਸਥਿਤੀਆਂ ਅਨੁਸਾਰ ਆਪਣੀਆਂ ਆਰਥਿਕ ਨੀਤੀਆਂ ਦਾ ਲਗਾਤਾਰ ਮੁਲਾਂਕਣ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੱਧ ਪੂਰਬ ਦੇ ਟਕਰਾਅ ਕਾਰਨ ਵਿਸ਼ਵ ਅਰਥਚਾਰੇ ਨੂੰ ਵੱਡਾ ਝਟਕਾ ਲੱਗਾ ਹੈ, ਪਰ ਸਰਕਾਰ ਕੋਲ ਇੱਕ ਸਪੱਸ਼ਟ ਯੋਜਨਾ ਹੈ ਜੋ ਥੋੜ੍ਹੇ ਸਮੇਂ ਦੇ ਮੁੱਦਿਆਂ ਅਤੇ ਲੰਬੇ ਸਮੇਂ ਦੇ ਨਿਵੇਸ਼ ਦੋਵਾਂ ਨੂੰ ਸੰਬੋਧਿਤ ਕਰਦੀ ਹੈ। ਸਰਕਾਰ ਦਾ ਉਦੇਸ਼ ਆਰਥਿਕਤਾ ਨੂੰ ਮਜ਼ਬੂਤ ਕਰਨਾ ਅਤੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨਾ ਹੈ।

# ਕੈਨੇਡਾ ਆਉਣ ਵਾਲੇ ਅਮਰੀਕੀ ਸੈਲਾਨੀਆਂ ਦੀ ਗਿਣਤੀ ਵਧੀ ਜਦੋਂ ਕਿ ਅਮਰੀਕਾ ਜਾਣ ਵਾਲੇ ਕੈਨੇਡੀਅਨ ਸੈਲਾਨੀ 34.9% ਘਟੇ

ਸਰੀ, (ਦਿਵਰੂਪ ਕੌਰ): ਸਟੈਟਿਸਟਿਕਸ ਕੈਨੇਡਾ ਦੀ ਤਾਜ਼ਾ ਰਿਪੋਰਟ ਅਨੁਸਾਰ, ਲਗਾਤਾਰ ਦੂਜੇ ਮਹੀਨੇ ਅਮਰੀਕਾ ਤੋਂ ਕੈਨੇਡਾ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸ ਸਾਲ ਮਾਰਚ ਵਿੱਚ ਪਿਛਲੇ ਸਾਲ ਦੇ ਮੁਕਾਬਲੇ 4% ਵੱਧ ਅਮਰੀਕੀ ਰੈਜ਼ੀਡੈਂਟਸ ਨੇ ਕੈਨੇਡਾ ਦੀ ਯਾਤਰਾ ਕੀਤੀ, ਜਿਨ੍ਹਾਂ ਦੀ ਕੁੱਲ ਗਿਣਤੀ 1.1 ਮਿਲੀਅਨ ਰਹੀ। ਜੇਕਰ ਆਵਾਜਾਈ ਦੇ ਸਾਧਨਾਂ ਦੀ ਗੱਲ ਕਰੀਏ ਤਾਂ ਕਾਰ ਰਾਹੀਂ ਆਉਣ ਵਾਲੇ ਅਮਰੀਕੀਆਂ ਵਿੱਚ 4.3% ਅਤੇ ਹਵਾਈ ਸਫਰ ਰਾਹੀਂ ਆਉਣ ਵਾਲਿਆਂ ਵਿੱਚ 3.1% ਦਾ ਵਾਧਾ ਹੋਇਆ ਹੈ। ਦੂਜੇ ਪਾਸੇ, ਵਿਦੇਸ਼ਾਂ ਤੋਂ ਕੈਨੇਡਾ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵਿੱਚ ਵੀ 9.3% ਦਾ ਵੱਡਾ ਉਛਾਲ ਦੇਖਣ ਨੂੰ ਮਿਲਿਆ ਹੈ। ਇਸ ਦੇ ਉਲਟ, ਕੈਨੇਡੀਅਨਾਂ ਨੇ ਅਮਰੀਕਾ ਜਾਣ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਈ ਹੈ। ਮਾਰਚ ਮਹੀਨੇ ਵਿੱਚ ਅਮਰੀਕਾ ਤੋਂ ਵਾਪਸ ਪਰਤਣ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਿੱਚ 7.6% ਦੀ ਗਿਰਾਵਟ ਆਈ ਹੈ, ਜਿਸ ਵਿੱਚ ਹਵਾਈ ਯਾਤਰਾ ਰਾਹੀਂ 13.8% ਅਤੇ ਸੜਕੀ ਰਸਤੇ ਰਾਹੀਂ 4.5% ਦੀ ਕਮੀ ਸ਼ਾਮਲ ਹੈ। ਮਾਰਚ 2024 ਦੇ ਮੁਕਾਬਲੇ ਅਮਰੀਕਾ ਜਾਣ ਵਾਲੇ ਕੈਨੇਡੀਅਨਾਂ ਦੀ ਕੁੱਲ ਗਿਣਤੀ ਵਿੱਚ 34.9% ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ, ਜਿਸ ਦਾ ਮੁੱਖ ਕਾਰਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫਾਂ ਨੂੰ ਮੰਨਿਆ ਜਾ ਰਿਹਾ ਹੈ। ਕੈਨੇਡੀਅਨ ਹੁਣ ਅਮਰੀਕਾ ਦੀ ਬਜਾਏ ਹੋਰਨਾਂ ਦੇਸ਼ਾਂ ਦੀ ਸੈਰ ਨੂੰ ਤਰਜੀਹ ਦੇ ਰਹੇ ਹਨ। ਅੰਕੜਿਆਂ ਮੁਤਾਬਕ ਅਮਰੀਕਾ ਤੋਂ ਇਲਾਵਾ ਹੋਰ ਮੰਜ਼ਿਲਾਂ 'ਤੇ ਜਾਣ ਵਾਲੇ ਕੈਨੇਡੀਅਨਾਂ ਦੀ ਗਿਣਤੀ ਵਿੱਚ 4.9% ਦਾ ਵਾਧਾ ਹੋਇਆ ਹੈ। ਇਹ ਲਗਾਤਾਰ ਤੀਜਾ ਮਹੀਨਾ ਹੈ ਜਦੋਂ ਹਵਾਈ ਰਸਤੇ ਰਾਹੀਂ ਵਿਦੇਸ਼ਾਂ ਤੋਂ ਪਰਤਣ ਵਾਲੇ ਕੈਨੇਡੀਅਨਾਂ ਦੀ ਗਿਣਤੀ 1.5 ਮਿਲੀਅਨ ਰਹੀ, ਜੋ ਕਿ ਅਮਰੀਕਾ ਤੋਂ ਸੜਕੀ ਰਸਤੇ ਵਾਪਸ ਆਉਣ ਵਾਲੇ 1.4 ਮਿਲੀਅਨ ਕੈਨੇਡੀਅਨਾਂ ਨਾਲੋਂ ਵਧੇਰੇ ਹੈ। ਇਹ ਰੁਝਾਨ ਸਪੱਸ਼ਟ ਕਰਦਾ ਹੈ ਕਿ ਕੈਨੇਡੀਅਨ ਸੈਲਾਨੀ ਹੁਣ ਅਮਰੀਕੀ ਸਰਹੱਦ ਪਾਰ ਕਰਨ ਦੀ ਬਜਾਏ ਅੰਤਰਰਾਸ਼ਟਰੀ ਉਡਾਣਾਂ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। This report was written by Divroop Kaur as part of the Local Journalism Initiative.

UNIVERSAL FINGERPRINTING SERVICE

RCMP Criminal Record Check Fingerprints for:

*Permanent Residence ·ਪਰਮਾਨੈਂਟ ਰੈਜ਼ੀਡੈਂਸ
*Canadian Citizenship ·ਕਨੇਡੀਅਨ ਸਿਟੀਜਨਸ਼ਿਪ
*Security License ·ਸਕਿਓਰਟੀ ਲਾਇਸੈਂਸ
*Employment ·ਇੰਪਲਾਇਮੈਂਟ
*Name Change ·ਨਾਮ ਬਦਲੀ
*Privacy Act Request ·ਪ੍ਰਾਈਵੇਸੀ ਐਕਟ ਰਿਕੁਐਸਟ
*Visa/Border Crossing/ ·ਵਲਨਰੇਬਲ ਸੈਕਟਰ ਚੈਕਸ
*Foreign Travel/Work ·ਯੂ ਐਸ ਐਂਟਰੀ ਵੇਵਰ
*Vulnerable Sector Checks ·ਵੀਜਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
*US Entry Waiver ·ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
*Record Suspension Application ·ਐਫ ਬੀ ਆਈ ਫਿੰਗਰਪ੍ਰਿੰਟ
*FBI Fingerprints ·ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
*Digitize the ink fingerprints ·ਇੰਕ ਫਿੰਗਰਪ੍ਰਿੰਟਸ
*Ink Fingerprints
*Name Based Record Checks ·ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.

*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜਾ *ਇੰਡੀਅਨ ਈ-ਵੀਜਾ *ਯੂਕੇ & Schengen ਵੀਜਾ
*ਐਂਟਰੀ ਵੀਜਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)

*Indian PCC ·ਇੰਡੀਅਨ ਪੀ ਸੀ ਸੀ
*Indian Passport Renewal ·ਇੰਡੀਅਨ ਪਾਸਪੋਰਟ ਰੀਨਿਊ
*OCI Applications ·ਓ ਸੀ ਆਈ ਐਪਲੀਕੇਸ਼ਨਜ
*Visitor Visa Application ·ਵਿਜ਼ਟਰ ਵੀਜ਼ਾ ਐਪਲੀਕੇਸ਼ਨ
*Canadian Citizenship Application ·ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ
*US Visa Application ·ਯੂ ਐਸ ਵੀਜ਼ਾ ਐਪਲੀਕੇਸ਼ਨ
*PR card renewal Application ·ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
*BC-Name Change Application ·ਬੀ ਸੀ ਨਾਮ ਚੇਂਜ ਐਪਲੀਕੇਸ਼ਨ

Parminder Kindhra CICC CCIC

PH : 604-503-8898

#303-(3rd floor) 8318-120St, Surrey Email:office@universalfingerprinting.com OPEN 7 DAYS A WEEK

# ਉਪ-ਚੋਣਾਂ ਦੇ ਨਤੀਜੇ: ਲਿਬਰਲ ਬਹੁਮਤ ਅਤੇ ਵਿਰੋਧੀ ਧਿਰ ਲਈ ਰਣਨੀਤੀ ਦਾ ਵੇਲਾ

**ਸੰਪਾਦਕੀ**

ਸੋਮਵਾਰ ਰਾਤ ਨੂੰ ਟੈਰੇਬੋਨ, ਸਕਾਰਬਰੋ ਸਾਊਥਵੈਸਟ ਅਤੇ ਯੂਨੀਵਰਸਿਟੀ ਰੋਜ਼ਡੇਲ ਵਿੱਚ ਹੋਈਆਂ ਉਪ-ਚੋਣਾਂ ਦੇ ਨਤੀਜਿਆਂ ਨੇ ਕੈਨੇਡਾ ਦੇ ਸਿਆਸੀ ਨਕਸ਼ੇ ਉੱਤੇ ਇੱਕ ਨਵੀਂ ਲਕੀਰ ਖਿੱਚ ਦਿੱਤੀ ਹੈ। ਇਹ ਨਤੀਜੇ ਸਿਰਫ਼ ਕੁਝ ਸੀਟਾਂ ਦੀ ਜਿੱਤ-ਹਾਰ ਤੱਕ ਸੀਮਤ ਨਹੀਂ ਹਨ, ਸਗੋਂ ਇਹ ਘੱਟ ਗਿਣਤੀ ਸਰਕਾਰ ਤੋਂ ਬਹੁਮਤ ਦੀ ਪਾਰਲੀਮੈਂਟ ਵੱਲ ਹੋਏ ਤਬਾਦਲੇ ਦੇ ਗਵਾਹ ਬਣੇ ਹਨ। ਇਸ ਬਦਲਾਅ ਨੇ ਦੇਸ਼ ਦੇ ਸਿਆਸੀ ਗਲਿਆਰਿਆਂ ਵਿੱਚ ਆਉਣ ਵਾਲੇ ਸਮੇਂ ਦੀਆਂ ਤਬਦੀਲੀਆਂ ਅਤੇ ਸੰਭਾਵੀ ਉਥਲ-ਪੁਥਲ ਬਾਰੇ ਚਰਚਾ ਛੇੜ ਦਿੱਤੀ ਹੈ। ਕੈਨੇਡਾ ਦੀ 343 ਸੀਟਾਂ ਵਾਲੀ ਰਾਸ਼ਟਰੀ ਵਿਧਾਨ ਸਭਾ ਵਿੱਚ ਹੁਣ ਸਥਿਤੀ ਇਹ ਹੈ ਕਿ ਜਦੋਂ ਤੱਕ ਕੋਈ ਨਵਾਂ ਦਲ-ਬਦਲੂ ਸਾਹਮਣੇ ਨਹੀਂ ਆਉਂਦਾ, ਮੌਜੂਦਾ ਸਰਕਾਰ ਕੋਲ ਦੋ ਸੀਟਾਂ ਦਾ ਬਹੁਮਤ ਹੈ। ਹਾਲਾਂਕਿ ਇਹ ਅੰਕੜਾ ਬਹੁਤ ਹੀ ਨਾਜ਼ੁਕ ਅਤੇ ਅਸਥਿਰ ਜਾਪਦਾ ਹੈ, ਕਿਉਂਕਿ ਸਿਆਸਤ ਵਿੱਚ ਕਦੇ ਵੀ ਕੁਝ ਵੀ ਸਥਿਰ ਨਹੀਂ ਹੁੰਦਾ।

ਸਿਹਤ ਸੰਬੰਧੀ ਚੁਣੌਤੀਆਂ, ਸੂਬਾਈ ਜਾਂ ਸਥਾਨਕ ਰਾਜਨੀਤੀ ਵਿੱਚ ਜਾਣ ਦੀ ਇੱਛਾ ਰੱਖਣ ਵਾਲੇ ਅਸਤੀਫ਼ਾ ਦੇਣ ਵਾਲੇ ਮੈਂਬਰ, ਪਰਿਵਾਰਕ ਜ਼ਿੰਮੇਵਾਰੀਆਂ ਜਾਂ ਓਟਾਵਾ ਦੀ ਲਗਾਤਾਰ ਯਾਤਰਾ ਤੋਂ ਹੋਣ ਵਾਲੀ ਥਕਾਵਟ ਵਰਗੇ ਕਈ ਕਾਰਕ ਇਸ ਦੋ ਸੀਟਾਂ ਦੇ ਬਹੁਮਤ ਨੂੰ ਕਿਸੇ ਵੀ ਸਮੇਂ ਖ਼ਤਰੇ ਵਿੱਚ ਪਾ ਸਕਦੇ ਹਨ। ਨਿੱਜੀ ਖੇਤਰ ਵਿੱਚ ਮਿਲਣ ਵਾਲੇ ਮੌਕੇ ਜਾਂ ਕਿਸੇ ਮੋੜ 'ਤੇ ਪਾਰਟੀ ਬਦਲਣ ਦੀ ਪ੍ਰਕਿਰਿਆ ਇਸ ਬਹੁਮਤ ਨੂੰ ਮੁੜ ਘੱਟ ਗਿਣਤੀ ਵਿੱਚ ਬਦਲ ਸਕਦੀ ਹੈ। ਪਰ ਜੇਕਰ ਅਸੀਂ ਮੌਜੂਦਾ ਸਥਿਤੀ ਨੂੰ ਆਧਾਰ ਬਣਾ ਕੇ ਦੇਖੀਏ ਅਤੇ ਇਹ ਮੰਨ ਲਈਏ ਕਿ ਇਹ ਬਹੁਮਤ ਪਾਰਲੀਮੈਂਟ ਅਗਲੇ ਇੱਕ ਤੋਂ ਤਿੰਨ ਸਾਲਾਂ ਤੱਕ ਕਾਇਮ ਰਹੇਗੀ, ਤਾਂ ਹਰ ਸਿਆਸੀ ਪਾਰਟੀ ਲਈ ਇਸ ਵਿੱਚ ਕੁਝ ਅਜਿਹੀਆਂ ਸੰਭਾਵਨਾਵਾਂ ਛੁਪੀਆਂ ਹੋਈਆਂ ਹਨ ਜੋ ਉਨ੍ਹਾਂ ਦੇ ਭਵਿੱਖ ਲਈ ਮਾਰਗ ਦਰਸ਼ਕ ਬਣ ਸਕਦੀਆਂ ਹਨ। ਬਸੰਤ ਦੀ ਆਮਦ ਅਤੇ ਨਵੀਂ ਸ਼ੁਰੂਆਤ ਦੀ ਭਾਵਨਾ ਨਾਲ ਜੇਕਰ ਅਸੀਂ ਇਨ੍ਹਾਂ ਨਤੀਜਿਆਂ ਦੇ ਸੁਖਦ ਪਹਿਲੂਆਂ 'ਤੇ ਨਜ਼ਰ ਮਾਰੀਏ, ਤਾਂ ਹਰ ਪਾਰਟੀ ਲਈ ਇਸ ਵਿੱਚ ਉਮੀਦ ਦੀ ਇੱਕ ਕਿਰਨ ਨਜ਼ਰ ਆਉਂਦੀ ਹੈ।

ਲਿਬਰਲ ਪਾਰਟੀ ਲਈ ਇਸ ਜਿੱਤ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਉਨ੍ਹਾਂ ਨੇ ਆਪਣਾ ਬਹੁਮਤ ਸੁਰੱਖਿਅਤ ਕਰ ਲਿਆ ਹੈ। ਹੁਣ ਉਹ ਆਪਣੇ ਏਜੰਡੇ ਅਤੇ ਕਾਰਜਕਾਲ ਦੀ ਰੂਪ-ਰੇਖਾ ਨੂੰ ਬਿਨਾਂ ਕਿਸੇ ਬਾਹਰੀ ਦਬਾਅ ਦੇ ਪਾਰਲੀਮੈਂਟ ਵਿੱਚ ਲਾਗੂ ਕਰ ਸਕਦੇ ਹਨ। ਪਹਿਲਾਂ ਦੀ ਤਰ੍ਹਾਂ ਹੁਣ ਉਨ੍ਹਾਂ ਨੂੰ ਹਰ ਬਿੱਲ ਜਾਂ ਵੋਟਿੰਗ ਲਈ ਦੂਜੀਆਂ ਪਾਰਟੀਆਂ ਦੇ ਸਹਿਯੋਗ ਦੀ ਲੋੜ ਨਹੀਂ ਪਵੇਗੀ। ਕਿਸੇ ਵੀ 'ਕਾਨਫੀਡੈਂਸ ਐਂਡ ਸਪਲਾਈ' ਸਮਝੌਤੇ ਦੀ ਹੁਣ ਕੋਈ ਲੋੜ ਨਹੀਂ ਰਹੀ ਅਤੇ ਨਾ ਹੀ ਉਨ੍ਹਾਂ ਨੂੰ ਵਿਰੋਧੀ ਧਿਰ ਦੀ ਗੈਰ-ਹਾਜ਼ਰੀ ਜਾਂ ਵੋਟਿੰਗ ਤੋਂ ਦੂਰ ਰਹਿਣ ਦੀ ਉਮੀਦ ਕਰਨੀ ਪਵੇਗੀ। ਹਾਲਾਂਕਿ ਸਰਕਾਰੀ ਹਾਊਸ ਲੀਡਰ ਅਤੇ ਵ੍ਹਿਪ ਨੂੰ ਮੈਂਬਰਾਂ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰਨੀ ਪਵੇਗੀ, ਪਰ ਸੰਸਦੀ ਡਰਾਮੇਬਾਜ਼ੀ ਹੁਣ ਘੱਟ ਹੋਣ ਦੀ ਉਮੀਦ ਹੈ। ਇਹ ਸਥਿਰਤਾ ਪ੍ਰਧਾਨ ਮੰਤਰੀ ਨੂੰ ਆਉਣ ਵਾਲੇ ਮਹੀਨਿਆਂ ਵਿੱਚ ਆਪਣੇ ਸੰਸਦੀ ਏਜੰਡੇ ਅਤੇ ਇੱਛਾਵਾਂ ਨੂੰ ਰਣਨੀਤਕ ਤੌਰ 'ਤੇ ਮੁੜ ਤਿਆਰ ਕਰਨ ਦੀ ਖੁੱਲ੍ਹ ਦਿੰਦੀ ਹੈ।

ਪਾਰਲੀਮੈਂਟ ਦਾ ਵਿਧਾਨਕ ਕੈਲੰਡਰ ਹੁਣ ਸਿਰਫ਼ 12 ਮਹੀਨਿਆਂ ਬਾਅਦ ਹੋਣ ਵਾਲੀਆਂ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਣਾਇਆ ਜਾਵੇਗਾ। ਹੁਣ ਸਰਕਾਰ ਕੋਲ 2026 ਜਾਂ 2027 ਦੇ ਸਿਆਸੀ ਲਾਭਾਂ ਤੋਂ ਅੱਗੇ ਵਧ ਕੇ ਕੈਨੇਡਾ ਦੀਆਂ ਲੰਬੇ ਸਮੇਂ ਦੀਆਂ ਲੋੜਾਂ ਬਾਰੇ ਸੋਚਣ ਦਾ ਮੌਕਾ ਹੈ। ਇਹ ਇੱਕ ਦੁਰਲੱਭ ਮੌਕਾ ਹੈ ਜਿੱਥੇ ਇਤਿਹਾਸਕ ਸ਼ਖਸੀਅਤਾਂ ਸਿਰਫ਼ ਵੱਡੀਆਂ ਗੱਲਾਂ ਹੀ ਨਹੀਂ ਕਰਦੀਆਂ, ਸਗੋਂ ਵੱਡੇ ਫੈਸਲੇ ਲੈ ਕੇ ਉਨ੍ਹਾਂ ਨੂੰ ਅਮਲੀ ਰੂਪ ਵੀ ਦਿੰਦੀਆਂ ਹਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਨਵੰਬਰ 2025 ਦਾ ਪਹਿਲਾ ਬਜਟ, ਜੋ ਟਰੰਪ ਦੇ ਟੈਰਿਫਾਂ ਦੇ ਜਵਾਬ ਵਿੱਚ ਪੇਸ਼ ਕੀਤਾ ਗਿਆ ਸੀ, ਓਨਾ ਇਤਿਹਾਸਕ ਨਹੀਂ ਰਿਹਾ ਜਿੰਨੀ ਉਮੀਦ ਕੀਤੀ ਜਾ ਰਹੀ ਸੀ। ਪਰ ਹੁਣ ਬਹੁਮਤ ਦੇ ਨਾਲ, 2026 ਦਾ ਪਤਝੜ ਬਜਟ ਪ੍ਰਧਾਨ ਮੰਤਰੀ ਦੀਆਂ ਆਰਥਿਕ ਨੀਤੀਆਂ ਅਤੇ ਵਿਜ਼ਨ ਲਈ ਇੱਕ ਵੱਡੀ ਪ੍ਰੀਖਿਆ ਹੋਵੇਗਾ। ਬਿਨਾਂ ਕਿਸੇ ਸਿਆਸੀ ਸਮਝੌਤੇ ਦੇ ਦਬਾਅ ਤੋਂ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸਰਕਾਰ ਦਾ ਰੋਡਮੈਪ ਕੈਨੇਡਾ ਨੂੰ ਕਿਸ ਦਿਸ਼ਾ ਵੱਲ ਲੈ ਕੇ ਜਾਂਦਾ ਹੈ।

ਬਹੁਮਤ ਵਾਲੀ ਪਾਰਲੀਮੈਂਟ ਦਾ ਇੱਕ ਹੋਰ ਮਹੱਤਵਪੂਰਨ ਲਾਭ ਕੈਨੇਡਾ, ਸੰਯੁਕਤ ਰਾਜ ਅਤੇ ਮੈਕਸੀਕੋ ਸਮਝੌਤੇ (CUSMA) ਦੇ ਆਉਣ ਵਾਲੇ ਪੁਨਰ-ਮੁਲਾਂਕਣ ਵਿੱਚ ਦੇਖਣ ਨੂੰ ਮਿਲੇਗਾ। ਸਰਕਾਰ ਕੋਲ ਹੁਣ ਉਹ ਵਿਧਾਨਕ ਸਾਧਨ ਹਨ ਜਿਨ੍ਹਾਂ ਰਾਹੀਂ ਉਹ ਕੈਨੇਡੀਅਨ ਵਪਾਰਕ ਨੀਤੀਆਂ, ਨਿਯਮਾਂ ਅਤੇ ਵਿੱਤੀ ਢਾਂਚੇ ਨੂੰ ਉਦਯੋਗਾਂ ਦੇ ਹੱਕ ਵਿੱਚ ਤੇਜ਼ੀ ਨਾਲ ਬਦਲ ਸਕਦੀ ਹੈ। CUSMA ਭਾਈਵਾਲਾਂ ਨਾਲ ਵਪਾਰਕ ਤਾਲਮੇਲ ਬਣਾਉਣ ਲਈ ਕਾਨੂੰਨੀ ਬਦਲਾਅ ਕਰਨ ਦੀ ਲਚਕਤਾ ਸਰਕਾਰ ਲਈ ਗੱਲਬਾਤ ਦੀ ਮੇਜ਼ 'ਤੇ ਇੱਕ ਕੀਮਤੀ ਹਥਿਆਰ ਸਾਬਤ ਹੋਵੇਗੀ। ਇਸ ਨਾਲ ਕੈਨੇਡੀਅਨਾਂ ਲਈ ਸਮੇਂ ਸਿਰ ਅਤੇ ਬਿਹਤਰ ਨਤੀਜੇ ਪ੍ਰਾਪਤ ਕੀਤੇ ਜਾ ਸਕਣਗੇ। ਲਿਬਰਲ ਪਾਰਟੀ ਲਈ ਇਹ ਸਮਾਂ ਆਪਣੀ ਪਕੜ ਮਜ਼ਬੂਤ ਕਰਨ ਅਤੇ ਦੇਸ਼ ਦੀ ਆਰਥਿਕਤਾ ਨੂੰ ਨਵੀਂ ਸੇਧ ਦੇਣ ਦਾ ਹੈ।

ਦੂਜੇ ਪਾਸੇ, ਕੰਜ਼ਰਵੇਟਿਵ ਪਾਰਟੀ ਲਈ ਇਨ੍ਹਾਂ ਉਪ-ਚੋਣਾਂ ਦਾ ਸਭ ਤੋਂ ਵੱਡਾ ਤੋਹਫ਼ਾ 'ਸਮਾਂ' ਹੈ। ਜਦੋਂ ਕਿ ਸਰਕਾਰ ਆਪਣੇ ਬਹੁਮਤ ਦੇ ਕੰਮਾਂ ਵਿੱਚ ਰੁੱਝੀ ਹੋਵੇਗੀ, ਅਧਿਕਾਰਤ ਵਿਰੋਧੀ ਧਿਰ ਕੋਲ ਆਪਣੇ ਆਪ ਨੂੰ ਇੱਕ ਪ੍ਰਭਾਵਸ਼ਾਲੀ ਅਤੇ ਗੰਭੀਰ ਪਾਰਟੀ ਵਜੋਂ ਸਥਾਪਿਤ ਕਰਨ ਲਈ ਕਾਫ਼ੀ ਵਕਤ ਹੋਵੇਗਾ। ਹੁਣ ਉਹ ਅਗਲੇ ਛੇ ਮਹੀਨਿਆਂ ਦੀ ਬਜਾਏ 2029 ਦੀ ਚੋਣ ਮੁਹਿੰਮ ਨੂੰ ਧਿਆਨ ਵਿੱਚ ਰੱਖ ਕੇ ਆਪਣੀ ਰਣਨੀਤੀ ਬਣਾ ਸਕਦੇ ਹਨ। 2019 ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਉਹ ਘੱਟ ਗਿਣਤੀ ਸਰਕਾਰ ਦੇ ਦਬਾਅ ਤੋਂ ਮੁਕਤ ਹੋ ਕੇ ਲੰਬੇ ਸਮੇਂ ਦੀ ਯੋਜਨਾਬੰਦੀ ਕਰ ਸਕਣਗੇ। ਕੈਨੇਡਾ ਦੇ ਚੈੱਕ ਐਂਡ ਬੈਲੇਂਸ ਸਿਸਟਮ ਦੇ ਸਹੀ ਢੰਗ ਨਾਲ ਕੰਮ ਕਰਨ ਲਈ ਇੱਕ ਮਜ਼ਬੂਤ, ਜ਼ਿੰਮੇਵਾਰ ਅਤੇ ਪੜ੍ਹੀ-ਲਿਖੀ ਵਿਰੋਧੀ ਧਿਰ ਦਾ ਹੋਣਾ ਬਹੁਤ ਜ਼ਰੂਰੀ ਹੈ, ਜਿਸ ਵਿੱਚ ਸਮਰੱਥ ਸੰਸਦ ਮੈਂਬਰ ਹੋਣ।

ਚੰਗੀ ਖ਼ਬਰ ਇਹ ਹੈ ਕਿ ਪੀਅਰੇ ਪੋਇਲੀਵਰੇ ਦੀ ਅਗਵਾਈ ਹੇਠ ਕੰਜ਼ਰਵੇਟਿਵ ਪਾਰਟੀ ਇਸ ਭੂਮਿਕਾ ਲਈ ਪੂਰੀ ਤਰ੍ਹਾਂ ਤਿਆਰ ਹੈ। ਹਾਲਾਂਕਿ ਹਰ ਪਾਰਟੀ ਦਾ ਸੁਪਨਾ ਸੱਤਾ 'ਤੇ ਕਾਬਜ਼ ਹੋਣਾ ਹੁੰਦਾ ਹੈ, ਪਰ ਬਹੁਮਤ ਵਾਲੀ ਪਾਰਲੀਮੈਂਟ ਵਿੱਚ ਇੱਕ ਪ੍ਰਭਾਵਸ਼ਾਲੀ ਵਿਰੋਧੀ ਧਿਰ ਹੋਣਾ ਵੀ ਦੇਸ਼ ਦੇ ਹਿੱਤ ਵਿੱਚ ਹੈ। ਪਾਰਟੀ ਕੋਲ ਪੀਅਰੇ ਪੋਇਲੀਵਰੇ ਤੋਂ ਇਲਾਵਾ ਮਾਈਕਲ ਚੌਂਗ, ਰਾਕੇਲ ਡੈਨਚੋ, ਐਡਮ ਚੈਂਬਰਸ, ਮਿਸ਼ੇਲ ਰੈਂਪਲ, ਗੇਰਾਰਡ ਡੇਲਟੇਲ ਅਤੇ ਲੈਲਾ ਗੁਡਰਿੱਜ ਵਰਗੇ ਕਈ ਤਜਰਬੇਕਾਰ ਆਗੂ ਹਨ। ਇਹ ਆਗੂ ਨਾ ਸਿਰਫ਼ ਸਰਕਾਰ ਦੇ ਕੰਮਾਂ ਦੀ ਆਲੋਚਨਾ ਕਰਨ ਦੀ ਸਮਰੱਥਾ ਰੱਖਦੇ ਹਨ, ਸਗੋਂ ਨਵੇਂ ਪ੍ਰਸਤਾਵ ਅਤੇ ਸੋਧਾਂ ਪੇਸ਼ ਕਰਕੇ ਆਪਣੇ ਆਪ ਨੂੰ ਸਰਕਾਰ ਚਲਾਉਣ ਦੇ ਯੋਗ ਵਿਕਲਪ ਵਜੋਂ ਵੀ ਪੇਸ਼ ਕਰ ਸਕਦੇ ਹਨ। ਜਨਤਾ ਦੇ ਮਨਾਂ ਵਿੱਚ ਆਪਣੀ ਜਗ੍ਹਾ ਬਣਾਉਣ ਲਈ ਉਨ੍ਹਾਂ ਨੂੰ ਧੀਰਜ ਨਾਲ ਕੰਮ ਕਰਨਾ ਪਵੇਗਾ।

ਇਸ ਸਮੇਂ ਦੇ ਵਕਫ਼ੇ ਦੌਰਾਨ ਕੰਜ਼ਰਵੇਟਿਵ ਪਾਰਟੀ ਨੂੰ ਆਪਣੀਆਂ ਨੀਤੀਆਂ ਦੇ ਪੱਤਰ (ਪਾਲਿਸੀ ਬੁੱਕ) ਨੂੰ ਮੁੜ ਤਿਆਰ ਕਰਨ ਦੀ ਲੋੜ ਹੈ। ਫੰਡ ਜੁਟਾਉਣ ਵਿੱਚ ਪਾਰਟੀ ਹਮੇਸ਼ਾ ਮੋਹਰੀ ਰਹੀ ਹੈ ਅਤੇ ਪੀਅਰੇ ਪੋਇਲੀਵਰੇ ਦੀ ਮਿਹਨਤ 'ਤੇ ਕੋਈ ਸਵਾਲ ਨਹੀਂ ਉਠਾਇਆ ਜਾ ਸਕਦਾ। ਪਰ 2029 ਅਤੇ ਉਸ ਤੋਂ ਬਾਅਦ ਲਈ ਇੱਕ ਗੰਭੀਰ ਨੀਤੀਗਤ ਢਾਂਚਾ ਤਿਆਰ ਕਰਨਾ ਹੁਣ ਸਮੇਂ ਦੀ ਮੁੱਖ ਮੰਗ ਹੈ। ਸਿਰਫ਼ ਟੈਕਸਾਂ, ਪਾਈਪਲਾਈਨਾਂ ਅਤੇ ਰੋਜ਼ਾਨਾ ਦੇ ਭਖਦੇ ਮੁੱਦਿਆਂ 'ਤੇ ਗੱਲ ਕਰਨਾ ਕਾਫ਼ੀ ਨਹੀਂ ਹੋਵੇਗਾ। ਹਾਲਾਂਕਿ ਇਮੀਗ੍ਰੇਸ਼ਨ, ਹਾਊਸਿੰਗ ਅਤੇ ਰਹਿਣ-ਸਹਿਣ ਦੀ ਲਾਗਤ ਵਰਗੇ ਮੁੱਦਿਆਂ 'ਤੇ ਪਾਰਟੀ ਨੇ ਕੁਝ ਹੱਦ ਤੱਕ ਕੰਮ ਕੀਤਾ ਹੈ, ਪਰ ਕਈ ਹੋਰ ਖੇਤਰਾਂ ਵਿੱਚ ਅਜੇ ਵੀ ਵਿਚਾਰਾਂ ਦੀ ਕਮੀ ਨਜ਼ਰ ਆਉਂਦੀ ਹੈ।

ਖੇਤੀਬਾੜੀ ਨੀਤੀ ਦੇ ਆਧੁਨਿਕੀਕਰਨ ਅਤੇ ਊਰਜਾ ਤੋਂ ਇਲਾਵਾ ਗਲੋਬਲ ਬਾਜ਼ਾਰਾਂ ਦੇ ਵਿਸਥਾਰ ਬਾਰੇ ਪਾਰਟੀ ਦਾ ਕੀ ਸਟੈਂਡ ਹੈ, ਇਹ ਸਪਸ਼ਟ ਹੋਣਾ ਚਾਹੀਦਾ ਹੈ। ਕੀ ਪਾਰਟੀ ਕੋਲ ਕੋਈ ਸੱਭਿਆਚਾਰਕ ਨੀਤੀ ਹੈ ਜਾਂ ਇਸ ਬਾਰੇ ਕੋਈ ਸੋਚ ਹੈ? ਵਾਤਾਵਰਣ ਅਤੇ ਜਲਵਾਯੂ ਤਬਦੀਲੀ ਵਰਗੇ ਅਹਿਮ ਮੁੱਦੇ ਇਸ ਸਮੇਂ ਸਿਆਸੀ ਤਰਜੀਹਾਂ ਵਿੱਚੋਂ ਗਾਇਬ ਜਾਪਦੇ ਹਨ, ਪਰ ਭਵਿੱਖ ਵਿੱਚ ਇਹ ਸਰਕਾਰ ਲਈ ਵੱਡੀ ਚੁਣੌਤੀ ਬਣ ਸਕਦੇ ਹਨ। ਅਪਾਹਜਤਾ ਨਾਲ ਜੂਝ ਰਹੇ ਕੈਨੇਡੀਅਨਾਂ ਬਾਰੇ ਰਿਕ ਹੈਨਸਨ ਦੇ ਹਾਲੀਆ ਭਾਸ਼ਣ ਨੇ ਇੱਕ ਮਹੱਤਵਪੂਰਨ ਮੁੱਦਾ ਛੇੜਿਆ ਹੈ, ਜਿਸ 'ਤੇ ਵਿਰੋਧੀ ਧਿਰ ਨੂੰ ਆਪਣਾ ਪੱਖ ਰੱਖਣਾ ਚਾਹੀਦਾ ਹੈ। ਇਹ ਸਮਾਂ ਚੰਗੀਆਂ ਨੀਤੀਆਂ ਘੜਨ ਅਤੇ ਦੇਸ਼ ਦੇ ਭਵਿੱਖ ਲਈ ਇੱਕ ਠੋਸ ਵਿਕਲਪ ਤਿਆਰ ਕਰਨ ਦਾ ਹੈ।

ਬਲਾਕ ਕਿਊਬੇਕੋਇਸ ਲਈ ਵੀ ਇਨ੍ਹਾਂ ਨਤੀਜਿਆਂ ਵਿੱਚ ਇੱਕ ਵੱਖਰਾ ਸੁਨੇਹਾ ਛੁਪਿਆ ਹੋਇਆ ਹੈ। ਉਹ ਹੁਣ ਆਪਣੀ ਸਾਰੀ ਊਰਜਾ ਕਿਊਬਿਕ ਵਿੱਚ ਹੋਣ ਵਾਲੀਆਂ ਆਉਣ ਵਾਲੀਆਂ ਸੂਬਾਈ ਚੋਣਾਂ ਵਿੱਚ ਲਗਾ ਸਕਦੇ ਹਨ। ਪਾਰਲੀਮੈਂਟ ਵਿੱਚ ਇੱਕ ਤੀਜੀ ਧਿਰ ਵਜੋਂ ਉਹ ਆਪਣੀ 'ਕਿਊਬਿਕ ਫਸਟ' ਵਾਲੀ ਪਹੁੰਚ ਨੂੰ ਜਾਰੀ ਰੱਖਣਗੇ। ਉਹ ਅਜਿਹੇ ਮੁੱਦੇ ਚੁੱਕਣਗੇ ਜੋ ਸੂਬੇ ਵਿੱਚ ਉਨ੍ਹਾਂ ਦੇ ਸਾਥੀਆਂ, ਪਾਰਟੀ ਕਿਊਬੇਕੋਇਸ ਲਈ ਸਿਆਸੀ ਤੌਰ 'ਤੇ ਫਾਇਦੇਮੰਦ ਹੋਣ। ਚੋਣਾਂ ਤੋਂ ਬਾਅਦ ਉਹ ਜਾਂ ਤਾਂ ਨਵੀਂ ਚੁਣੀ ਗਈ ਪੀ.ਕਿਊ. ਸਰਕਾਰ ਦੀਆਂ ਮੰਗਾਂ ਦੇ ਸਮਰਥਕ ਵਜੋਂ ਕੰਮ ਕਰਨਗੇ ਜਾਂ ਫੈਡਰਲ ਲਿਬਰਲ ਅਤੇ ਕਿਊਬਿਕ ਲਿਬਰਲ ਗਠਜੋੜ ਵਿਰੁੱਧ ਕਿਊਬਿਕ ਦੇ ਹਿੱਤਾਂ ਦੇ ਰਾਖੇ ਵਜੋਂ ਆਪਣੇ ਆਪ ਨੂੰ ਪੇਸ਼ ਕਰਨਗੇ। 1993 ਤੋਂ ਚੱਲੀ ਆ ਰਹੀ ਉਨ੍ਹਾਂ ਦੀ ਇਹ ਰਣਨੀਤੀ ਆਉਣ ਵਾਲੇ ਸਾਲਾਂ ਵਿੱਚ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ।

ਐਨ.ਡੀ.ਪੀ. ਲਈ ਵੀ ਇਹ ਉਪ-ਚੋਣਾਂ ਇੱਕ ਚੇਤਾਵਨੀ ਅਤੇ ਮੌਕਾ ਦੋਵੇਂ ਲੈ ਕੇ ਆਈਆਂ ਹਨ। ਕੰਜ਼ਰਵੇਟਿਵਾਂ ਦੀ ਤਰ੍ਹਾਂ, ਉਨ੍ਹਾਂ ਲਈ ਵੀ ਸਭ ਤੋਂ ਵੱਡੀ ਜਿੱਤ ਸਮੇਂ ਦੀ ਪ੍ਰਾਪਤੀ ਹੈ। ਉਨ੍ਹਾਂ ਨੂੰ ਆਪਣੀ ਸੰਗਠਨਾਤਮਕ ਸਮਰੱਥਾ ਵਧਾਉਣ, ਫੰਡ ਇਕੱਠੇ ਕਰਨ ਅਤੇ ਆਪਣੇ ਨਵੇਂ ਨੇਤਾ ਐਵੀ ਲੇਵਿਸ ਲਈ ਪਾਰਲੀਮੈਂਟ ਵਿੱਚ ਸੀਟ ਲੱਭਣ ਦੀ ਲੋੜ ਹੈ। ਜੇਕਰ ਕੈਨੇਡੀਅਨ ਜਨਤਾ ਪ੍ਰਧਾਨ ਮੰਤਰੀ ਕਾਰਨੀ ਦੀਆਂ ਨੀਤੀਆਂ ਬਾਰੇ ਖੱਬੇ ਪੱਖੀ ਵਿਚਾਰਧਾਰਾ ਦੀ ਆਲੋਚਨਾ ਸੁਣਨਾ ਚਾਹੁੰਦੀ ਹੈ, ਤਾਂ ਐਵੀ ਲੇਵਿਸ ਦਾ ਪਾਰਲੀਮੈਂਟ ਵਿੱਚ ਹੋਣਾ ਬਹੁਤ ਜ਼ਰੂਰੀ ਹੈ। ਮੌਜੂਦਾ ਮੈਂਬਰਾਂ ਵਿੱਚੋਂ ਕਿਸੇ ਇੱਕ ਨੂੰ ਉਨ੍ਹਾਂ ਲਈ ਜਗ੍ਹਾ ਖਾਲੀ ਕਰਨੀ ਪਵੇਗੀ। ਡੌਨ ਡੇਵਿਸ, ਜੋ ਲੰਬੇ ਸਮੇਂ ਤੋਂ ਸੰਸਦ ਮੈਂਬਰ ਹਨ, ਇਸ ਲਈ ਇੱਕ ਸੰਭਾਵੀ ਉਮੀਦਵਾਰ ਹੋ ਸਕਦੇ ਹਨ ਤਾਂ ਜੋ ਪਾਰਟੀ ਵਿੱਚ ਨਵੀਂ ਰੂਹ ਫੂਕੀ ਜਾ ਸਕੇ।

ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਤਿੰਨ ਉਪ-ਚੋਣਾਂ ਨੇ ਭਾਵੇਂ ਸੱਤਾ ਦਾ ਸੰਤੁਲਨ ਬਦਲ ਦਿੱਤਾ ਹੈ, ਪਰ ਇਸ ਨੇ ਹਰ ਪਾਰਟੀ ਨੂੰ ਆਪਣੀਆਂ ਕਮੀਆਂ ਸੁਧਾਰਨ ਅਤੇ ਭਵਿੱਖ ਲਈ ਤਿਆਰ ਹੋਣ ਦਾ ਮੌਕਾ ਦਿੱਤਾ ਹੈ। ਜੇਕਰ ਅਸੀਂ ਗੰਭੀਰਤਾ ਨਾਲ ਦੇਖੀਏ ਤਾਂ ਇਹ ਸਥਿਤੀ ਕੈਨੇਡੀਅਨ ਲੋਕਤੰਤਰ ਲਈ ਬੁਰੀ ਨਹੀਂ ਹੈ। ਲਿਬਰਲ ਪਾਰਟੀ ਕੋਲ ਆਪਣਾ ਵਿਜ਼ਨ ਲਾਗੂ ਕਰਨ ਲਈ ਬਹੁਮਤ ਹੈ, ਜਦੋਂ ਕਿ ਵਿਰੋਧੀ ਧਿਰਾਂ ਕੋਲ ਆਪਣੇ ਆਪ ਨੂੰ ਮੁੜ ਸਥਾਪਿਤ ਕਰਨ ਲਈ ਸਮਾਂ ਹੈ। ਆਉਣ ਵਾਲੇ ਮਹੀਨੇ ਅਤੇ ਸਾਲ ਇਹ ਤੈਅ ਕਰਨਗੇ ਕਿ ਕਿਹੜੀ ਪਾਰਟੀ ਇਸ ਸਮੇਂ ਦਾ ਸਹੀ ਉਪਯੋਗ ਕਰਦੀ ਹੈ ਅਤੇ ਕੌਣ ਸਿਰਫ਼ ਸਿਆਸੀ ਗਿਣਤੀ-ਮਿਣਤੀ ਵਿੱਚ ਉਲਝ ਕੇ ਰਹਿ ਜਾਂਦਾ ਹੈ। ਕੈਨੇਡਾ ਦੀ ਸਿਆਸਤ ਵਿੱਚ ਇਹ ਇੱਕ ਨਵੀਂ ਸਵੇਰ ਵਰਗਾ ਹੈ, ਜਿੱਥੇ ਹਰ ਕਿਸੇ ਲਈ ਕੁਝ ਨਾ ਕੁਝ ਚੰਗਾ ਲੱਭਿਆ ਜਾ ਸਕਦਾ ਹੈ।

ਕੈਨੇਡੀਅਨ ਪੰਜਾਬ ਟਾਈਮਜ਼
Canadian Punjab Times
Funded by the Government of Canada | Financé par le gouvernement du Canada | Canada

- **Dr. Puran Singh**
  Writer
- **Divroop Kaur**
  Journalist
- **Brar Bhagta Bhai Ka**
  604-751-1113
- **Harkirat Kaur**
  Administrator
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਅਮਰੀਕਾ ਅਤੇ ਇਰਾਨ ਵਿਚਾਲੇ ਜੰਗਬੰਦੀ ਵਧਾਉਣ ਲਈ ਕੋਸ਼ਿਸ਼ਾਂ ਜਾਰੀ, ਇਸਲਾਮਾਬਾਦ ਵਿੱਚ ਹੋ ਸਕਦੀ ਹੈ ਦੂਜੇ ਦੌਰ ਦੀ ਵਾਰਤਾ

ਵਾਸ਼ਿੰਗਟਨ, (ਬਰਾੜ ਭਗਤਾ ਭਾਈਕਾ ): ਮੱਧ ਪੂਰਬ ਵਿੱਚ ਲਗਭਗ 7 ਹਫ਼ਤਿਆਂ ਤੋਂ ਜਾਰੀ ਜੰਗ ਤੋਂ ਬਾਅਦ ਹੁਣ ਤਣਾਅ ਨੂੰ ਘੱਟ ਕਰਨ ਅਤੇ ਜੰਗਬੰਦੀ ਦੀ ਮਿਆਦ ਵਧਾਉਣ ਲਈ ਕੂਟਨੀਤਕ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਇਸੇ ਲੜੀ ਤਹਿਤ ਪਾਕਿਸਤਾਨ ਦੇ ਫ਼ੌਜ ਮੁਖੀ ਨੇ ਬੁੱਧਵਾਰ ਨੂੰ ਤਹਿਰਾਨ ਵਿੱਚ ਇਰਾਨ ਦੇ ਵਿਦੇਸ਼ ਮੰਤਰੀ ਨਾਲ ਮੁਲਾਕਾਤ ਕੀਤੀ। ਇਸ ਉੱਚ ਪੱਧਰੀ ਬੈਠਕ ਦਾ ਮੁੱਖ ਉਦੇਸ਼ ਅਮਰੀਕਾ ਅਤੇ ਇਰਾਨ ਵਿਚਾਲੇ ਗੱਲਬਾਤ ਦੇ ਦੂਜੇ ਦੌਰ ਲਈ ਰਾਹ ਪੱਧਰਾ ਕਰਨਾ ਹੈ। ਵ੍ਹਾਈਟ ਹਾਊਸ ਨੇ ਸੰਕੇਤ ਦਿੱਤੇ ਹਨ ਕਿ ਜੇਕਰ ਦੋਵੇਂ ਧਿਰਾਂ ਸਹਿਮਤ ਹੁੰਦੀਆਂ ਹਨ, ਤਾਂ ਅਗਲੀ ਵਾਰਤਾ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਹੋ ਸਕਦੀ ਹੈ। ਹਾਲਾਂਕਿ, ਅਜੇ ਤੱਕ ਗੱਲਬਾਤ ਨੂੰ ਰਸਮੀ ਤੌਰ ਉੱਤੇ ਮੁੜ ਸ਼ੁਰੂ ਕਰਨ ਬਾਰੇ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਵਿਚੋਲੇ ਕੋਸ਼ਿਸ਼ ਕਰ ਰਹੇ ਹਨ ਕਿ ਅਗਲੇ ਹਫ਼ਤੇ ਜੰਗਬੰਦੀ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਕੋਈ ਸਾਰਥਕ ਸਮਝੌਤਾ ਸਿਰੇ ਚੜ੍ਹ ਸਕੇ।

ਦੂਜੇ ਪਾਸੇ, ਅਮਰੀਕਾ ਵੱਲੋਂ ਇਰਾਨੀ ਬੰਦਰਗਾਹਾਂ ਦੀ ਸਮੁੰਦਰੀ ਨਾਕਾਬੰਦੀ ਲਗਾਤਾਰ ਤੀਜੇ ਦਿਨ ਵੀ ਜਾਰੀ ਰਹੀ। ਟਰੰਪ ਪ੍ਰਸ਼ਾਸਨ ਨੇ ਇਰਾਨ ਨਾਲ ਵਪਾਰ ਕਰਨ ਵਾਲੇ ਦੇਸ਼ਾਂ ਨੂੰ ਸਖ਼ਤ ਚੇਤਾਵਨੀ ਦਿੰਦਿਆਂ ਨਵੀਆਂ ਆਰਥਿਕ ਪਾਬੰਦੀਆਂ ਲਗਾਉਣ ਦੀ ਗੱਲ ਕਹੀ ਹੈ। ਵ੍ਹਾਈਟ ਹਾਊਸ ਦਾ ਕਹਿਣਾ ਹੈ ਕਿ ਇਰਾਨ ਨੂੰ ਇਸ ਨਾਕਾਬੰਦੀ ਅਤੇ ਪਾਬੰਦੀਆਂ ਕਾਰਨ ਇੱਕ ਵੱਡੀ ਆਰਥਿਕ ਸੱਟ ਵੱਜੇਗੀ, ਜੋ ਕਿ ਕਿਸੇ ਬੰਬਾਰੀ ਮੁਹਿੰਮ ਦੇ ਵਿੱਤੀ ਬਰਾਬਰ ਹੋਵੇਗੀ। ਇਸ ਤਣਾਅਪੂਰਨ ਮਾਹੌਲ ਵਿੱਚ ਪਾਕਿਸਤਾਨ



ਇੱਕ ਅਹਿਮ ਵਿਚੋਲੇ ਵਜੋਂ ਉੱਭਰਿਆ ਹੈ। ਇਸ ਤੋਂ ਪਹਿਲਾਂ ਵੀ ਇਸਲਾਮਾਬਾਦ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਸਿੱਧੀ ਗੱਲਬਾਤ ਹੋਈ ਸੀ, ਜਿਸ ਬਾਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਮਤਭੇਦਾਂ ਨੂੰ ਘੱਟ ਕਰਨ ਵਿੱਚ ਮਦਦ ਮਿਲੀ ਸੀ। ਪਾਕਿਸਤਾਨੀ ਫ਼ੌਜੀ ਵਫ਼ਦ ਵਿੱਚ ਦੇਸ਼ ਦੇ ਗ੍ਰਹਿ ਮੰਤਰੀ ਅਤੇ ਹੋਰ ਸੀਨੀਅਰ ਸੁਰੱਖਿਆ ਅਧਿਕਾਰੀ ਵੀ ਸ਼ਾਮਲ ਹਨ, ਜੋ ਲਗਾਤਾਰ ਇਰਾਨੀ ਲੀਡਰਸ਼ਿਪ ਨਾਲ ਸੰਪਰਕ ਵਿੱਚ ਹਨ।

ਵਾਰਤਾ ਵਿੱਚ ਤਿੰਨ ਮੁੱਖ ਮੁੱਦੇ ਅਜੇ ਵੀ ਰੁਕਾਵਟ ਬਣੇ ਹੋਏ ਹਨ: ਇਰਾਨ ਦਾ ਪਰਮਾਣੂ ਪ੍ਰੋਗਰਾਮ, ਹੋਰਮੂਜ਼ ਜਲਡਮਰੂ ਮੱਧ ਦੀ ਸਥਿਤੀ ਅਤੇ ਜੰਗ ਦੌਰਾਨ ਹੋਏ ਨੁਕਸਾਨ ਦਾ ਮੁਆਵਜ਼ਾ। ਉਪ ਰਾਸ਼ਟਰਪਤੀ ਜੇਡੀ ਵੈਂਸ ਦੀ ਅਗਵਾਈ ਵਾਲੀ ਅਮਰੀਕੀ ਟੀਮ ਨੇ ਇਰਾਨ ਨੂੰ ਯੂਰੇਨੀਅਮ ਸੰਵਰਧਨ ਉੱਤੇ 20 ਸਾਲਾਂ ਦੀ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ। ਇਸ ਦੇ ਜਵਾਬ ਵਿੱਚ ਇਰਾਨ ਨੇ ਸਿਰਫ਼ 5 ਸਾਲਾਂ ਲਈ ਸੰਵਰਧਨ ਰੋਕਣ ਦੀ ਪੇਸ਼ਕਸ਼ ਕੀਤੀ ਹੈ, ਜਿਸ ਨੂੰ ਵ੍ਹਾਈਟ ਹਾਊਸ ਨੇ ਰੱਦ ਕਰ ਦਿੱਤਾ ਹੈ। ਇਰਾਨ ਦਾ ਕਹਿਣਾ ਹੈ ਕਿ ਉਹ ਆਪਣੀਆਂ ਲੋੜਾਂ ਅਨੁਸਾਰ ਸੰਵਰਧਨ ਜਾਰੀ ਰੱਖਣ ਦੇ ਅਧਿਕਾਰ ਨੂੰ ਨਹੀਂ ਛੱਡੇਗਾ। ਇਹਨਾਂ ਮਤਭੇਦਾਂ ਨੇ ਵਾਰਤਾ ਨੂੰ ਕਾਫ਼ੀ ਪੇਚੀਦਾ ਬਣਾ ਦਿੱਤਾ ਹੈ, ਜਦਕਿ ਜੰਗਬੰਦੀ ਖ਼ਤਮ ਹੋਣ ਵਿੱਚ ਹੁਣ ਬਹੁਤ ਘੱਟ ਸਮਾਂ ਬਾਕੀ ਰਹਿ ਗਿਆ ਹੈ।

ਇਸ ਜੰਗ ਨੇ ਮਨੁੱਖੀ ਅਤੇ ਆਰਥਿਕ ਪੱਧਰ ਉੱਤੇ ਭਾਰੀ ਨੁਕਸਾਨ ਪਹੁੰਚਾਇਆ ਹੈ। ਅੰਕੜਿਆਂ ਅਨੁਸਾਰ ਇਰਾਨ ਵਿੱਚ ਹੁਣ ਤੱਕ ਲਗਭਗ 3000 ਲੋਕ ਮਾਰੇ ਜਾ ਚੁੱਕੇ ਹਨ, ਜਦਕਿ ਲੇਬਨਾਨ ਵਿੱਚ ਇਹ ਗਿਣਤੀ 2100 ਤੋਂ ਪਾਰ ਹੈ। ਇਜ਼ਰਾਈਲ ਵਿੱਚ 23 ਅਤੇ ਖਾੜੀ ਦੇਸ਼ਾਂ ਵਿੱਚ ਇੱਕ ਦਰਜਨ ਤੋਂ ਵੱਧ ਲੋਕਾਂ ਦੀ ਜਾਨ ਗਈ ਹੈ। ਇਸ ਸੰਘਰਸ਼ ਵਿੱਚ 13 ਅਮਰੀਕੀ ਸੈਨਿਕ ਵੀ ਹਲਾਕ ਹੋਏ ਹਨ। ਜੰਗ ਕਾਰਨ ਵਿਸ਼ਵ ਅਰਥਵਿਵਸਥਾ ਅਤੇ ਸਪਲਾਈ ਚੇਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਉਹਨਾਂ ਨੂੰ ਲੱਗਦਾ ਹੈ ਕਿ ਇਰਾਨ ਬਹੁਤ ਜਲਦੀ ਸਮਝੌਤਾ ਕਰਨਾ ਚਾਹੁੰਦਾ ਹੈ। ਉਹਨਾਂ ਨੇ ਇਹ ਵੀ ਦਾਅਵਾ ਕੀਤਾ ਕਿ ਚੀਨ ਇਰਾਨ ਨੂੰ ਹਥਿਆਰ ਸਪਲਾਈ ਨਾ ਕਰਨ ਲਈ ਸਹਿਮਤ ਹੋ ਗਿਆ ਹੈ। ਫਿਲਹਾਲ ਸਾਰਿਆਂ ਦੀਆਂ ਨਜ਼ਰਾਂ ਮੰਗਲਵਾਰ 'ਤੇ ਟਿਕੀਆਂ ਹੋਈਆਂ ਹਨ, ਜਦੋਂ ਮੌਜੂਦਾ ਜੰਗਬੰਦੀ ਦੀ ਮਿਆਦ ਖ਼ਤਮ ਹੋਣੀ ਹੈ।

# ਸੈਵਨ-ਇਲੈਵਨ ਵੱਲੋਂ ਉੱਤਰੀ ਅਮਰੀਕਾ ਵਿੱਚ 645 ਸਟੋਰ ਬੰਦ ਕਰਨ ਦਾ ਫੈਸਲਾ

ਸਰੀ, (ਦਿਵਰੂਪ ਕੌਰ): ਸੈਵਨ-ਇਲੈਵਨ ਕੰਪਨੀ ਨੇ ਐਲਾਨ ਕੀਤਾ ਹੈ ਕਿ ਉਹ ਇਸ ਸਾਲ ਉੱਤਰੀ ਅਮਰੀਕਾ ਵਿੱਚ ਆਪਣੇ ਸੈਂਕੜੇ ਸਟੋਰ ਬੰਦ ਕਰਨ ਜਾ ਰਹੀ ਹੈ। ਪਿਛਲੇ ਹਫ਼ਤੇ ਜਾਰੀ ਕੀਤੀ ਗਈ ਵਿੱਤੀ ਰਿਪੋਰਟ ਅਨੁਸਾਰ ਕੰਪਨੀ ਸਾਲ 2026 ਦੇ ਵਿੱਤੀ ਵਰ੍ਹੇ ਦੌਰਾਨ ਲਗਭਗ 645 ਸਟੋਰਾਂ ਨੂੰ ਤਾਲਾ ਲਗਾਉਣ ਦੀ ਯੋਜਨਾ ਬਣਾ ਰਹੀ ਹੈ। ਇਹ ਗਿਣਤੀ ਕੰਪਨੀ ਵੱਲੋਂ ਇਸੇ ਸਮੇਂ ਦੌਰਾਨ ਖੋਲ੍ਹੇ ਜਾਣ ਵਾਲੇ 205 ਨਵੇਂ ਸਟੋਰਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ। ਕੰਪਨੀ ਦੇ ਇਸ ਫੈਸਲੇ ਨੇ ਪ੍ਰਚੂਨ ਬਾਜ਼ਾਰ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ ਕਿਉਂਕਿ ਇਹ ਕਦਮ ਕੰਪਨੀ ਦੀ ਭਵਿੱਖੀ ਰਣਨੀਤੀ ਵਿੱਚ ਇੱਕ ਵੱਡੇ ਬਦਲਾਅ ਵੱਲ ਇਸ਼ਾਰਾ ਕਰਦਾ ਹੈ। ਅਮਰੀਕਾ ਅਤੇ ਕੈਨੇਡਾ ਵਿੱਚ ਸਥਿਤ ਇਹਨਾਂ ਸਟੋਰਾਂ ਦੇ ਬੰਦ ਹੋਣ ਨਾਲ ਹਜ਼ਾਰਾਂ ਮੁਲਾਜ਼ਮਾਂ ਅਤੇ ਸਥਾਨਕ ਗਾਹਕਾਂ ਉੱਤੇ ਅਸਰ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਜਪਾਨ ਸਥਿਤ ਸੈਵਨ ਐਂਡ ਆਈ ਹੋਲਡਿੰਗਜ਼ ਜੋ ਕਿ ਇਸ ਪ੍ਰਸਿੱਧ ਚੇਨ ਦੀ ਮੁੱਖ ਕੰਪਨੀ ਹੈ, ਨੇ ਦੱਸਿਆ ਕਿ ਇਹਨਾਂ ਸਟੋਰਾਂ ਨੂੰ ਬੰਦ ਕਰਨ ਦਾ ਇੱਕ ਮੁੱਖ ਕਾਰਨ ਉਹਨਾਂ ਨੂੰ ਥੋਕ ਤੇਲ ਸਟੋਰਾਂ ਯਾਨੀ ਹੋਲਸੇਲ ਫਿਊਲ ਸਟੋਰਾਂ ਵਿੱਚ ਤਬਦੀਲ ਕਰਨਾ ਵੀ ਹੈ। ਵਿੱਤੀ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਸੈਵਨ-ਇਲੈਵਨ ਇੰਕ ਪਿਛਲੇ ਕੁਝ ਸਾਲਾਂ ਤੋਂ ਉੱਤਰੀ ਅਮਰੀਕਾ ਵਿੱਚ ਲਗਾਤਾਰ ਨਵੇਂ ਥੋਕ ਤੇਲ ਸਟੋਰ ਖੋਲ੍ਹ ਰਹੀ ਹੈ। ਦਸੰਬਰ 2025 ਤੱਕ ਕੰਪਨੀ ਦੇ ਅਜਿਹੇ ਸਟੋਰਾਂ ਦੀ ਗਿਣਤੀ 900 ਤੋਂ ਪਾਰ ਪਹੁੰਚ ਚੁੱਕੀ ਸੀ। ਹਾਲਾਂਕਿ ਕੰਪਨੀ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਕਿਹੜੇ ਖਾਸ ਇਲਾਕਿਆਂ ਦੇ ਸਟੋਰ ਬੰਦ ਕੀਤੇ ਜਾਣਗੇ ਪਰ ਇਹ ਸਪੱਸ਼ਟ ਹੈ ਕਿ ਕੰਪਨੀ ਹੁਣ ਆਪਣੇ ਰਵਾਇਤੀ ਮਾਡਲ ਤੋਂ ਹਟ ਕੇ ਤੇਲ ਕਾਰੋਬਾਰ ਵੱਲ ਵਧੇਰੇ ਧਿਆਨ ਦੇ ਰਹੀ ਹੈ।

ਜੇਕਰ ਕੰਪਨੀ ਦੇ ਵਿਸ਼ਵਵਿਆਪੀ ਫੈਲਾਅ ਦੀ ਗੱਲ ਕਰੀਏ ਤਾਂ ਮੌਜੂਦਾ ਸਮੇਂ ਵਿੱਚ 19 ਦੇਸ਼ਾਂ ਵਿੱਚ ਸੈਵਨ-ਇਲੈਵਨ ਦੇ 86,000 ਤੋਂ




ਵੱਧ ਸਟੋਰ ਚੱਲ ਰਹੇ ਹਨ। ਉੱਤਰੀ ਅਮਰੀਕਾ ਵਿੱਚ ਟੈਕਸਾਸ ਸਥਿਤ ਇਸ ਦਾ ਮੁੱਖ ਦਫ਼ਤਰ ਅਮਰੀਕਾ ਅਤੇ ਕੈਨੇਡਾ ਵਿੱਚ ਫੈਲੇ 13,000 ਤੋਂ ਵੱਧ ਸਟੋਰਾਂ ਦਾ ਪ੍ਰਬੰਧ ਦੇਖਦਾ ਹੈ। ਇੰਨੇ ਵੱਡੇ ਪੱਧਰ ਉੱਤੇ ਫੈਲੀ ਹੋਈ ਕੰਪਨੀ ਵੱਲੋਂ ਸੈਂਕੜੇ ਸਟੋਰ ਬੰਦ ਕਰਨ ਦਾ ਫੈਸਲਾ ਅਚਾਨਕ ਨਹੀਂ ਲਿਆ ਗਿਆ ਹੈ।

ਕੰਪਨੀ ਦਾ ਕਹਿਣਾ ਹੈ ਕਿ ਉਹਨਾਂ ਸਟੋਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਜੋ ਲੰਬੇ ਸਮੇਂ ਤੋਂ ਘਾਟੇ ਵਿੱਚ ਚੱਲ ਰਹੇ ਸਨ ਜਾਂ ਜਿਹਨਾਂ ਦੀ ਕਾਰਗੁਜ਼ਾਰੀ ਉਮੀਦ ਮੁਤਾਬਕ ਨਹੀਂ ਸੀ। ਕੰਪਨੀ ਨੇ ਹਾਲੇ ਤੱਕ ਇਹਨਾਂ ਕਟੌਤੀਆਂ ਬਾਰੇ ਵਿਸਤ੍ਰਿਤ ਵੇਰਵੇ ਸਾਂਝੇ ਨਹੀਂ ਕੀਤੇ ਹਨ ਪਰ ਮਾਹਿਰਾਂ ਅਨੁਸਾਰ ਇਹ ਮੁੜ-ਗਠਨ ਪ੍ਰਕਿਰਿਆ ਦਾ ਇੱਕ ਹਿੱਸਾ ਹੈ।

ਇਸ ਵੱਡੇ ਫੈਸਲੇ ਦੇ ਪਿੱਛੇ ਮੌਜੂਦਾ ਆਰਥਿਕ ਹਾਲਾਤਾਂ ਨੂੰ ਵੀ ਇੱਕ ਪ੍ਰਮੁੱਖ ਕਾਰਨ ਮੰਨਿਆ ਜਾ ਰਹੀ ਹੈ। ਵਿਸ਼ਵ ਪੱਧਰ ਉੱਤੇ ਵਧ ਰਹੀ ਮਹਿੰਗਾਈ ਨੇ ਖਪਤਕਾਰਾਂ ਦੀ ਖਰੀਦ ਸ਼ਕਤੀ ਨੂੰ ਕਾਫ਼ੀ ਹੱਦ ਤੱਕ ਘਟਾ ਦਿੱਤਾ ਹੈ ਜਿਸ ਕਾਰਨ ਪ੍ਰਚੂਨ ਸਟੋਰਾਂ ਦੀ ਵਿਕਰੀ ਉੱਤੇ ਮਾਰੂ ਅਸਰ ਪਿਆ ਹੈ। ਇਸ ਦੇ ਨਾਲ ਹੀ ਅਮਰੀਕਾ ਅਤੇ ਇਜ਼ਰਾਈਲ ਦੀ ਇਰਾਨ ਨਾਲ ਚੱਲ ਰਹੀ ਜੰਗ ਨੇ ਊਰਜਾ ਬਾਜ਼ਾਰ ਵਿੱਚ ਭਾਰੀ ਉਥਲ-ਪੁਥਲ ਪੈਦਾ ਕਰ ਦਿੱਤੀ ਹੈ। ਇਸ ਜੰਗ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਹੋਏ ਬੇਤਹਾਸ਼ਾ ਵਾਧੇ ਨੇ ਗੱਡੀਆਂ ਚਲਾਉਣ ਵਾਲੇ ਆਮ ਲੋਕਾਂ ਦੀ ਜੇਬ ਉੱਤੇ ਵੱਡਾ ਬੋਝ ਪਾਇਆ ਹੈ। ਜਦੋਂ ਲੋਕਾਂ ਦਾ ਜ਼ਿਆਦਾ ਖਰਚਾ ਤੇਲ ਉੱਤੇ ਹੋ ਰਿਹਾ ਹੈ ਤਾਂ ਉਹ ਦੂਜੀਆਂ ਗੈਰ-ਜ਼ਰੂਰੀ ਚੀਜ਼ਾਂ ਦੀ ਖਰੀਦਦਾਰੀ ਵਿੱਚ ਕਟੌਤੀ ਕਰ ਰਹੇ ਹਨ ਜਿਸ ਨਾਲ ਕਨਵੀਨੀਅੰਸ ਸਟੋਰਾਂ ਦਾ ਕਾਰੋਬਾਰ ਪ੍ਰਭਾਵਿਤ ਹੋਇਆ ਹੈ।

ਆਉਣ ਵਾਲੇ ਸਮੇਂ ਵਿੱਚ ਸੈਵਨ-ਇਲੈਵਨ ਦੀ ਇਹ ਰਣਨੀਤੀ ਕਿੰਨੀ ਕਾਰਗਰ ਸਾਬਤ ਹੁੰਦੀ ਹੈ ਇਹ ਤਾਂ ਵਕਤ ਹੀ ਦੱਸੇਗਾ ਪਰ ਫਿਲਹਾਲ ਇਸ ਖ਼ਬਰ ਨੇ ਨਿਵੇਸ਼ਕਾਂ ਅਤੇ ਗਾਹਕਾਂ ਵਿੱਚ ਚਿੰਤਾ ਜ਼ਰੂਰ ਪੈਦਾ ਕਰ ਦਿੱਤੀ ਹੈ।

ਕੰਪਨੀ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਘੱਟ ਮੁਨਾਫੇ ਵਾਲੇ ਸਟੋਰਾਂ ਨੂੰ ਬੰਦ ਕਰਕੇ ਅਤੇ ਤੇਲ ਕਾਰੋਬਾਰ ਵਿੱਚ ਨਿਵੇਸ਼ ਵਧਾ ਕੇ ਉਹ ਆਪਣੇ ਵਿੱਤੀ ਹਾਲਾਤ ਸੁਧਾਰ ਸਕਦੇ ਹਨ। ਪਰ ਦੂਜੇ ਪਾਸੇ ਬਾਜ਼ਾਰ ਦੇ ਮਾਹਿਰ ਚੇਤਾਵਨੀ ਦੇ ਰਹੇ ਹਨ ਕਿ ਜੇਕਰ ਮਹਿੰਗਾਈ ਅਤੇ ਭੂ-ਸਿਆਸੀ ਤਣਾਅ ਇਸੇ ਤਰ੍ਹਾਂ ਬਣਿਆ ਰਿਹਾ ਤਾਂ ਆਉਣ ਵਾਲੇ ਸਾਲਾਂ ਵਿੱਚ ਹੋਰ ਵੀ ਕਈ ਵੱਡੀਆਂ ਰਿਟੇਲ ਚੇਨਾਂ ਨੂੰ ਆਪਣੇ ਸਟੋਰ ਬੰਦ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਕੈਨੇਡਾ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਲੋਕ ਹੁਣ ਇਸ ਉਡੀਕ ਵਿੱਚ ਹਨ ਕਿ ਉਹਨਾਂ ਦੇ ਇਲਾਕੇ ਵਿੱਚ ਸਥਿਤ ਸਟੋਰ ਇਸ ਕਟੌਤੀ ਦੀ ਮਾਰ ਹੇਠ ਆਉਂਦੇ ਹਨ ਜਾਂ ਨਹੀਂ। This report was written by Divroop Kaur as part of the Local Journalism Initiative.






# ਕੈਨੇਡੀਅਨ ਵਾਰ ਮਿਊਜ਼ੀਅਮ ਵਿੱਚ ਸਿੱਖ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਫਿਲਮ 'ਪ੍ਰੋਮਿਸਿਜ਼' ਦੀ ਪੇਸ਼ਕਾਰੀ

ਸਰੀ, (ਦਿਵਰੂਪ ਕੌਰ): ਕੈਨੇਡਾ ਦੀ ਰਾਜਧਾਨੀ ਓਟਾਵਾ ਵਿੱਚ ਪਾਰਲੀਮੈਂਟ ਹਿੱਲ 'ਤੇ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਸਵੇਰ ਦੀਆਂ ਅਰਦਾਸਾਂ ਤੋਂ ਬਾਅਦ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਇਤਿਹਾਸਕ ਸਮਾਗਮ ਉਲੀਕਿਆ ਗਿਆ। ਲਿਬਰਲ ਪਾਰਟੀ ਦੇ ਸਿੱਖ ਕਾਕਸ, ਸੈਨੇਟਰ ਬਲਤੇਜ ਢਿੱਲੋਂ ਅਤੇ ਇੰਡਸ ਮੀਡੀਆ ਫਾਊਂਡੇਸ਼ਨ ਦੇ ਸਾਂਝੇ ਸਹਿਯੋਗ ਨਾਲ 13 ਅਪ੍ਰੈਲ ਨੂੰ ਕੈਨੇਡੀਅਨ ਵਾਰ ਮਿਊਜ਼ੀਅਮ ਦੇ ਬਾਰਨੀ ਡੈਨਸਨ ਥੀਏਟਰ ਵਿੱਚ 'ਪ੍ਰੋਮਿਸਿਜ਼' ਨਾਮੀ ਇੱਕ ਵਿਸ਼ੇਸ਼ ਲਘੂ ਫਿਲਮ ਦੀ ਸਕ੍ਰੀਨਿੰਗ ਕੀਤੀ ਗਈ। ਇਹ 25 ਮਿੰਟ ਦੀ ਫਿਲਮ ਸਿੱਖ ਵਿਰਾਸਤੀ ਮਹੀਨੇ ਦੇ ਹਿੱਸੇ ਵਜੋਂ ਪੇਸ਼ ਕੀਤੀ ਗਈ, ਜਿਸ ਦਾ ਮੁੱਖ ਉਦੇਸ਼ ਸਿੱਖ ਫੌਜੀ ਵਿਰਾਸਤ, ਸੇਵਾ ਅਤੇ ਕੁਰਬਾਨੀ ਦੇ ਸਾਂਝੇ ਇਤਿਹਾਸ ਨੂੰ ਰਾਸ਼ਟਰੀ ਪੱਧਰ 'ਤੇ ਯਾਦ ਕਰਨਾ ਅਤੇ ਸਨਮਾਨਿਤ ਕਰਨਾ ਸੀ।



ਇਹ ਸਮਾਗਮ ਇੱਕ ਸੱਭਿਆਚਾਰਕ ਅਤੇ ਨਾਗਰਿਕ ਕਾਰਜ ਵਜੋਂ ਦੇਖਿਆ ਗਿਆ, ਜਿਸ ਨੇ ਜਨਤਕ ਯਾਦਦਾਸ਼ਤ ਵਿੱਚ ਉਹ ਰਿਕਾਰਡ ਦਰਜ ਕਰਨ ਦੀ ਕੋਸ਼ਿਸ਼ ਕੀਤੀ ਜੋ ਅਕਸਰ ਰਾਸ਼ਟਰੀ ਇਤਿਹਾਸ ਦੀਆਂ ਮੁੱਖ ਕਹਾਣੀਆਂ ਵਿੱਚ ਅਣਗੌਲੇ ਰਹਿ ਜਾਂਦੇ ਹਨ। ਕੈਨੇਡੀਅਨ ਹੈਰੀਟੇਜ ਦੇ ਕਮਿਊਨਿਟੀ ਸਪੋਰਟ, ਮਲਟੀਕਲਚਰਲਿਜ਼ਮ ਅਤੇ ਐਂਟੀ-ਰੇਸਿਜ਼ਮ ਇਨੀਸ਼ੀਏਟਿਵ ਪ੍ਰੋਗਰਾਮ ਦੁਆਰਾ ਸਹਿਯੋਗੀ ਇਹ ਫਿਲਮ ਜੰਗ ਦੇ ਸਮੇਂ ਦੀਆਂ ਕੁਰਬਾਨੀਆਂ ਅਤੇ ਕੈਨੇਡਾ ਤੇ ਰਾਸ਼ਟਰਮੰਡਲ ਦੇ ਵਿਸ਼ਾਲ ਇਤਿਹਾਸ ਵਿੱਚ ਪੰਜਾਬੀ ਯੋਗਦਾਨ ਦੀ ਡੂੰਘਾਈ ਨਾਲ ਪੜਚੋਲ ਕਰਦੀ ਹੈ। ਦੇਸ਼ ਦੇ ਇੱਕ ਪ੍ਰਮੁੱਖ ਫੌਜੀ ਯਾਦਗਾਰੀ ਅਦਾਰੇ ਵਿੱਚ ਇਸ ਦੀ ਪੇਸ਼ਕਾਰੀ ਨੇ ਸਿੱਖ ਅਤੇ ਪੰਜਾਬੀ ਵਿਰਾਸਤ ਨੂੰ ਕੈਨੇਡੀਅਨ ਪਛਾਣ ਦੇ ਅਨਿੱਖੜਵੇਂ ਅੰਗ ਵਜੋਂ ਉਭਾਰਿਆ ਹੈ।

ਇਹ ਸਮਾਗਮ ਸਿੱਖ ਸਿਧਾਂਤ 'ਸਰਬੱਤ ਦਾ ਭਲਾ' ਅਤੇ ਮਾਰਸ਼ਲ ਆਦਰਸ਼ਾਂ 'ਦੇਗ ਤੇਗ ਫਤਿਹ' ਤੋਂ ਪ੍ਰੇਰਿਤ ਸੀ, ਜਿਸ ਨੇ ਮਾਨਵਤਾ ਦੀ ਭਲਾਈ ਅਤੇ ਜ਼ੁਲਮ ਵਿਰੁੱਧ ਡਟਣ ਦੇ ਸੰਕਲਪ ਨੂੰ ਦੁਹਰਾਇਆ। ਇਸ ਮੌਕੇ ਪਾਰਲੀਮੈਂਟ ਮੈਂਬਰਾਂ, ਸੈਨੇਟਰਾਂ, ਸੰਸਥਾਗਤ ਮਹਿਮਾਨਾਂ ਅਤੇ ਕਮਿਊਨਿਟੀ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇੰਡਸ ਮੀਡੀਆ ਫਾਊਂਡੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਸਟੀਵਨ ਪਿਊਰੇਵਾਲ ਨੇ ਇਸ ਮੌਕੇ ਕਿਹਾ ਕਿ 'ਪ੍ਰੋਮਿਸਿਜ਼' ਫਿਲਮ ਸਿਰਫ਼ ਕੁਰਬਾਨੀਆਂ ਦੀ ਯਾਦਗਾਰ ਨਹੀਂ ਹੈ, ਸਗੋਂ ਇਹ ਇਤਿਹਾਸ ਦੇ ਉਨ੍ਹਾਂ ਅਣਗੌਲੇ ਪੰਨਿਆਂ ਦੀ ਬਹਾਲੀ ਹੈ ਜਿਨ੍ਹਾਂ ਨੂੰ ਅਕਸਰ ਸਿਰਫ਼ ਫੁੱਟਨੋਟਾਂ ਤੱਕ ਸੀਮਤ ਕਰ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਇਹ ਸੇਵਾ ਦੀ ਉਸ ਦੇਸ਼ਭਗਤੀ ਦੀ ਪਰੰਪਰਾ ਨੂੰ ਸ਼ਰਧਾਂਜਲੀ ਹੈ ਜੋ ਤਾਜ ਦੀ ਰੱਖਿਆ ਵਿੱਚ ਨਿਭਾਈ ਗਈ ਸੀ।

ਵੱਖ-ਵੱਖ ਪਾਰਲੀਮੈਂਟ ਮੈਂਬਰਾਂ ਨੇ ਫਿਲਮ ਦੀ ਸ਼ਲਾਘਾ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਰਿਚਮੰਡ ਈਸਟ ਸਟੀਵਸਟਨ ਦੇ ਐਮ.ਪੀ. ਪਾਲ ਚੈਂਸ ਨੇ ਕਿਹਾ ਕਿ ਇਹ ਸਿਰਫ਼ ਜੰਗ ਦੀ ਕਹਾਣੀ ਨਹੀਂ, ਸਗੋਂ ਕੈਨੇਡੀਅਨ ਪਰਿਵਾਰਕ ਵਿਰਾਸਤ ਅਤੇ ਆਪਣੇਪਣ ਦੀ ਕਹਾਣੀ ਹੈ। ਵਾਟਰਲੂ ਦੀ ਐਮ.ਪੀ. ਬਰਦੀਸ਼ ਚੱਗਰ ਅਤੇ ਸਰੀ ਨਿਊਟਨ ਦੇ ਐਮ.ਪੀ. ਸੁੱਖ ਧਾਲੀਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਿੱਖ ਵਿਰਾਸਤੀ ਮਹੀਨਾ ਇਹ ਸੋਚਣ ਦਾ ਸਹੀ ਸਮਾਂ ਹੈ ਕਿ ਜਦੋਂ ਸਾਰੇ ਕੈਨੇਡੀਅਨ ਸੇਵਾ ਦੇ ਇਤਿਹਾਸ ਵਿੱਚ ਆਪਣੇ ਆਪ ਨੂੰ ਦੇਖਦੇ ਹਨ, ਤਾਂ ਯਾਦਗਾਰੀ ਸ਼ਕਤੀ ਹੋਰ ਵੀ ਮਜ਼ਬੂਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਫੌਜੀਆਂ ਦੀ ਬਹਾਦਰੀ ਅਤੇ ਸੇਵਾ ਕੈਨੇਡਾ ਦੀ ਜਨਤਕ ਯਾਦਦਾਸ਼ਤ ਵਿੱਚ ਪੂਰੀ ਜਗ੍ਹਾ ਦੀ ਹੱਕਦਾਰ ਹੈ।

ਮਿਸੀਸਾਗਾ ਮਾਲਟਨ ਦੇ ਐਮ.ਪੀ. ਇਕਵਿੰਦਰ ਗਹੀਰ ਅਤੇ ਬਰੈਂਪਟਨ ਨੌਰਥ ਕੈਲੇਡਨ ਦੀ ਐਮ.ਪੀ. ਰੂਬੀ ਸਹੋਤਾ ਨੇ ਕਿਹਾ ਕਿ ਇਤਿਹਾਸ ਵਿੱਚ ਪ੍ਰਤੀਨਿਧਤਾ ਮੌਜੂਦਾ ਸਮੇਂ ਵਿੱਚ ਆਪਣੇਪਣ ਦੀ ਭਾਵਨਾ ਨੂੰ ਰੂਪ ਦਿੰਦੀ ਹੈ। ਜਦੋਂ ਨੌਜਵਾਨ ਸਿੱਖ ਕੈਨੇਡੀਅਨ ਦੇਖਦੇ ਹਨ ਕਿ ਉਨ੍ਹਾਂ ਦੇ ਪੁਰਖਿਆਂ ਨੇ ਉਨ੍ਹਾਂ ਆਜ਼ਾਦੀਆਂ ਦੀ ਰੱਖਿਆ ਕੀਤੀ ਸੀ ਜਿਨ੍ਹਾਂ ਦਾ ਅੱਜ ਅਸੀਂ ਆਨੰਦ ਮਾਣ ਰਹੇ ਹਾਂ, ਤਾਂ ਨਾਗਰਿਕਤਾ ਦੀ ਭਾਵਨਾ ਹੋਰ ਵੀ ਡੂੰਘੀ ਹੋ ਜਾਂਦੀ ਹੈ। ਬਰੈਂਪਟਨ ਸਾਊਥ ਦੀ ਐਮ.ਪੀ. ਸੋਨੀਆ ਸਿੱਧੂ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਇੱਕ ਆਤਮ-ਵਿਸ਼ਵਾਸੀ ਦੇਸ਼ ਨੂੰ ਆਪਣੇ ਪੂਰੇ ਇਤਿਹਾਸ ਨੂੰ ਸਵੀਕਾਰ ਕਰਨ ਤੋਂ ਡਰਨਾ ਨਹੀਂ ਚਾਹੀਦਾ। ਸਿੱਖ ਫੌਜੀ ਵਿਰਾਸਤ ਨੂੰ ਜਨਤਕ ਤੌਰ 'ਤੇ ਸਾਹਮਣੇ ਲਿਆ ਕੇ ਅਸੀਂ ਕੈਨੇਡਾ ਦੀ ਕਹਾਣੀ ਨੂੰ ਘੱਟ ਨਹੀਂ ਕਰਦੇ, ਸਗੋਂ ਇਸ ਨੂੰ ਵਧੇਰੇ ਸੱਚੀ ਅਤੇ ਮਜ਼ਬੂਤ ਬਣਾਉਂਦੇ ਹਾਂ। ਇਹ ਸਮਾਗਮ ਕੈਨੇਡੀਅਨ ਪਛਾਣ ਵਿੱਚ ਸਿੱਖ ਯੋਗਦਾਨ ਦੀ ਮਹੱਤਤਾ ਨੂੰ ਦਰਸਾਉਣ ਵਾਲਾ ਇੱਕ ਯਾਦਗਾਰੀ ਮੀਲ ਪੱਥਰ ਸਾਬਤ ਹੋਇਆ। This report was written by Divroop Kaur as part of the Local Journalism Initiative.

# ਫੈਡਰਲ ਸਰਕਾਰ ਪੈਦਾ ਕਰੇਗੀ 175,000 ਰੁਜ਼ਗਾਰ ਅਤੇ ਸਿਖਲਾਈ ਦੇ ਮੌਕੇ : ਫੈਡਰਲ ਰੁਜ਼ਗਾਰ ਮੰਤਰੀ ਪੈਟੀ ਹਾਜਦੂ

ਸਰੀ, (ਦਿਵਰੂਪ ਕੌਰ): ਫੈਡਰਲ ਰੁਜ਼ਗਾਰ ਅਤੇ ਪਰਿਵਾਰ ਮੰਤਰੀ ਪੈਟੀ ਹਾਜਦੂ ਨੇ ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡੀ ਖੁਸ਼ਖਬਰੀ ਸਾਂਝੀ ਕਰਦਿਆਂ ਐਲਾਨ ਕੀਤਾ ਕਿ ਕੈਨੇਡਾ ਸਰਕਾਰ ਪੂਰੇ ਦੇਸ਼ ਵਿੱਚ 175,000 ਰੁਜ਼ਗਾਰ ਅਤੇ ਹੁਨਰ ਵਿਕਾਸ ਦੇ ਮੌਕੇ ਪੈਦਾ ਕਰ ਰਹੀ ਹੈ। ਇਸ ਵਿਆਪਕ ਯੋਜਨਾ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਸਿੱਖਿਆ ਅਤੇ ਸਿਖਲਾਈ ਦੇ ਖੇਤਰ ਵਿੱਚ ਸਹਾਇਤਾ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਕੈਨੇਡਾ ਦੀ ਲੇਬਰ ਮਾਰਕੀਟ ਵਿੱਚ ਮਜ਼ਬੂਤੀ ਨਾਲ ਕਦਮ ਰੱਖ ਸਕਣ। ਸਰਕਾਰ ਦੀ ਇਸ ਰਣਨੀਤੀ ਤਹਿਤ ਵਿਦਿਆਰਥੀਆਂ 'ਤੇ ਪੜ੍ਹਾਈ ਦੇ ਵਿੱਤੀ ਬੋਝ ਨੂੰ ਘਟਾਉਣ ਲਈ ਕਈ ਅਹਿਮ ਕਦਮ ਚੁੱਕੇ ਗਏ ਹਨ। ਸਰਕਾਰ ਨੇ 2026-27 ਅਕਾਦਮਿਕ ਸਾਲ ਲਈ ਕੈਨੇਡਾ ਸਟੂਡੈਂਟ ਗ੍ਰਾਂਟਸ ਵਿੱਚ 40% ਦਾ ਵਾਧਾ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ, ਹਫ਼ਤਾਵਾਰੀ ਸਟੂਡੈਂਟ ਲੋਨ ਦੀ ਸੀਮਾ ਨੂੰ ਵੀ $210 ਤੋਂ ਵਧਾ ਕੇ $300 ਕਰ ਦਿੱਤਾ ਗਿਆ ਹੈ।

ਵਿੱਤੀ ਰਾਹਤਾਂ ਦੇ ਸਿਲਸਿਲੇ ਨੂੰ ਅੱਗੇ ਵਧਾਉਂਦਿਆਂ ਸਰਕਾਰ ਨੇ 2025-26 ਤੋਂ ਪੇਂਡੂ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਕੰਮ ਕਰਨ ਵਾਲੇ ਸਿਹਤ ਸੰਭਾਲ ਅਤੇ ਸਮਾਜਿਕ ਸੇਵਾਵਾਂ ਦੇ ਪੇਸ਼ੇਵਰਾਂ ਲਈ ਕਰਜ਼ਾ ਮੁਆਫ਼ੀ ਦੀ ਯੋਜਨਾ ਦਾ ਵਿਸਥਾਰ ਕੀਤਾ ਹੈ। ਜ਼ਿਕਰਯੋਗ ਹੈ ਕਿ 2023 ਤੋਂ ਵਿਦਿਆਰਥੀ ਅਤੇ ਅਪ੍ਰੈਂਟਿਸਸ਼ਿਪ ਲੋਨ 'ਤੇ ਲੱਗਣ ਵਾਲੇ ਵਿਆਜ ਨੂੰ ਵੀ ਪੱਕੇ ਤੌਰ 'ਤੇ ਖਤਮ ਕਰ ਦਿੱਤਾ ਗਿਆ ਹੈ। ਨੌਜਵਾਨਾਂ ਨੂੰ ਉਨ੍ਹਾਂ ਦੀ ਪਹਿਲੀ ਨੌਕਰੀ ਦਿਵਾਉਣ ਵਿੱਚ ਮਦਦ ਕਰਨ ਲਈ 20 ਅਪ੍ਰੈਲ ਤੋਂ ਜੌਬ ਬੈਂਕ



ਪੋਰਟਲ 'ਤੇ 100,000 'ਕੈਨੇਡਾ ਸਮਰ ਜੌਬਸ' ਦੀਆਂ ਅਸਾਮੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਇਹ ਨੌਕਰੀਆਂ ਨੌਜਵਾਨਾਂ ਨੂੰ ਭਵਿੱਖ ਦੇ ਕਰੀਅਰ ਲਈ ਲੋੜੀਂਦਾ ਮੁੱਢਲਾ ਤਜ਼ਰਬਾ ਅਤੇ ਹੁਨਰ ਪ੍ਰਦਾਨ ਕਰਨ ਵਿੱਚ ਸਹਾਈ ਹੋਣਗੀਆਂ।

ਸਰਕਾਰ ਨੇ ਸਿੱਖਿਆ ਦੇ ਨਾਲ-ਨਾਲ ਵਿਹਾਰਕ ਤਜ਼ਰਬੇ 'ਤੇ ਵੀ ਜ਼ੋਰ ਦਿੱਤਾ ਹੈ। ਸਟੂਡੈਂਟ ਵਰਕ ਪਲੇਸਮੈਂਟ ਪ੍ਰੋਗਰਾਮ (SWPP) ਰਾਹੀਂ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ 55,000 ਨਵੇਂ ਕੰਮ ਨਾਲ ਸਬੰਧਤ ਸਿਖਲਾਈ ਦੇ ਮੌਕੇ ਪੈਦਾ ਕੀਤੇ ਜਾਣਗੇ। ਇਸ ਦੇ ਨਾਲ ਹੀ ਯੂਥ ਇੰਪਲਾਇਮੈਂਟ ਐਂਡ ਸਕਿੱਲ ਸਟ੍ਰੈਟਜੀ (YESS) ਤਹਿਤ 20,000 ਤੋਂ ਵੱਧ ਹੁਨਰ ਵਿਕਾਸ ਦੇ ਮੌਕੇ ਉਪਲਬਧ ਕਰਵਾਏ ਜਾਣਗੇ। ਸਰਕਾਰ ਨੇ ਫਿਊਚਰ ਸਕਿੱਲਜ਼ ਸੈਂਟਰ ਵਿੱਚ ਵੀ ਨਿਵੇਸ਼ ਕੀਤਾ ਹੈ ਤਾਂ ਜੋ ਉਨ੍ਹਾਂ ਨੌਜਵਾਨਾਂ ਨੂੰ ਮੇਂਟਰਸ਼ਿਪ ਅਤੇ ਕਰੀਅਰ ਸਬੰਧੀ ਸੇਧ ਦਿੱਤੀ ਜਾ ਸਕੇ ਜਿਨ੍ਹਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਤਾਜ਼ਾ ਅੰਕੜਿਆਂ ਅਨੁਸਾਰ ਮਾਰਚ 2026 ਵਿੱਚ 15 ਤੋਂ 24 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 13.8% ਦਰਜ ਕੀਤੀ ਗਈ ਹੈ। ਮੰਤਰੀ ਹਾਜਦੂ ਅਨੁਸਾਰ ਕੈਨੇਡਾ ਦਾ ਆਰਥਿਕ ਭਵਿੱਖ ਨੌਜਵਾਨਾਂ ਦੀ ਸਫਲਤਾ 'ਤੇ ਨਿਰਭਰ ਕਰਦਾ ਹੈ। ਨੌਜਵਾਨਾਂ ਨੂੰ ਸਸਤੀ ਸਿੱਖਿਆ ਅਤੇ ਰੁਜ਼ਗਾਰ ਦੇ ਬਰਾਬਰ ਮੌਕੇ ਪ੍ਰਦਾਨ ਕਰਕੇ ਸਰਕਾਰ ਇੱਕ ਮਜ਼ਬੂਤ ਅਤੇ ਸੁਰੱਖਿਅਤ ਭਵਿੱਖ ਦੀ ਨੀਂਹ ਰੱਖ ਰਹੀ ਹੈ। ਬਜਟ 2025 ਵਿੱਚ ਰੈੱਡ ਸੀਲ ਟਰੇਡਸ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਵਧਾਉਣ ਲਈ ਯੂਨੀਅਨ ਟ੍ਰੇਨਿੰਗ ਪ੍ਰੋਗਰਾਮ ਲਈ $75 ਮਿਲੀਅਨ ਦੇ ਵਾਧੂ ਫੰਡਾਂ ਦਾ ਪ੍ਰਸਤਾਵ ਵੀ ਸ਼ਾਮਲ ਕੀਤਾ ਗਿਆ ਹੈ। ਸਟੇਟ ਸੈਕਟਰੀ ਅੰਨਾ ਗੇਨੀ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਇਸ ਨੂੰ ਦੇਸ਼ ਦੀ ਆਰਥਿਕਤਾ ਵਿੱਚ ਇੱਕ ਵੱਡਾ ਨਿਵੇਸ਼ ਕਰਾਰ ਦਿੱਤਾ ਹੈ। This report was written by Divroop Kaur as part of the Local Journalism Initiative.

SINCE : 2007
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਕੈਨੇਡਾ ਦਾ 'ਮੇਪਲ ਲੀਫ਼' ਸੁਪਨਾ ਹੋਇਆ ਧੁੰਦਲਾ

**ਖ਼ਾਸ ਰਿਪੋਰਟ**

ਦਹਾਕਿਆਂ ਤੋਂ ਪੰਜਾਬੀ ਮਾਨਸਿਕਤਾ ਵਿੱਚ 'ਕੈਨੇਡਾ' ਸਿਰਫ਼ ਇੱਕ ਦੇਸ਼ ਨਹੀਂ, ਸਗੋਂ ਖ਼ੁਸ਼ਹਾਲੀ ਦਾ ਇੱਕ ਅਜਿਹਾ ਸੁਪਨਾ ਰਿਹਾ ਹੈ ਜਿਸ ਦੀ ਪ੍ਰਾਪਤੀ ਲਈ ਪੰਜਾਬ ਦੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਗਹਿਣੇ ਰੱਖੀਆਂ ਅਤੇ ਮਾਵਾਂ ਨੇ ਆਪਣੇ ਗਹਿਣੇ ਵੇਚੇ। ਪਰ ਅੱਜ ਦੇ ਬਦਲਦੇ ਹਾਲਾਤ ਇਹ ਸੰਕੇਤ ਦੇ ਰਹੇ ਹਨ ਕਿ ਇਹ 'ਮੇਪਲ ਲੀਫ਼' ਸੁਪਨਾ ਹੁਣ ਪੰਜਾਬੀ ਨੌਜਵਾਨਾਂ ਦੀ ਪਹੁੰਚ ਤੋਂ ਦੂਰ ਹੁੰਦਾ ਜਾ ਰਿਹਾ ਹੈ। ਕੈਨੇਡਾ ਸਰਕਾਰ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ, ਜੀ.ਆਈ.ਸੀ. ਦੀ ਰਕਮ ਵਿੱਚ ਦੁੱਗਣਾ ਵਾਧਾ ਅਤੇ ਵੀਜ਼ਾ ਰਿਫ਼ਿਊਜ਼ਲ ਦੀ ਵਧਦੀ ਦਰ ਨੇ ਪੰਜਾਬ ਦੇ ਦੋਆਬਾ ਅਤੇ ਮਾਲਵਾ ਖੇਤਰਾਂ ਵਿੱਚ ਇੱਕ ਵੱਡੀ ਬੇਚੈਨੀ ਪੈਦਾ ਕਰ ਦਿੱਤੀ ਹੈ। ਸਾਲ 2026 ਤੱਕ ਆਉਂਦੇ-ਆਉਂਦੇ ਇਹ ਰੁਝਾਨ ਹੁਣ ਚਿੰਤਾ ਅਤੇ ਨਿਰਾਸ਼ਾ ਵਿੱਚ ਬਦਲ ਚੁੱਕਾ ਹੈ। ਪੰਜਾਬ ਦੇ ਆਈਲੈਟਸ ਸੈਂਟਰਾਂ ਵਿੱਚ ਬੈਠੇ ਹਜ਼ਾਰਾਂ ਨੌਜਵਾਨ ਹੁਣ ਕੈਨੇਡਾ ਜਾਣ ਦਾ ਧਿਆਨ ਛੱਡਕੇ ਯੂ.ਕੇ. , ਅਸਟ੍ਰੇਲੀਆ ਜਾਣ ਦੀ ਤਿਆਰੀ ਕਰ ਰਹੇ ਹਨ।

**ਕੈਨੇਡਾ ਦਾ ਸੁਪਨਾ ਮਹਿੰਗਾ ਕਿਉਂ ਹੋਇਆ?**

ਕੈਨੇਡਾ ਸਰਕਾਰ ਦੀਆਂ ਨਵੀਆਂ ਨੀਤੀਆਂ ਨੇ ਪੰਜਾਬੀ ਪਰਿਵਾਰਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਪਹਿਲਾਂ ਕੈਨੇਡਾ ਜਾਣ ਲਈ ਗਾਰੰਟੀਡ ਇਨਵੈਸਟਮੈਂਟ ਸਰਟੀਫ਼ਿਕੇਟ ਦੀ ਰਕਮ ਲਗਭਗ 10,000 ਡਾਲਰ ਸੀ, ਜੋ ਹੁਣ ਵਧ ਕੇ 22,000 ਡਾਲਰ (ਲਗਭਗ 15 ਲੱਖ ਰੁਪਏ ਤੋਂ ਵੱਧ) ਹੋ ਗਈ ਹੈ।

ਫ਼ੀਸਾਂ ਅਤੇ ਹੋਰ ਖਰਚੇ ਮਿਲਾ ਕੇ ਹੁਣ ਇੱਕ ਵਿਦਿਆਰਥੀ ਦਾ ਕੁਲ ਖਰਚਾ 30 ਤੋਂ 35 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਪੰਜਾਬ ਦੇ ਛੋਟੇ ਕਿਸਾਨਾਂ ਲਈ ਆਪਣੀ ਜ਼ਮੀਨ ਵੇਚ ਕੇ ਵੀ ਇੰਨੀ ਵੱਡੀ ਰਕਮ ਜੁਟਾਉਣੀ ਹੁਣ ਅਸੰਭਵ ਹੁੰਦੀ ਜਾ ਰਹੀ ਹੈ।

**ਨੀਤੀਆਂ ਵਿੱਚ ਸਖ਼ਤੀ ਅਤੇ ਰਿਫ਼ਿਊਜ਼ਲ ਦਾ ਹੜ੍ਹ**

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਲਈ ਸਖ਼ਤ ਕਦਮ ਚੁੱਕੇ ਹਨ। 2026 ਦੀ ਇੱਕ ਆਡਿਟ ਰਿਪੋਰਟ ਮੁਤਾਬਕ:

ਸਟੂਡੈਂਟ ਡਾਇਰੈਕਟ ਸਟ੍ਰੀਮ ਦਾ ਖ਼ਾਤਮ ਹੋਣਾ: ਤੇਜ਼ੀ ਨਾਲ ਵੀਜ਼ਾ ਦੇਣ ਵਾਲੀ ਇਹ ਪ੍ਰਣਾਲੀ ਹੁਣ ਬੰਦ ਕਰ ਦਿੱਤੀ ਗਈ ਹੈ।

ਵੀਜ਼ਾ ਦਰ ਵਿੱਚ ਗਿਰਾਵਟ: 2023 ਵਿੱਚ ਭਾਰਤੀ ਵਿਦਿਆਰਥੀਆਂ ਦੀ ਹਿੱਸੇਦਾਰੀ 51.6% ਸੀ, ਜੋ 2025-26 ਤੱਕ ਘਟ ਕੇ ਸਿਰਫ਼ 8% ਰਹਿ ਗਈ ਹੈ।

ਹੁਣ ਹਰ ਦਸਤਾਵੇਜ਼ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ, ਜਿਸ ਕਾਰਨ ਮਾਮੂਲੀ ਕਮੀ ਵਾਲੀਆਂ ਫ਼ਾਈਲਾਂ ਵੀ ਰੱਦ ਹੋ ਰਹੀਆਂ ਹਨ।

ਏਜੰਟਾਂ ਦੀ ਲੁੱਟ ਅਤੇ 'ਫ਼ਰਜ਼ੀਵਾੜੇ' ਦਾ ਸ਼ਿਕਾਰ ਹੁੰਦਾ ਪੰਜਾਬ

ਪੰਜਾਬ ਦੀ 'ਮਾਈਗ੍ਰੇਸ਼ਨ ਇੰਡਸਟਰੀ' ਵਿੱਚ ਬ੍ਰਿਜੇਸ਼ ਮਿਸ਼ਰਾ ਵਰਗੇ ਕਈ ਏਜੰਟਾਂ ਨੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ। ਜਲੰਧਰ ਦੀਆਂ ਗਲੀਆਂ ਵਿੱਚ ਅਜਿਹੇ ਸੈਂਕੜੇ ਏਜੰਟ ਹਨ ਜੋ 'ਵੀਜ਼ਾ ਗਾਰੰਟੀ' ਦੇ ਨਾਂਅ 'ਤੇ ਲੱਖਾਂ ਰੁਪਏ ਲੈਂਦੇ ਹਨ ਪਰ ਨਕਲੀ ਆਫ਼ਰ ਲੈਟਰ ਫੜਾ ਦਿੰਦੇ ਹਨ। ਸੈਂਕੜੇ ਨੌਜਵਾਨ ਕੈਨੇਡਾ ਜਾ ਕੇ ਵੀ ਸੜਕਾਂ 'ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਏ ਕਿਉਂਕਿ ਉਨ੍ਹਾਂ ਦੇ ਏਜੰਟਾਂ ਨੇ ਉਨ੍ਹਾਂ ਨੂੰ ਧੋਖੇ ਨਾਲ ਨਕਲੀ ਕਾਲਜਾਂ ਵਿੱਚ ਭੇਜ ਦਿੱਤਾ ਸੀ।

ਪੰਜਾਬ ਪੁਲਿਸ ਦੇ ਆਈ.ਟੀ. ਸੈੱਲ ਵਿੱਚ ਹਜ਼ਾਰਾਂ ਸ਼ਿਕਾਇਤਾਂ ਦਰਜ ਹਨ, ਪਰ ਏਜੰਟਾਂ ਦਾ ਨੈੱਟਵਰਕ ਇੰਨਾ ਮਜ਼ਬੂਤ ਹੈ ਕਿ ਉਹ ਨਵੇਂ ਨਾਵਾਂ ਹੇਠ ਦੁਬਾਰਾ ਦਫ਼ਤਰ ਖੋਲ੍ਹ ਲੈਂਦੇ ਹਨ।

**ਯੂ.ਕੇ., ਦੁਬਈ ਅਤੇ ਨਿਊਜ਼ੀਲੈਂਡ ਵੱਲ ਨੌਜਵਾਨਾਂ ਦਾ ਰੁਝਾਨ ਕਿਉਂ?**

ਕੈਨੇਡਾ ਦੇ ਬੰਦ ਹੁੰਦੇ ਦਰਵਾਜ਼ਿਆਂ ਨੇ ਪੰਜਾਬੀ ਨੌਜਵਾਨਾਂ ਨੂੰ ਨਵੇਂ ਰਾਹ ਲੱਭਣ ਲਈ ਮਜਬੂਰ ਕਰ ਦਿੱਤਾ ਹੈ। ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਦੀ ਸਹੂਲਤ ਅਤੇ ਕੈਨੇਡਾ ਦੇ ਮੁਕਾਬਲੇ ਘੱਟ ਸ਼ੁਰੂਆਤੀ ਨਿਵੇਸ਼ ਕਾਰਨ ਯੂਕੇ ਪੰਜਾਬੀਆਂ ਦੀ ਪਹਿਲੀ ਪਸੰਦ ਬਣ ਰਿਹਾ ਹੈ।

ਮੱਧ ਵਰਗੀ ਪਰਿਵਾਰਾਂ ਦੀਆਂ ਧੀਆਂ ਹੁਣ ਦੁਬਈ ਵਿੱਚ ਨੈਨੀ ਜਾਂ ਸੇਲਜ਼ ਵਿੱਚ ਕੰਮ ਕਰਨ ਜਾ ਰਹੀਆਂ ਹਨ। ਉੱਥੇ ਵੀਜ਼ਾ ਪ੍ਰਕਿਰਿਆ ਸੌਖੀ ਹੈ ਅਤੇ ਖਰਚਾ ਵੀ ਘੱਟ ਹੈ।

ਨਿਊਜ਼ੀਲੈਂਡ: ਇੱਥੇ ਸਕਿੱਲਡ ਵਰਕਰਾਂ ਲਈ ਨਵੇਂ ਰਾਹ ਖੁੱਲ੍ਹੇ ਹਨ, ਜਿਸ ਕਾਰਨ ਤਕਨੀਕੀ ਸਿੱਖਿਆ ਪ੍ਰਾਪਤ ਨੌਜਵਾਨ ਇੱਧਰ ਦਾ ਰੁਖ ਕਰ ਰਹੇ ਹਨ।

**ਕੈਨੇਡਾ ਵਿੱਚ ਅਸੁਰੱਖਿਅਤ ਮਾਹੌਲ ਤੇ ਬੇਰੁਜ਼ਗਾਰੀ**

ਅਸੁਰੱਖਿਆ ਦਾ ਮਾਹੌਲ ਵੀ ਮਾਪਿਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਕਿਸੇ ਵੀ ਕੀਮਤ 'ਤੇ ਵਿਦੇਸ਼ ਭੇਜ ਦੇਣ।

ਬ੍ਰੈਂਪਟਨ ਅਤੇ ਸਰੀ ਵਰਗੇ ਸ਼ਹਿਰਾਂ ਵਿੱਚ ਹੁਣ ਮਾਹੌਲ ਬਦਲ ਚੁੱਕਾ ਹੈ। ਵਧਦੇ ਕਿਰਾਏ, ਕੰਮ ਦੀ ਘਾਟ ਅਤੇ ਵਰਕ ਪਰਮਿਟ ਖ਼ਤਮ ਹੋਣ ਦੇ



ਡਰ ਨੇ ਉੱਥੇ ਰਹਿੰਦੇ ਨੌਜਵਾਨਾਂ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਹਜ਼ਾਰਾਂ ਨੌਜਵਾਨ ਹੁਣ 'ਰਿਫ਼ਿਊਜੀ' ਸਟੇਟਸ ਲਈ ਅਪਲਾਈ ਕਰ ਰਹੇ ਹਨ ਤਾਂ ਜੋ ਉਹ ਉੱਥੇ ਰਹਿ ਸਕਣ, ਜੋ ਕਿ ਆਪਣੇ ਆਪ ਵਿੱਚ ਇੱਕ ਵੱਡਾ ਖ਼ਤਰਾ ਹੈ। ਕਿਉਂਕਿ ਕੈਨੇਡਾ ਸਰਕਾਰ ਇਸ ਉਪਰ ਵੀ ਪਾਬੰਦੀਆਂ ਲਗਾ ਚੁਕੀ ਹੈ।

ਅੱਜ ਕੱਲ੍ਹ ਕੈਨੇਡਾ ਵਿੱਚ ਪੰਜਾਬੀ ਨੌਜਵਾਨ ਸਿਰਫ਼ ਵੀਜ਼ਾ ਜਾਂ ਪੀ. ਆਰ. ਦੇ ਸੰਕਟ ਦਾ ਹੀ ਨਹੀਂ, ਸਗੋਂ ਭਿਆਨਕ ਬੇਰੁਜ਼ਗਾਰੀ ਦਾ ਵੀ ਸਾਹਮਣਾ ਕਰ ਰਹੇ ਹਨ। ਜਿਸ ਸੁਪਨਿਆਂ ਦੇ ਦੇਸ਼ ਵਿੱਚ ਉਹ ਡਾਲਰ ਕਮਾਉਣ ਗਏ ਸਨ, ਉੱਥੇ ਹੁਣ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋ ਰਿਹਾ ਹੈ। ਬ੍ਰੈਂਪਟਨ, ਸਰੀ, ਟੋਰਂਟੋ ਅਤੇ ਐਡਮੰਟਨ ਵਰਗੇ ਸ਼ਹਿਰਾਂ ਵਿੱਚ ਪੰਜਾਬੀਆਂ ਦੀ ਗਿਣਤੀ ਇੰਨੀ ਜ਼ਿਆਦਾ ਹੋ ਗਈ ਹੈ ਕਿ ਉੱਥੇ 'ਸਰਵਾਈਵਲ ਜੌਬਸ' (ਜਿਵੇਂ ਕਿ ਸਟੋਰਾਂ, ਗੈਸ ਸਟੇਸ਼ਨਾਂ ਜਾਂ ਵੇਅਰਹਾਊਸਾਂ ਵਿੱਚ ਕੰਮ) ਲਈ ਵੀ ਮਾਰਾਮਾਰੀ ਹੈ। ਸੋਸ਼ਲ ਮੀਡੀਆ 'ਤੇ ਅਕਸਰ ਅਜਿਹੀਆਂ ਵੀਡੀਓਜ਼ ਵਾਇਰਲ ਹੁੰਦੀਆਂ ਹਨ ਜਿੱਥੇ ਇੱਕ ਟਿਮ ਹੌਰਟਨਸ ਜਾਂ ਵਾਲਮਾਰਟ ਦੀ ਨੌਕਰੀ ਲਈ ਹਜ਼ਾਰਾਂ ਭਾਰਤੀ ਵਿਦਿਆਰਥੀ ਲੰਬੀਆਂ ਲਾਈਨਾਂ ਵਿੱਚ ਖੜ੍ਹੇ ਹੁੰਦੇ ਹਨ।

ਕੈਨੇਡਾ ਵਿੱਚ ਮਹਿੰਗਾਈ ਵਧਣ ਕਾਰਨ ਲੋਕਾਂ ਨੇ ਖਰਚੇ ਘਟਾ ਦਿੱਤੇ ਹਨ। ਜਦੋਂ ਲੋਕ ਖਰਚਾ ਘੱਟ ਕਰਦੇ ਹਨ, ਤਾਂ ਕਾਰੋਬਾਰਾਂ (ਰੀਟੇਲ ਸਟੋਰਾਂ, ਰੈਸਟੋਰੈਂਟਾਂ) ਨੂੰ ਘੱਟ ਸਟਾਫ਼ ਦੀ ਲੋੜ ਹੁੰਦੀ ਹੈ। ਇਸ ਦਾ ਸਭ ਤੋਂ ਪਹਿਲਾ ਅਸਰ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਪੈਂਦਾ ਹੈ, ਜਿਨ੍ਹਾਂ ਨੂੰ ਕੰਮ ਤੋਂ ਕੱਢ ਦਿੱਤਾ ਜਾਂਦਾ ਹੈ।

ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੈਂਪਸ ਤੋਂ ਬਾਹਰ ਕੰਮ ਕਰਨ ਦੇ ਘੰਟਿਆਂ ਨੂੰ ਹਫ਼ਤੇ ਵਿੱਚ 24 ਘੰਟੇ ਤੱਕ ਸੀਮਤ ਕਰ ਦਿੱਤਾ ਹੈ। ਜਿੱਥੇ ਕੈਨੇਡਾ ਵਿੱਚ ਕਮਰੇ ਦਾ ਕਿਰਾਇਆ 600-800 ਡਾਲਰ ਹੈ ਅਤੇ ਰਾਸ਼ਨ ਦਾ ਖਰਚਾ ਵੱਖਰਾ, ਉੱਥੇ ਸਿਰਫ਼ 24 ਘੰਟੇ ਕੰਮ ਕਰਕੇ ਵਿਦਿਆਰਥੀ ਆਪਣੀ ਫ਼ੀਸ ਤਾਂ ਕੀ, ਆਪਣਾ ਖਰਚਾ ਵੀ ਪੂਰਾ ਨਹੀਂ ਕਰ ਪਾ ਰਹੇ।

ਬੇਰੁਜ਼ਗਾਰੀ ਅਤੇ ਵਰਕ ਪਰਮਿਟ ਖ਼ਤਮ ਹੋਣ ਦੇ ਡਰ ਕਾਰਨ ਕਈ ਪੰਜਾਬੀ ਨੌਜਵਾਨ ਹੁਣ ਸ਼ਰਨਾਰਥੀ ਵਜੋਂ ਅਪਲਾਈ ਕਰ ਰਹੇ ਹਨ। ਇਹ ਰਸਤਾ ਨਾ ਸਿਰਫ਼ ਕਾਨੂੰਨੀ ਤੌਰ 'ਤੇ ਉਲਝਿਆ ਹੋਇਆ ਹੈ, ਸਗੋਂ ਇਹ ਨੌਜਵਾਨਾਂ ਵਿੱਚ ਮਾਨਸਿਕ ਤਣਾਅ ਅਤੇ ਡਿਪਰੈਸ਼ਨ ਦਾ ਕਾਰਨ ਵੀ ਬਣ ਰਿਹਾ ਹੈ। ਉਹ ਆਪਣੇ ਪਰਿਵਾਰਾਂ ਨੂੰ ਆਪਣੀ ਅਸਲ ਹਾਲਤ ਦੱਸਣ ਤੋਂ ਕਤਰਾਉਂਦੇ ਹਨ। ਬਹੁਤ ਸਾਰੇ ਪੰਜਾਬੀ ਨੌਜਵਾਨ ਅਜਿਹੇ ਕੋਰਸ ਕਰਕੇ ਕੈਨੇਡਾ ਜਾਂਦੇ ਹਨ ਜਿਨ੍ਹਾਂ ਦੀ ਉੱਥੇ ਮੰਗ ਨਹੀਂ ਹੈ। ਬਿਨਾਂ ਕਿਸੇ ਤਕਨੀਕੀ ਹੁਨਰ (ਜਿਵੇਂ ਕਿ ਪਲੰਬਿੰਗ, ਇਲੈਕਟ੍ਰੀਸ਼ੀਅਨ, ਆਈ.ਟੀ. ਜਾਂ ਹੈਲਥਕੇਅਰ) ਦੇ, ਉਹ ਸਿਰਫ਼ ਲੇਬਰ ਦੇ ਕੰਮ 'ਤੇ ਨਿਰਭਰ ਰਹਿੰਦੇ ਹਨ, ਜਿੱਥੇ ਮੁਕਾਬਲਾ ਬਹੁਤ ਸਖ਼ਤ ਹੈ।

ਕੈਨੇਡਾ ਵਿੱਚ ਰਿਹਾਇਸ਼ ਦੀ ਕਮੀ ਕਾਰਨ ਉੱਥੋਂ ਦੇ ਸਥਾਨਕ ਲੋਕ ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਣ ਲੱਗੇ ਹਨ। ਇਸ 'ਨਸਲੀ ਵਿਤਕਰੇ' ਕਾਰਨ ਵੀ ਕਈ ਵਾਰ ਪੰਜਾਬੀਆਂ ਨੂੰ ਨੌਕਰੀਆਂ ਮਿਲਣ ਵਿੱਚ ਦਿੱਕਤ ਆ ਰਹੀ ਹੈ।

ਇਹ ਕਹਿਣਾ ਬਿਲਕੁਲ ਸਹੀ ਹੈ ਕਿ ਕੈਨੇਡਾ ਵਿੱਚ ਬੇਰੁਜ਼ਗਾਰੀ ਦਾ ਸੰਕਟ ਗੰਭੀਰ ਹੈ। ਪੰਜਾਬ ਵਿੱਚੋਂ ਜੋ ਤਸਵੀਰ ਰੰਗੀਨ ਦਿਖਾਈ ਦਿੰਦੀ ਹੈ, ਕੈਨੇਡਾ ਦੀਆਂ ਸੜਕਾਂ 'ਤੇ ਉਹ ਬਹੁਤ ਫ਼ਿੱਕੀ ਹੈ। ਹੁਣ ਪੰਜਾਬੀ ਨੌਜਵਾਨਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਿਰਫ਼ ਕੈਨੇਡਾ ਪਹੁੰਚਣਾ ਹੀ ਕਾਮਯਾਬੀ ਨਹੀਂ ਹੈ, ਸਗੋਂ ਉੱਥੇ ਦੇ ਹਾਲਾਤਾਂ ਮੁਤਾਬਕ ਆਪਣੇ ਆਪ ਨੂੰ ਤਿਆਰ ਕਰਨਾ ਅਤੇ 'ਬੈਕਅੱਪ ਪਲਾਨ' ਰੱਖਣਾ ਬਹੁਤ ਜ਼ਰੂਰੀ ਹੈ।

**ਪੰਜਾਬ ਸਰਕਾਰ ਦੇ ਦਾਅਵੇ ਬਨਾਮ ਜ਼ਮੀਨੀ ਹਕੀਕਤ**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਰਿਪੋਰਟ ਕਾਰਡ (2022-2026) ਵਿੱਚ ਰੁਜ਼ਗਾਰ ਨੂੰ ਆਪਣੀ ਸਭ ਤੋਂ ਵੱਡੀ ਪ੍ਰਾਪਤੀ ਦੱਸਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਪਿਛਲੇ ਚਾਰ ਸਾਲਾਂ ਵਿੱਚ 65,264 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਹ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਸਰਕਾਰ ਵੱਲੋਂ ਦਿੱਤੀਆਂ ਗਈਆਂ ਸਭ ਤੋਂ ਵੱਧ ਨੌਕਰੀਆਂ ਹੋਣ ਦਾ ਦਾਅਵਾ ਹੈ। ਮੁੱਖ ਮੰਤਰੀ ਅਨੁਸਾਰ, ਇਹ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਸਿਫ਼ਾਰਸ਼ ਦੇ, ਸਿਰਫ਼ ਮੈਰਿਟ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਗਰੀਬ ਪਰਿਵਾਰਾਂ ਦੇ ਬੱਚੇ ਵੀ ਪੁਲਿਸ, ਸਿੱਖਿਆ ਅਤੇ ਬਿਜਲੀ ਵਿਭਾਗਾਂ ਵਿੱਚ ਅਫ਼ਸਰ ਬਣ ਰਹੇ ਹਨ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ 48,000 ਅਧਿਆਪਕਾਂ ਦਾ ਵੱਖਰਾ ਕੈਡਰ ਬਣਾਉਣ ਵਰਗੇ ਕਦਮਾਂ ਨੂੰ 'ਸਿੱਖਿਆ ਕ੍ਰਾਂਤੀ' ਦਾ ਹਿੱਸਾ ਦੱਸਿਆ ਜਾ ਰਿਹਾ ਹੈ।

ਦੂਜੇ ਪਾਸੇ, ਤਾਜ਼ਾ ਰਿਪੋਰਟਾਂ ਅਤੇ ਸਰਵੇਖਣ (ਜਿਵੇਂ ਕਿ ਪੀਰੀਅਡਿਕ ਲੇਬਰ ਫ਼ੋਰਸ ਸਰਵੇ) ਕੁਝ ਵੱਖਰੇ ਸੰਕੇਤ ਦੇ ਰਹੇ ਹਨ। ਅਕਤੂਬਰ-ਦਸੰਬਰ 2025 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ 15-29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਵਧੀ ਹੈ। ਪੇਂਡੂ ਪੰਜਾਬ ਵਿੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦਰ 22.5% ਤੱਕ ਪਹੁੰਚ ਗਈ ਹੈ, ਜੋ ਕਿ ਗੁਆਂਢੀ ਰਾਜਾਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨਾਲੋਂ ਕਾਫ਼ੀ ਜ਼ਿਆਦਾ ਹੈ। ਸਾਲ 2025-26 ਦੌਰਾਨ ਪੰਜਾਬ ਦੇ ਸੂਖਮ, ਲਘੂ ਅਤੇ ਦਰਮਿਆਨੇ ਉਦਯੋਗਾਂ ਵਿੱਚ ਰੁਜ਼ਗਾਰ ਵਿੱਚ ਵੱਡੀ ਗਿਰਾਵਟ ਦੇਖੀ ਗਈ ਹੈ। ਖਾਸ ਕਰਕੇ ਔਰਤਾਂ ਦੇ ਰੁਜ਼ਗਾਰ ਵਿੱਚ 50% ਤੋਂ ਵੱਧ ਦੀ ਕਮੀ ਦਰਜ ਕੀਤੀ ਗਈ ਹੈ।

ਸਨਅਤਕਾਰਾਂ ਦਾ ਕਹਿਣਾ ਹੈ ਕਿ ਅਪਰਾਧਿਕ ਘਟਨਾਵਾਂ (ਜਿਵੇਂ ਕਿ ਲੁੱਟ-ਖੋਹ) ਅਤੇ ਅਸੁਰੱਖਿਆ ਦੇ ਮਾਹੌਲ ਕਾਰਨ ਨਵੇਂ ਨਿਵੇਸ਼ਕ ਪੰਜਾਬ ਆਉਣ ਤੋਂ ਕਤਰਾ ਰਹੇ ਹਨ, ਜਿਸ ਨਾਲ ਨਿੱਜੀ ਖੇਤਰ ਵਿੱਚ ਨੌਕਰੀਆਂ ਦੇ ਮੌਕੇ ਸੁੰਗੜ ਰਹੇ ਹਨ।

ਸਵਾਲ ਇਹ ਹੈ ਕਿ ਜੇਕਰ ਨੌਕਰੀਆਂ ਮਿਲ ਰਹੀਆਂ ਹਨ, ਤਾਂ ਨੌਜਵਾਨ ਵਿਦੇਸ਼ ਕਿਉਂ ਭੱਜ ਰਹੇ ਹਨ? ਇਸ ਦੇ ਕੁਝ ਮੁੱਖ ਕਾਰਨ ਹਨ। 65,000 ਨੌਕਰੀਆਂ ਪੰਜਾਬ ਦੀ ਲੱਖਾਂ ਦੀ ਬੇਰੁਜ਼ਗਾਰ ਫ਼ੌਜ ਲਈ ਬਹੁਤ ਘੱਟ ਹਨ। ਸਰਕਾਰੀ ਨੌਕਰੀ ਹਰ ਕਿਸੇ ਨੂੰ ਨਹੀਂ ਮਿਲ ਸਕਦੀ ਅਤੇ ਪ੍ਰਾਈਵੇਟ ਸੈਕਟਰ ਵਿੱਚ ਤਨਖਾਹਾਂ ਇੰਨੀਆਂ ਘੱਟ ਹਨ ਕਿ ਨੌਜਵਾਨਾਂ ਨੂੰ ਆਪਣਾ ਗੁਜ਼ਾਰਾ ਮੁਸ਼ਕਿਲ ਲੱਗਦਾ ਹੈ। ਕਈ ਭਰਤੀ ਪ੍ਰੀਖਿਆਵਾਂ ਨਕਲ ਜਾਂ ਕਾਨੂੰਨੀ ਅੜਚਨਾਂ ਕਾਰਨ ਲਟਕ ਜਾਂਦੀਆਂ ਹਨ, ਜਿਸ ਨਾਲ ਨੌਜਵਾਨਾਂ ਦਾ ਸਿਸਟਮ ਤੋਂ ਭਰੋਸਾ ਉੱਠ ਰਿਹਾ ਹੈ। ਹਰ ਸਾਲ ਲਗਭਗ 1.25 ਲੱਖ ਨੌਜਵਾਨ ਪੰਜਾਬ ਛੱਡ ਕੇ ਜਾ ਰਹੇ ਹਨ। ਉਨ੍ਹਾਂ ਲਈ ਵਿਦੇਸ਼ ਜਾਣਾ ਸਿਰਫ਼ ਰੁਜ਼ਗਾਰ ਨਹੀਂ, ਸਗੋਂ ਬਿਹਤਰ ਜੀਵਨ ਪੱਧਰ ਅਤੇ ਸੁਰੱਖਿਅਤ ਭਵਿੱਖ ਦੀ ਭਾਲ ਹੈ। ਇਹ ਕਹਿਣਾ ਗਲਤ ਹੋਵੇਗਾ ਕਿ ਰੁਜ਼ਗਾਰ ਬਿਲਕੁਲ ਨਹੀਂ ਮਿਲ ਰਿਹਾ, ਕਿਉਂਕਿ ਹਜ਼ਾਰਾਂ ਪਰਿਵਾਰਾਂ ਨੂੰ ਸਰਕਾਰੀ ਨੌਕਰੀਆਂ ਨਾਲ ਰਾਹਤ ਮਿਲੀ ਹੈ। ਪਰ ਇਹ ਕਹਿਣਾ ਵੀ ਗਲਤ ਹੈ ਕਿ ਪੰਜਾਬ ਵਿੱਚ ਰੁਜ਼ਗਾਰ ਦੀ ਸਮੱਸਿਆ ਹੱਲ ਹੋ ਗਈ ਹੈ। ਸੱਚਾਈ ਇਹ ਹੈ ਕਿ ਸਰਕਾਰੀ ਨੌਕਰੀਆਂ ਦੇ ਦਾਅਵੇ 'ਹਕੀਕਤ' ਹਨ, ਪਰ ਇਹ ਹਕੀਕਤ ਸਿਰਫ਼ ਇੱਕ ਛੋਟੇ ਹਿੱਸੇ ਤੱਕ ਸੀਮਤ ਹੈ। ਬਹੁਗਿਣਤੀ ਨੌਜਵਾਨ ਅਜੇ ਵੀ ਖੇਤੀਬਾੜੀ ਅਤੇ ਉਦਯੋਗਿਕ ਖੇਤਰ ਵਿੱਚ ਮੰਦਹਾਲੀ ਕਾਰਨ 'ਹਵਾਈ ਕਿਲ੍ਹਿਆਂ' ਦੀ ਬਜਾਏ ਵਿਦੇਸ਼ਾਂ ਦੀਆਂ ਸੜਕਾਂ 'ਤੇ ਆਪਣਾ ਭਵਿੱਖ ਲੱਭ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਪੰਜਾਬ ਵਿੱਚ 'ਸਿੱਖਿਆ ਕ੍ਰਾਂਤੀ' ਆ ਰਹੀ ਹੈ ਅਤੇ ਸਰਕਾਰ ਨੇ 65,000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਪਰ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਆਗੂਆਂ ਦਾ ਕਹਿਣਾ ਹੈ ਕਿ ਇਹ ਨੌਕਰੀਆਂ ਸਿਰਫ਼ ਊਠ ਦੇ ਮੂੰਹ ਵਿੱਚ ਜੀਰੇ ਦੇ ਬਰਾਬਰ ਹਨ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਡਿਗਰੀ ਦੀ ਇੱਥੇ ਕੋਈ ਕਦਰ ਨਹੀਂ ਹੈ।

ਪੰਜਾਬ ਦਾ 'ਕੈਨੇਡੀਅਨ ਸੁਪਨਾ' ਹੁਣ ਇੱਕ ਮਹਿੰਗਾ ਅਤੇ ਖ਼ਤਰਨਾਕ ਜੂਆ ਬਣ ਗਿਆ ਹੈ। ਜਿੱਥੇ ਅਮੀਰ ਪਰਿਵਾਰ ਅਜੇ ਵੀ ਪੈਸੇ ਦੇ ਜ਼ੋਰ 'ਤੇ ਰਾਹ ਲੱਭ ਰਹੇ ਹਨ, ਉੱਥੇ ਹੀ ਆਮ ਪੰਜਾਬੀ ਨੌਜਵਾਨ ਹੁਣ ਦੁਬਈ ਜਾਂ ਯੂਰਪ ਵਿੱਚ ਆਪਣੀ ਕਿਸਮਤ ਅਜ਼ਮਾਉਣ ਲਈ ਮਜਬੂਰ ਹੈ। ਕੈਨੇਡਾ ਦੇ ਬਦਲਦੇ ਤੇਵਰ ਪੰਜਾਬ ਲਈ ਇੱਕ ਚਿਤਾਵਨੀ ਹਨ। ਜੇਕਰ ਅਸੀਂ ਆਪਣੇ ਨੌਜਵਾਨਾਂ ਨੂੰ ਇੱਥੇ ਹੀ ਸੁਰੱਖਿਅਤ ਭਵਿੱਖ, ਮਿਆਰੀ ਸਿੱਖਿਆ ਅਤੇ ਸਨਮਾਨਜਨਕ ਰੁਜ਼ਗਾਰ ਨਹੀਂ ਦੇ ਸਕੇ, ਤਾਂ ਉਹ ਇਸੇ ਤਰ੍ਹਾਂ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਰਹਿਣਗੇ। ਹੁਣ ਵਕਤ ਹੈ ਕਿ ਸਰਕਾਰਾਂ ਸਿਰਫ਼ ਅੰਕੜਿਆਂ ਦੀ ਖੇਡ ਨਾ ਖੇਡਣ, ਠੰਡੀਆਂ ਹਵਾਵਾਂ ਵਿੱਚ ਖੁਆਰ ਹੋਣ ਦੀ ਬਜਾਏ ਆਪਣੀ ਮਿੱਟੀ ਵਿੱਚ ਰਹਿ ਕੇ ਤਰੱਕੀ ਕਰ ਸਕੇ।

ਲੇਖਕ : ਅਵਤਾਰ ਸਿੰਘ



# ਵੈਸਾਖੀ, ਅੰਮ੍ਰਿਤ ਅਤੇ ਖਾਲਸਾ ਸਾਜਨਾ ਦਿਵਸ ਦੀ ਮਹਾਨਤਾ

ਵੈਸਾਖੀ-ਸੰਸਕ੍ਰਿਤ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਵਿਸ਼ਾਖਾ ਨਸ਼ੱਤ੍ਰ ਵਾਲੀ ਪੂਰਨਮਾਸ਼ੀ, ਸੂਰਜ ਦੇ ਹਿਸਾਬ ਵੈਸਾਖ ਮਹੀਨੇ ਦਾ ਪਹਿਲਾ ਦਿਨ। ਬ੍ਰਾਹਮਣੀ ਮੱਤ ਅਨੁਸਾਰ 27 ਨਸ਼ੱਤ੍ਰ ਹਨ ਇਨ੍ਹਾਂ ਚੋਂ ਵੈਸਾਖ ਨਸ਼ੱਤ੍ਰ ਪਵਿਤਰ ਮੰਨਿਆਂ ਜਾਂਦਾ ਹੈ। ਬ੍ਰਾਹਮਣ ਨੇ ਚਾਰ ਪ੍ਰਮੁੱਖ ਤਿਉਹਾਰ ਮੰਨੇ ਹਨ-ਵੈਸਾਖੀ, ਦੁਸ਼ਹਿਰਾ,. ਦੀਵਾਲੀ ਅਤੇ. ਹੋਲੀ। ਕ੍ਰਮਵਾਰ ਵੈਸਾਖੀ ਬ੍ਰਾਹਮਣਾਂ ਦਾ, ਦੁਸ਼ਹਿਰਾ ਖੱਤਰੀਆਂ ਦਾ, ਦਿਵਾਲੀ ਵੈਸ਼ਾਂ ਦਾ, ਅਤੇ ਹੋਲੀ ਸ਼ੂਦਰਾਂ ਦਾ ਤਿਉਹਾਰ ਹੈ। ਬ੍ਰਾਹਮਣੀ ਗ੍ਰੰਥਾਂ ਜਿਵੇਂ ਮੰਨੂੰ ਸਿਮਰਤੀ ਆਦਿਕ ਅਨੁਸਾਰ ਮਨੁੱਖਤਾ ਨੂੰ ਉਚ-ਨੀਚ, ਜਾਤਿ-ਪਾਤਿ, ਛੂਆ-ਛਾਤਿ, ਵਹਿਮ-ਭਰਮ, ਕਰਮ-ਕਾਂਡ ਵਿੱਚ ਵੰਡਿਆ ਹੋਇਆ ਸੀ ਅਤੇ ਉਨ੍ਹਾਂ ਦੇ ਰੀਤੀ ਰਿਵਾਜ ਤੇ ਤਿਉਹਾਰਾਂ ਦੀਆਂ ਵੀ ਬ੍ਰਾਹਮਣ ਨੇ ਹੀ ਵੰਡੀਆਂ ਪਾਈਆਂ ਸਨ। ਇਸ ਸਾਰੀ ਵਰਣਵੰਡ ਨੂੰ ਕ੍ਰਾਂਤੀਕਾਰੀ ਭਗਤਾਂ ਅਤੇ ਸਿੱਖ ਗੁਰੂਆਂ ਖਤਮ ਕੀਤਾ ਭਾਵ ਇਨ੍ਹਾਂ ਵਹਿਮਾਂ ਤੋਂ ਮਨੁੱਖਤਾ ਦਾ ਖਹਿੜਾ ਛੁਡਾਇਆ-ਨਾਨਕ ਵੈਸਾਖੀ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥ (1108) ਵੈਸਾਖ ਦੇ ਮਹੀਨੇ ਦੁਆਰਾ ਵੀ ਸ਼ਬਦ ਸੁਰਤ ਰਾਹੀਂ ਪ੍ਰਭੂ ਨੂੰ ਪਾਉਣ ਦੀ ਗੱਲ ਕੀਤੀ ਹੈ ਨਾ ਕਿ ਕਿਸੇ ਬ੍ਰਾਹਮਣ ਜਾਂ ਸਾਧੂ-ਸੰਤ ਨੂੰ ਪੁੰਨ ਦਾਨ ਕਰਨ ਦੀ। ਗੁਰਸਿੱਖ ਕਿਸੇ ਮਹੀਨੇ ਜਾਂ ਥਿੱਤਵਾਰ ਦਾ ਪੁਜਾਰੀ ਨਹੀਂ ਹੈ, ਜੇ ਹੈ ਤਾਂ, ਉਹ ਗੁਰਸਿੱਖ ਨਹੀਂ ਹੋ ਸਕਦਾ ਸਗੋਂ ਜੇ ਥਿੱਤਾਂ ਵਾਰਾਂ ਨੂੰ ਚੰਗਾ-ਮੰਦਾ ਮੰਨਦਾ ਹੈ ਤਾਂ ਗੁਰਬਾਣੀ ਅਨੁਸਾਰ ਉਹ ਮਹਾਂ ਮੂਰਖ ਹੈ-ਸਤਿਗੁਰੁ ਬਾਝਹੁ ਅੰਧੁ ਅੰਧਾਰਾ॥ ਥਿਤੀ ਵਾਰ ਸੇਵਹਿ ਮੁਗਧ ਗਵਾਰ॥ (842) ਰੱਬ ਦੇ ਬਣਾਏ ਦਿਨ-ਰਾਤ, ਥਿੱਤ-ਵਾਰ, ਮਹੀਨੇ-ਸਾਲ ਸਾਰੇ ਹੀ ਭਲੇ ਹਨ-ਮਹਾ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥ (136) ਵੈਸਾਖੀ ਇੱਕ ਮੌਸਮੀ ਤਿਉਹਾਰ ਹੈ ਇਸ ਦੇ ਮੇਲੇ ਤਾਂ ਪਹਿਲਾਂ ਵੀ ਲਗਦੇ ਸਨ ਅਤੇ ਫਸਲ ਪੱਕਣ ਦੀ ਖੁਸ਼ੀ ਵਿੱਚ ਜੱਟ-ਜਿਮੀਦਾਰ ਪਹਿਲਾਂ ਹੀ ਭੰਗੜੇ ਪਉਂਦੇ ਅਤੇ ਬ੍ਰਾਹਮਣ ਨੂੰ ਦਾਨ ਪੁੰਨ ਕਰਦੇ ਸਨ। ਸਮਾਂ ਬਦਲਿਆ ਸਾਧਾਂ ਦੇ ਡੇਰਿਆਂ ਤੇ ਵੀ ਦਾਨ ਕਰਨ ਲੱਗ ਪਏ ਅਤੇ ਵੈਸਾਖੀ ਮੇਲੇ ਤੇ ਗੌਣ ਵਾਲੀਆਂ ਅਤੇ ਤੂੰਬੀਆਂ ਵਾਲੇ ਵੀ ਬੁਲਾਏ ਜਾਣ ਲੱਗ ਪਏ। ਅੱਜ ਤਾਂ ਵੈਸਾਖੀ ਨਾਈਟਾਂ ਵੀ ਮਨਾਈਆਂ ਜਾਂਦੀਆਂ ਹਨ, ਵੱਡੇ-ਵੱਡੇ ਕਲਾਕਾਰ ਆਪਣੀ ਕਲਾ ਦੇ ਜੌਹਰ ਦਿਖਾਉਂਦੇ ਹਨ। ਅੱਜ ਵੈਸਾਖੀ ਪੰਜਾਬੀ ਮੇਲੇ ਦੇ ਰੂਪ ਵਿੱਚ ਹੀ ਵੱਧ ਮਨਾਈ ਜਾ ਰਹੀ ਹੈ। ਆਓ ਜਰਾ ਵਿਚਾਰ ਕਰੀਏ ਕਿ ਫਿਰ ਵੈਸਾਖੀ ਨਾਲ ਸਿੱਖ ਕੌਮ ਦਾ ਕੀ ਸਬੰਧ ਹੈ? ਵੈਸਾਖੀ ਨਾਲ ਸਿੱਖ ਕੌਮ ਦਾ ਸਬੰਧ-ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਮਹੀਨਾ ਅਤੇ ਖਾਲਸਾ ਸਾਜਨ ਦਿਵਸ ਕਰਕੇ ਸਬੰਧ ਹੈ। ਮਨੁੱਖਤਾ ਦੇ ਸੱਚੇ-ਸੁੱਚੇ ਰਹਿਬਰ, ਸਿੱਖ ਕੌਮ ਦੇ ਬਾਨੀ ਬਾਬਾ ਨਾਨਕ ਜੀ ਦਾ ਇੰਨਸਾਨੀ ਜਨਮ ਅਤੇ ਰੂਹਾਨੀ ਪ੍ਰਕਾਸ਼ ਵੈਸਾਖ ਮਹੀਨੇ ਵਿੱਚ ਹੋਇਆ ਅਤੇ ਦਸਵੇਂ ਜਾਮੇ ਵਿੱਚ ਖੰਡੇ ਦੀ ਪਾਹੁਲ ਦੇ ਕੇ ਸਿੱਖ ਨੂੰ ਸਿੰਘ ਅਤੇ ਕੌਰ ਦੀ ਸੰਗਿਆ ਬਖਸ਼ਿਸ਼ ਦਰਦੇ ਹੋਏ ਨਿਰਮਲ ਪੰਥ ਦੀ ਰੱਖੀ ਹੋਈ ਨੀਂਹ ਨੂੰ ਖਾਲਸਾ ਪੰਥ ਦੇ ਰੂਪ ਵਿੱਚ ਮਨੁੱਖੀ ਬਰਾਬਰਤਾ ਦਿੰਦੇ ਹੋਏ ਸੰਨ 1699 ਦੀ ਵੈਸਾਖੀ ਨੂੰ ਮੁਕੰਮਲ ਕੀਤਾ। ਇਸ ਕਰਕੇ ਖਾਲਸੇ ਦੀ ਵੈਸਾਖੀ ਥਿਤੀ ਵਾਰ ਵਾਲੀ ਬ੍ਰਾਹਮਣੀ ਵੈਸਾਖੀ ਨਾਲੋਂ ਵਿਲੱਖਣ ਤੇ ਮਹਾਂਨ ਹੈ ਅਤੇ ਇਸ ਵਿਲੱਖਣ ਤੇ ਮਹਾਨਤਾ ਵਾਲੀ ਵੈਸਾਖੀ ਨਾਲ ਸਿੱਖ ਕੌਮ ਦਾ ਸਿੱਧਾ ਸਬੰਧ ਹੈ। ਗੁਰੂ ਸਾਹਿਬਾਨ ਵੈਸਾਖੀ ਤੇ ਵਿਸ਼ੇਸ਼ ਜੋੜ ਮੇਲਾ ਕਰਿਆ ਕਰਦੇ ਸਨ। ਇਤਿਹਾਸ ਮੁਤਾਬਿਕ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਡੱਲਾ ਨਿਵਾਸੀ ਭਾਈ ਪਾਰੋ ਪਰਮਹੰਸ ਨੇ ਵੱਡੀ ਪੱਧਰ ਤੇ ਵੈਸਾਖੀ ਜੋੜ ਮੇਲਾ ਸ਼ੁਰੂ ਕੀਤਾ। ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਰੂਪ ਵਿੱਚ ਇਸ ਦਿਨ ਖੰਡੇ ਦੀ ਪਾਹੁਲ ਦੇ ਕੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਅਤੇ ਗੁਰਸਿੱਖਾਂ ਨੂੰ ਖਾਲਸੇ ਦੀ ਸੰਗਿਆ ਦਿੱਤੀ ਕਿਉਂਕਿ ਸਿੱਖ ਹੁਣ ਜਾਤਾਂ-ਪਾਤਾਂ, ਛੂਆ-ਛਾਤਾਂ, ਵਹਿਮਾਂ-ਭਰਮਾਂ ਅਤੇ ਕਰਮਕਾਂਡਾਂ ਦੀ ਮਿਲਾਵਟ ਤੋਂ ਖਾਲਸ ਹੋ ਚੁੱਕਾ ਸੀ। ਵੈਸਾਖੀ ਵਾਲੇ ਦਿਨ ਹੀ ਖਾਲਸਾ ਪੰਥ ਸਰਬੱਤ ਖਾਲਸੇ ਦੇ ਰੂਪ ਵਿੱਚ ਇਕੱਤਰ ਹੋ ਕੇ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਆਪਸੀ ਵਿਚਾਰ ਵਿਟਾਂਦਰੇ ਉਪ੍ਰੰਤ ਗੁਰਬਾਣੀ ਦੀ ਰੌਸ਼ਨੀ ਵਿੱਚ ਮਤੇ ਅਤੇ ਗੁਰਮਤੇ ਪਾਸ ਕਰਦਾ ਸੀ ਅਤੇ ਅਭਿਲਾਖੀਆਂ ਨੂੰ ਖੰਡੇ ਦੀ ਪਾਹੁਲ ਦਿੰਦਾ ਸੀ। ਇਸ ਕਰਕੇ ਸਾਰੇ ਖਾਲਸਾ ਪੰਥ ਦੀ ਮਰਯਾਦਾ ਇੱਕ ਸੀ ਤੇ ਖਾਲਸਾ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਸੀ। ਇਹ ਮਰਯਾਦਾ ਪਹਿਲਾਂ ਮਹੰਤਾ ਨੇ ਅੰਗ੍ਰੇਜ਼ੀ ਸਰਕਾਰ ਰਾਹੀਂ ਗੁਰਦੁਆਰਿਆਂ ਤੇ ਕਾਬਜ਼ ਹੋ ਕੇ ਖਤਮ ਕੀਤੀ ਅਤੇ ਫਿਰ ਸਿੰਘਾਂ ਨੇ ਸਿੰਘ ਸਭਾ ਦੇ ਰੂਪ ਵਿੱਚ ਇਨ੍ਹਾਂ ਹੰਕਾਰੀ, ਵਿਕਾਰੀ ਅਤੇ ਦੁਰਾਚਾਰੀ ਮਹੰਤਾਂ ਨੂੰ ਗੁਰੂ ਘਰਾਂ ਵਿੱਚੋਂ ਕੱਢ ਕੇ ਬਹਾਲ ਕੀਤੀ। ਜਿਸ ਮਰਯਾਦਾ ਨੂੰ ਅੱਜ ਦੇ ਮਾਇਆਧਾਰੀ, ਗਿਆਨ ਵਿਹੂਣੇ ਹੰਕਾਰੀ ਪ੍ਰਬੰਧਕਾਂ ਅਤੇ ਭੇਖੀ ਸਾਧਾਂ ਸੰਤਾਂ ਨੇ ਧੱਕੇ ਨਾਲ ਖਤਮ ਕਰ ਦਿੱਤਾ ਹੈ।

ਹੁਣ ਵੈਸਾਖੀ ਵਾਲੇ ਦਿਨ ਗੁਰਮਤੇ ਕਰਨ ਦੀ ਥਾਂ ਪਾਠਾਂ ਦੀਆਂ ਲੜੀਆਂ ਚਲਾਈਆਂ ਜਾਂਦੀਆਂ ਹਨ। ਇੱਕ ਥਾਂ ਤੇ ਕਈ-2 ਇਕੱਠੇ ਪਾਠ ਰੱਖੇ ਜਾਂਦੇ ਹਨ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਅਖੰਡ ਪਾਠ ਕਰਾਉਣ ਦੀਆਂ ਅਪੀਲਾਂ ਕੀਤੀਆਂ ਜਾਂਦੀਆਂ ਹਨ ਪਰ ਗੁਰਬਾਣੀ ਸਿੱਖਣ ਸਿਖਾਉਣ ਦੀ ਅਪੀਲ ਕੋਈ ਨਹੀਂ ਕੀਤੀ ਜਾਂਦੀ ਕਿਉਂ? ਕੀ ਇਨ੍ਹਾਂ ਗੁਰਪੁਰਬਾਂ ਦਾ ਮਕਸਦ ਪਾਠਾਂ ਦੀਆਂ ਲੜੀਆਂ ਚਲਾ ਕੇ ਪੈਸਾ ਇਕੱਠਾ ਕਰਨਾਂ ਅਤੇ ਸੰਗਤਾਂ ਨੂੰ ਸਦਾ ਲਈ ਪੇਅਡ ਪਾਠੀਆਂ ਤੇ ਹੀ ਡੀਪੈਂਡ ਕਰਨਾ ਹੈ? ਅੱਜ ਸੈਂਕੜਿਆਂ ਚੋਂ ਕਿਸੇ ਇੱਕ ਗੁਰੂ ਘਰ ਵਿੱਚ ਹੀ ਅਕਾਲ ਤਖ਼ਤ ਤੋਂ ਪ੍ਰਵਾਣਿਤ ਮਰਯਾਦਾ ਲਾਗੂ ਹੈ ਬਾਕੀ ਸਭ ਗੁਰਦੁਆਰਿਆਂ ਵਿੱਚ ਮਹੰਤੀ ਅਤੇ ਸੰਪਰਦਾਈ ਮਰਯਾਦਾ ਹੀ ਚਲਾਈ ਜਾਂਦੀ ਹੈ। ਸਿੱਖ ਅਗਿਆਨਤਾ ਤੇ ਕਮਜ਼ੋਰੀ ਦੀ ਨੀਂਦ ਵਿੱਚ ਸੁੱਤੇ ਪਏ ਹਨ। ਗੁਰਬਾਣੀ ਦੇ ਅਸਲੀ ਮਨੋਰਥ ਨੂੰ ਛੱਡ ਕੇ ਸਾਧਾਂ ਦੀਆਂ ਬਣਾਈਆਂ ਮਨੋ ਕਲਪਿਤ ਕਹਾਣੀਆਂ ਹੀ ਗੁਰੂ ਘਰਾਂ ਵਿੱਚ ਪ੍ਰਚਾਰੀਆਂ ਜਾ ਰਹੀਆਂ ਹਨ। ਵੈਸਾਖੀ ਦੇ ਸੰਦੇਸ਼ ਨੂੰ ਕਰਮ ਕਾਂਡਾਂ ਦੇ ਚਿੱਕੜ ਵਿੱਚ ਰੋਲਿਆ ਜਾ ਰਿਹਾ ਹੈ। ਪਿਆਰੇ ਖਾਲਸਾ ਜੀ! ਵੈਸਾਖੀ ਦੀ ਵਿਲੱਖਣ ਮਹਾਨਤਾ ਨੂੰ ਸਮਝ ਕੇ ਗੁਰੂ ਘਰਾਂ ਵਿੱਚ ਆ ਵੜੇ ਬ੍ਰਾਹਮਣੀ ਅਤੇ ਸੰਪਰਦਾਈ ਕਰਮਕਾਂਡਾਂ ਤੋਂ ਖਹਿੜਾ ਛੁਡਾਈਏ ਅਤੇ ਗੁਰਬਾਣੀ ਦੇ ਸੱਚੇ ਸੁੱਚੇ ਵਿਚਾਰਾਂ ਅਤੇ ਮਰਯਾਦਾ ਨੂੰ ਧਾਰਨ ਕਰੀਏ।

ਖਾਲਸਾ ਸ਼ਬਦ ਦੀ ਮਹਾਂਨਤਾ-ਖਾਲਸਾ ਅਰਬੀ ਭਾਸ਼ਾ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਨਿਰੋਲ, ਸ਼ੁੱਧ ਅਤੇ ਖਰਾ, ਬਿਨਾ ਕਿਸੇ ਮਿਲਾਵਟ ਅਤੇ ਪੰਥ ਦਾ ਅਰਥ ਹੈ ਰਾਹ (ਇਕਸਾਰਤਾ-ਰਸਤਾ) ਖਾਲਸਾ ਦਾ ਮਤਲਬ ਇਹ ਵੀ ਹੈ ਕਿ ਉਹ ਜ਼ਮੀਨ ਜਾਂ ਮੁਲਕ ਜਿਸ ਦਾ ਬਾਦਸ਼ਾਹ ਨਾਲ ਸਿੱਧਾ ਸਬੰਧ ਹੈ ਜੋ ਕਿਸੇ ਜਗੀਰਦਾਰ ਜਾਂ ਜਿਮੀਦਾਰ ਦੇ ਅੰਡਰ ਨਹੀਂ (ਮਹਾਂਨ ਕੋਸ਼ ਭਾ. ਕਾਨ੍ਹ ਸਿੰਘ ਨਾਭਾ) ਸੋ ਗੁਰੂਆਂ ਤੋਂ ਪਹਿਲਾਂ ਭਗਤਾਂ ਨੇ ਵੀ ਖਾਲਸਾ ਲਫ਼ਜ਼ ਦੀ ਵਰਤੋਂ ਕੀਤੀ ਹੈ ਜਿਵੇਂ ਭਗਤ ਕਬੀਰ ਜੀ ਫੁਰਮਾਂਦੇ ਹਨ-ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥ (655) ਜਿਨ੍ਹਾਂ ਨੇ ਪ੍ਰੇਮਾਂ ਭਗਤੀ ਭਾਵ ਖਲਕਤ ਵਿੱਚ ਵਸਦੇ ਰੱਬੀ ਪਿਆਰ ਨੂੰ ਜਾਣ ਲਿਆ ਹੈ ਉਹ ਖਾਲਸੇ ਹਨ ਪਰ ਅੱਜ ਸਾਡੇ ਬਹੁਤੇ ਭਾਈ ਕੇਵਲ ਤੇ ਕੇਵਲ ਪੰਜ ਕਕਾਰੀ ਬਾਣਾਧਾਰੀ ਮਨੁੱਖ ਨੂੰ ਹੀ ਖਾਲਸਾ ਕਹਿੰਦੇ ਹਨ ਤੇ ਬਾਕੀ ਹੋਰਾਂ ਨੂੰ ਨਹੀਂ ਭਾਂਵੇਂ ਉਹ ਗੁਰਬਾਣੀ ਦੇ ਅਤਿਅੰਤ ਰਸੀਏ ਵੀ ਕਿਉਂ ਨਾਂ ਹੋਣ। ਗੁਰਬਾਣੀ ਅਨੁਸਾਰ ਤਾਂ-ਸਰਬ ਧਰਮ ਮਹਿ ਸ੍ਰੇਸਟ ਧਰਮ॥ ਹਰਿ ਕੋ ਨਾਮਿ ਜਪਿ ਨਿਰਮਲ ਕਰਮ॥ (ਸੁਖਮਨੀ) ਰੱਬ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨੇ ਹੀ ਸਭ ਦਾ ਸਰਬ ਸਾਂਝਾ ਤੇ ਸਰਬ ਸ੍ਰੇਸ਼ਟ ਧਰਮ ਹੈ। ਐਸੇ ਸਰਬ ਸਾਂਝੇ ਧਰਮ ਦਾ ਧਾਰਨੀ ਖਾਲਸਾ ਕਿਉਂ ਨਹੀਂ ਹੋ ਸਕਦਾ? ਕੀ ਸਾਨੂੰ ਗੁਰਬਾਣੀ ਤੇ ਵਿਸ਼ਵਾਸ਼ ਨਹੀਂ? ਗੁਰਬਾਣੀ ਤਾਂ ਪ੍ਰੇਮਾ ਭਗਤੀ ਕਰਨ ਵਾਲਿਆਂ ਨੂੰ ਖਾਲਸਾ ਕਹਿ ਰਹੀ ਹੈ। ਜੇ ਹਿਰਦੇ ਵਿੱਚ ਪ੍ਰੇਮ ਨਹੀਂ ਦਵੈਸ਼ ਹੈ ਤਾਂ ਖਾਲਸਾ ਨਹੀਂ ਹੋ ਸਕਦਾ। ਖਾਲਸੇ ਦਾ ਮਤਲਬ ਹੈ ਖਾਲਸ, ਮਿਲਾਵਟ ਰਹਿਤ ਜਿਸ ਦਾ ਅਕਾਲ ਪੁਰਖ ਨਾਲ ਸਿੱਧਾ ਸਬੰਧ ਹੈ ਪਰ ਅੱਜ ਆਪਣੇ ਆਪ ਨੂੰ ਖਾਲਸਾ ਕਹਿਣ ਵਾਲਿਆਂ ਵਿੱਚ ਬ੍ਰਾਹਮਣੀ ਕਰਮ ਕਾਂਢਾਂ ਦੀ ਮਿਲਾਵਟ ਵੀ ਹੈ ਤੇ ਅਕਾਲ ਪੁਰਖ ਨਾਲ ਸਿੱਧਾ ਸਬੰਧ ਦੀ ਥਾਂ ਸਾਧਾਂ ਤੇ ਸੰਪਰਦਾਈਆਂ ਨਾਲ ਗੂੜਾ ਸਬੰਧ ਵੀ ਹੈ ਅਤੇ ਜੋ ਹੰਕਾਰ ਤੇ ਗੁੱਸੇ ਨਾਲ ਵੀ ਭਰੇ ਪੀਤੇ ਰਹਿੰਦੇ ਹਨ। ਅੰਮ੍ਰਿਤ ਛੱਕ ਕੇ ਵੀ ਉਨ੍ਹਾਂ ਅੰਦਰੋਂ ਜਾਤਿ-ਪਾਤਿ ਦਾ ਅਭਿਮਾਨ ਨਹੀਂ ਗਿਆ ਕਿ ਅਸੀਂ ਜੱਟ ਸਿੱਖ ਹਾਂ, ਰਾਮਗੜੀਏ ਸਿੱਖ ਹਾਂ ਫਲਾਨੇ ਤਾਂ ਮਜ਼ਬੀ ਤੇ ਰਵਿਦਾਸੀਏ ਸਿੱਖ ਹਨ। ਕੀ ਅਜਿਹੇ ਲੋਕ ਗੁਰੂ ਦੇ ਖਾਲਸੇ-ਸਿੱਖ ਹੋ ਸਕਦੇ ਹਨ? ਗੁਰੂ ਨੇ ਤਾਂ ਇਕੋ ਸੰਗਤ ਪੰਗਤ ਵਿੱਚ ਬੈਠਾਇਆ, ਖਵਾਇਆ ਅਤੇ ਇਕੋ ਬਾਟੇ ਵਿੱਚ ਰੱਬੀ ਬਾਣੀ ਦਾ ਅੰਮ੍ਰਿਤ ਪਿਲਾ ਕੇ ਜਾਤਿ-ਪਾਤਿ ਅਤੇ ਸੁੱਚ-ਭਿੱਟ ਖਤਮ ਕੀਤੀ। ਕੀ ਖਾਲਸਾ ਕਹਾਉਣ ਵਾਲਿਆਂ ਨੇ ਜਾਤਿ-ਪਾਤਿ ਦੀ ਵੀਚਾਰ ਛੱਡ ਦਿੱਤੀ ਹੈ? ਕੀ ਜਾਤਿ ਪਾਤਿ ਤੋਂ ਉੱਪਰ ਉੱਠ ਕੇ ਰਿਸ਼ਤੇਦਾਰੀਆਂ ਕਾਇਮ ਕੀਤੀਆਂ ਹਨ? ਕੀ ਜੱਟ ਖਾਲਸੇ ਨੇ ਆਪਣੀ ਧੀ ਦਾ ਰਿਸ਼ਤਾ ਚਮਾਰ ਖਾਲਸੇ ਦੇ ਪੁੱਤਰ ਨੂੰ ਕੀਤਾ ਹੈ? ਜਦ ਕਿ ਜੱਟ ਚਮਾਰ ਵਾਲਾ ਜਾਤ-ਪਾਤੀ ਵਿਤਕਰਾ ਬ੍ਰਾਹਮਣ ਦੀ ਉਪਜ ਹੈ ਅਤੇ ਰੱਬ ਦੇ ਬਣਾਏ ਬੰਦਿਆਂ ਦੀ ਤਾਂ ਇੱਕ ਹੀ ਮਨੁੱਖਾ ਜਾਤਿ ਹੈ। ਅੱਜ ਦਾ ਖਾਲਸਾ ਅੱਗ, ਤੇਲ ਜਾਂ ਘਿਓ ਦੀ ਜੋਤਿ ਦੀ ਪੂਜਾ ਕਰ ਰਿਹਾ ਹੈ ਜੋ ਹੱਥੀਂ ਬਾਲੀ ਤੇ ਬੁਝ ਵੀ ਜਾਂਦੀ ਹੈ ਪਰ ਗੁਰੂ ਤਾਂ ਉਸ ਜੋਤ ਦੀ ਗੱਲ ਕਰਦੇ ਹਨ ਜੋ ਸਭ ਵਿੱਚ ਸਭ ਥਾਂ ਤੇ ਸਦੀਵ ਜਗਦੀ ਅਤੇ ਚਾਨਣ ਕਰਦੀ ਹੈ-ਸਭਿ ਮਹਿ ਜੋਤਿ ਜੋਤਿ ਹੈ ਸੋਇ॥ ਤਿਸ੍ਰ ਦੈ ਚਾਨਣ ਸਭਿ ਮਹਿ ਚਾਨਣ ਹੋਇ॥ (663) ਅੱਜ ਦਾ ਖਾਲਸਾ ਸ਼ਹੀਦਾਂ ਦੀਆਂ ਮੜ੍ਹੀਆਂ ਤੇ ਜੋਤਾਂ-ਦੀਵੇ ਜਗਾ ਰਿਹਾ ਹੈ। ਤੀਰਥਾਂ ਤੇ ਯਾਤਰਾ ਕਰਦਿਆਂ ਵੇਹਲੜਾਂ ਨੂੰ ਕੁਥਾਂਏਂ ਦਾਨ ਕਰ ਰਿਹਾ ਹੈ। ਕੀੜੀਆਂ, ਜੂੰਆਂ, ਸੱਪਾਂ ਆਦਿਕ ਤੇ ਤਾਂ, ਥਾਂ-ਥਾਂ ਦਇਆ ਕਰ ਰਿਹਾ ਹੈ ਪਰ ਆਪਣੇ ਹੀ ਧਰਮ ਭਾਈਆਂ ਦਾ ਹੱਕ ਮਾਰ ਕੇ ਖੂਨ ਪੀ ਰਿਹਾ ਹੈ ਭਾਵ ਕਾਮਿਆਂ ਦਾ ਹੱਕ ਮਾਰ ਰਿਹਾ ਹੈ। ਨੰਗੇ ਪੈਰੀਂ ਚੱਲਣ, ਚਾਲੀਸੇ ਕੱਟਣ ਤੇ ਗਿਣਤੀ ਮਿਣਤੀ ਦੇ ਪਾਠ ਤੇ ਸੰਪਟ ਪਾਠਾਂ ਦੇ ਜਪ ਤਪ ਕਰ ਰਿਹਾ ਹੈ। ਕੀ ਐਸਾ ਵਿਸ਼ਵਾਸ਼ੀ ਤੇ ਕਰਮਕਾਂਡੀ ਸਿੱਖ ਖਾਲਸਾ ਹੋ ਸਕਦਾ ਹੈ? ਅੱਜ ਦਾ ਖਾਲਸਾ ਭਰਮੀ ਹੁੰਦਾ ਜਾ ਰਿਹਾ ਹੈ ਜਿਵੇਂ ਸੰਗ੍ਰਾਂਦ ਦਾ ਦਿਨ ਹੀ ਪਵਿਤਰ ਹੈ, ਬਿੱਲੀ ਰਸਤਾ ਕੱਟ ਗਈ ਦਾ ਭਰਮ, ਦਿਸ਼ਾ ਦਾ ਭਰਮ ਕਿ ਇਧਰ ਨੂੰ ਮੂੰਹ ਕਰਕੇ ਹੀ ਪਾਠ ਰੱਖਣਾ ਹੈ ਓਧਰ ਨੂੰ ਨਹੀਂ। ਰੋਟੀ ਕੇਵਲ ਤੱਪੜ ਤੇ ਬੈਠ ਕੇ ਖਾਣਾ ਹੀ ਧਰਮ ਹੈ ਕੁਰਸੀ ਮੇਜ ਤੇ ਖਾਣ ਨਾਲ ਧਰਮ ਟੁੱਟ ਜਾਵੇਗਾ। ਗੁਰੂ ਮਹਾਂਰਾਜ ਦੀ ਸਵਾਰੀ ਅੱਗੇ ਬੂੰਦ ਬੂੰਦ ਪਾਣੀ ਛਿੜਕਣਾ ਕਿ ਧਰਤੀ ਪਵਿਤਰ ਹੋ ਜਾਂਦੀ ਹੈ ਜਦ ਕਿ ਜਦੋਂ ਰਸਤੇ ਕੱਚੇ ਹੁੰਦੇ ਸਨ ਓਦੋਂ ਧੂੜ ਬੈਠਾਉਣ ਲਈ ਅਜਿਹਾ ਕੀਤਾ ਜਾਂਦਾ ਸੀ। ਅੱਜ ਪੱਕੇ ਘਰਾਂ, ਪੱਕੀਆਂ ਸੜਕਾਂ ਅਤੇ ਕਾਰਾਂ ਤੇ ਪਾਣੀ ਛਿੜਕਣਾ ਭਰਮ ਨਹੀਂ ਤਾਂ ਹੋਰ ਕੀ ਹੈ? ਭਰਮ ਭੇਖ ਤੇ ਰਹੇ ਨਿਆਰਾ ਭਾਵ ਭੇਖ ਨੂੰ ਹੀ ਧਰਮ ਨਾਂ ਸਮਝ ਲਵੇ, ਕ੍ਰਿਪਾਨ ਲਹਿ ਗਈ, ਕੰਘਾ ਡਿੱਗ ਪਿਆ, ਕਛਹਿਰਾ ਦੋਹਾਂ ਪੈਰਾਂ ਚੋਂ ਲਹਿ ਗਿਆ ਤਾਂ ਅੰਮ੍ਰਿਤ ਟੁੱਟ ਗਿਆ ਦਾ ਭਰਮ, ਮਾਸ ਖਾਣ ਜਾਂ ਨਾ ਖਾਣ ਦਾ ਭਰਮ, ਕ੍ਰਿਪਾਨ ਨਾ ਲਹੁਣਾ ਦਾ ਭਰਮ ਫਿਰ ਭਾਰਤ ਤੋਂ ਬਾਹਰ ਜਾਂ ਭਾਰਤ ਵਿੱਚ ਵੀ ਹਵਾਈ ਸਫਰ ਤਾਂ ਕਰ ਹੀ ਨਹੀਂ ਸਕਦਾ। ਪੰਜ ਕਕਾਰ ਫੌਜੀ ਖਾਲਸੇ ਦੀ ਵਰਦੀ ਹੈ ਪਰ ਫੌਜੀ ਵੀ ਡਿਊਟੀ ਦੇ ਟਾਈਮ ਹੀ ਵਰਦੀ ਪਹਿੰਨਦਾ ਹੈ ਹਰ ਵੇਲੇ ਨਹੀਂ, ਵਿਦਿਆਰਥੀ ਸਕੂਲ ਟਾਈਮ ਵਰਦੀ ਪਾਉਂਦਾ ਹੈ ਹਰ ਵੇਲੇ ਨਹੀਂ ਇਵੇਂ ਹੀ ਖਾਲਸੇ ਦੀ ਵਰਦੀ ਹੈ ਜੇ ਕਿਤੇ ਲੋੜ ਪੈਣ ਤੇ ਲਾਹੁਣੀ ਵੀ ਪਵੇ ਤਾਂ ਭਰਮ ਨਹੀਂ ਕਰਨਾ। ਕ੍ਰਿਪਾਨ ਪਹਿਨ ਕੇ ਅਸੀਂ ਘੋਲ ਕਬੱਡੀ ਆਦਿਕ ਖੇਡਾਂ ਖੇਡ ਹੀ ਨਹੀਂ ਸਕਦੇ ਕਿਉਂਕਿ ਇਸ ਦਾ ਆਪਣੇ ਆਪ ਨੂੰ ਲੱਗਣ ਦਾ ਵੀ ਡਰ ਰਹਿੰਦਾ ਹੈ ਦੂਜੇ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਨਹਾਉਣ ਵੇਲੇ ਕਦੇ ਕ੍ਰਿਪਾਨ ਸਿਰ ਤੇ ਕਦੇ ਲੱਕ ਨਾਲ ਬੰਨਣਾ ਭਰਮ ਨਹੀਂ ਤਾਂ ਹੋਰ ਕੀ ਹੈ? ਕੀ ਕੋਈ ਫੌਜੀ ਜਾਂ ਸਕੂਲ ਦਾ ਵਿਦਿਆਰਥੀ ਵਰਦੀ ਸਮੇਤ ਨਹਾਉਂਦਾ ਹੈ?

ਖਾਲਸਾ ਸ਼ਬਦ ਔਰਤ ਤੇ ਮਰਦ ਦੋਹਾਂ ਲਈ ਸਾਂਝਾ ਹੈ ਔਰਤ ਲਈ ਕਿਤੇ ਖਾਲਸੀ ਸ਼ਬਦ ਨਹੀਂ ਵਰਤਿਆ ਗਿਆ ਫਿਰ ਪੰਜਾਂ ਪਿਆਰਿਆਂ ਦਾ ਪ੍ਰਸ਼ਾਦ ਖਾਲਸਾ ਔਰਤ ਕਿਉਂ ਨਹੀਂ ਲੈ ਸਕਦੀ ਅਤੇ ਪੰਜਾਂ ਪਿਆਰਿਆਂ ਦੀ ਸੇਵਾ ਖਾਲਸਾ ਔਰਤ ਕਿਉਂ ਨਹੀਂ ਕਰ ਸਕਦੀ? ਔਰਤ ਮਾਂ ਹੈ ਜਿਸ ਨੇ ਬੱਚੇ ਨੂੰ ਜਨਮ ਦਿੱਤਾ ਹੈ ਉਹ ਨੀਵੀਂ ਕਿਵੇਂ ਹੋ ਗਈ? ਸੰਪਰਦਾਈ ਤੇ ਡੇਰੇਦਾਰ ਔਰਤ ਨੂੰ ਗਲੀਚ ਕਹਿੰਦੇ ਹਨ ਕਿ ਉਸ ਨੂੰ ਮਾਂਹਵਾਰੀ ਅਉਂਦੀ ਹੈ ਪਰ ਜਰਾ ਸੋਚੋ ਆਦਮੀ ਦੇ ਮਨ ਵਿੱਚ ਵੀ ਤਾਂ ਬੁਰੇ ਵਿਚਾਰ ਆਉਂਦੇ ਹੀ ਰਹਿੰਦੇ ਹਨ ਫਿਰ ਆਦਮੀ ਕਿਵੇਂ ਪਵਿਤਰ ਰਹਿ ਗਿਆ ਤੇ ਔਰਤ ਮਲੀਨ ਹੋ ਗਈ? ਜਦ ਕਿ ਮਾਂਹਵਾਰੀ ਕੁਦਰਤੀ ਕਿਰਿਆ ਹੈ। ਸੋ ਜੋ ਪ੍ਰਾਣੀ ਅਜਿਹੇ ਭਰਮਾਂ ਤੋਂ ਉਪਰ ਉੱਠਦਾ ਹੈ, ਪ੍ਰੇਮਾ ਭਗਤੀ ਕਰਦਾ ਹੈ ਉਹ ਖਾਲਸਾ ਹੈ ਅਤੇ ਜੋ ਪੰਜ ਕਕਾਰ ਧਾਰਣ ਕਰਕੇ ਖੰਡੇ ਦੀ ਪਾਹੁਲ ਪੰਜਾਂ ਸਿੰਘਾਂ ਤੋਂ ਗੁਰਬਾਣੀ ਦੇ ਨਾਮ ਅੰਮ੍ਰਿਤ ਰਾਹੀਂ ਲੈਂਦਾ ਹੈ ਉਹ ਫੌਜੀ ਖਾਲਸਾ ਹੈ ਪਰ ਅੱਜ ਦਾ ਫੌਜੀ ਖਾਲਸਾ ਸ਼ਸਤਰ ਵਿਦਿਆ ਤੋਂ ਵਿਹੂਣਾ ਹੈ ਕਿਉਂਕਿ ਉਹ ਸ਼ਸ਼ਤਰਾਂ ਦੀ ਸਜੋਗ ਵਰਤੋਂ ਕਰਨ ਦੀ ਥਾਂ ਪੂਜਾ ਕਰਨ ਲੱਗ ਪਿਆ ਹੈ। ਖਾਲਸੇ ਨੂੰ ਸਮੇਂ ਅਨੁਸਾਰ ਨਵੀਨ ਸ਼ਸ਼ਤਰਾਂ ਨੂੰ ਵੀ ਸਿੱਖਣਾ ਚਾਹੀਦਾ ਹੈ ਨਾਂ ਕਿ ਇੱਕੋਲੇ ਕ੍ਰਿਪਾਨ ਪਹਿਨਣ ਕੇ ਹੀ ਸ਼ਸ਼ਤ੍ਰਧਾਰੀ ਹੋਣ ਦਾ ਭਰਮ ਪਾਲਣਾ ਚਾਹੀਦਾ ਹੈ।

ਅੰਮ੍ਰਿਤ ਦੀ ਵਿਆਖਿਆ- ਅੰਮ੍ਰਿਤ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦੇ ਪ੍ਰਕਰਣ ਅਨੁਸਾਰ ਵੱਖ-ਵੱਖ ਅਰਥ ਹਨ ਪਰ ਮੇਨ ਅਰਥ ਪ੍ਰਮੇਸ਼ਰ ਦਾ ਨਾਮ ਹੀ ਹੈ ਜਿਵੇਂ-ਅੰਮ੍ਰਿਤ ਨਾਮੁ ਪ੍ਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥ (616) ਅੰਮ੍ਰਿਤ ਬਾਣੀ ਅਮਿਉ ਰਸੁ, ਅੰਮ੍ਰਿਤੁ ਹਰਿ ਕਾ ਨਾਉ॥ ਮਨਿ ਤਨਿ ਹਿਰਦੈ ਸਿਮਰਿ ਹਰਿ, ਆਠ ਪਹਰ ਗੁਣ ਗਾਉ॥ (963) ਅੰਮ੍ਰਿਤ ਹਰਿ ਕਾ ਨਾਮੁ ਹੈ ਮੇਰੀ ਜਿੰਦੜੀਏ, ਅੰਮ੍ਰਿਤ ਗੁਰਮਤਿ ਪਾਇ ਰਾਮ॥ (538) ਅੰਮ੍ਰਿਤੁ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ॥ (318) ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥ ਨਾਨਕ ਅੰਮ੍ਰਿਤ ਨਾਮ ਸਦਾ ਸੁਖ ਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ (118). . ਸਚਾ ਅੰਮ੍ਰਿਤੁ ਨਾਮੁ ਭੋਜਨੁ ਆਇਆ. .॥ (150) ਹੋਰ ਪਦਾਰਥਾਂ ਨੂੰ ਵੀ ਅੰਮ੍ਰਿਤ ਕਿਹਾ ਗਿਆ ਹੈ ਜਿਵੇਂ-ਮੱਖਣ-ਰਸਨਾ ਨਾਮਿ ਜਪਹੁ ਤਬ ਮਥੀਐ ਇਨਿ ਬਿਧਿ ਅੰਮ੍ਰਿਤ ਪਾਵਹੁ॥ (728) ਦੁੱਧ-ਸੋਇਨ ਕਟੋਰੀ ਅੰਮ੍ਰਿਤ ਭਰੀ॥ (1163) ਮਿਠਾਸ-ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ॥ (69) ਸੁਵਾਦਿਸ਼ਟ ਭੋਜਨ-ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥ (269) ਅਮਰ-ਹਰਿ ਅੰਮ੍ਰਿਤ ਸਜਣ ਮੇਰਾ॥ (ਸੂਹੀ ਮਹਲਾ 5) ਪ੍ਰਮੇਸ਼ਰ ਤੇ ਪ੍ਰਮੇਸ਼ਰ ਦਾ ਨਾਮ ਅਮਰ ਹੈ ਜੋ ਇਸ ਨੂੰ ਜਪਦੇ ਤੇ ਧਾਰਦੇ ਹਨ ਉਹ ਵੀ ਅਮਰ ਹੋ ਜਾਂਦੇ ਹਨ ਪਰ ਇਹ ਪਦਵੀ ਗੱਲੀਂ ਬਾਤੀਂ ਨਹੀਂ ਪਾਈ ਜਾ ਸਕਦੀ ਜਿਵੇਂ-ਖਾਂਡ ਖਾਂਡ ਕਹੈ ਜਿਹਬਾ ਨਾ ਸਵਾਦ ਮੀਠੋ ਆਵੈ, ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ। ਸ਼ ਅੰਮ੍ਰਿਤ ਅੰਮ੍ਰਿਤ ਕਹੈ ਪਾਈਐ ਨਾ ਅਮਰ ਪਦ, ਜਉ ਲਉ ਜਿਹਵਾ ਕੈ ਸੁਰਸ ਅੰਮ੍ਰਿਤ ਨਾ ਚਾਖੀਐ (ਭਾ. ਗੁ.) ਅੰਮ੍ਰਿਤ ਕਿੱਥੇ ਹੈ ਅਤੇ ਕਿੱਥੋਂ ਮਿਲਦਾ ਹੈ? ਅੰਮ੍ਰਿਤ ਸਾਡੇ ਅੰਦਰ ਹੈ ਜਿਸ ਨੂੰ ਸ਼ਬਦ ਗੁਰੂ ਦੁਆਰਾ ਪਾਇਆ ਜਾ ਸਕਦਾ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ॥ ਬਿਨਿ ਸਬਦੈ ਜਗੁ ਬਉਰਾਨੰ॥ (635) ਭੇਖ ਤੋਂ ਉੱਪਰ ਉੱਠ ਕੇ ਸ਼ੁਭ ਗੁਣ ਧਾਰਨ ਕਰਕੇ ਹੀ ਅੰਮ੍ਰਿਤ ਪੀਤਾ ਜਾ ਸਕਦਾ ਹੈ।

ਗੁਰਬਾਣੀ ਅਨੁਸਾਰ ਪ੍ਰਮੇਸ਼ਰ ਦਾ ਨਾਮ, ਚੰਗੇ ਗੁਣ, ਚੰਗਾ ਭੋਜਨ, ਸਫਲ ਸੇਵਾ ਅਤੇ ਰੱਬ ਦੀ ਸਿਫਤੋਂ ਸਲਾਹ ਹੀ ਅੰਮ੍ਰਿਤ ਹੈ, ਜੋ ਸਾਡੇ ਹਿਰਦੇ ਵਿੱਚ ਹੀ ਹੈ, ਜਿਸ ਦੀ ਪ੍ਰਾਪਤੀ ਗੁਰੂ ਗਿਆਨ ਦੁਆਰਾ ਹੁੰਦੀ ਹੈ ਪਰ ਅੱਜ ਅਸੀਂ ਮਨ ਮਰਜੀ ਦੇ ਅੰਮ੍ਰਿਤ ਪੀ ਰਹੇ ਹਾਂ ਜਿਵੇਂ ਚਰਨ ਅੰਮ੍ਰਿਤ-ਧਰਮ ਅਸਥਾਨਾਂ ਦੇ ਬਾਹਰ ਪੈਰ ਦੋਣ ਵਾਲੇ ਚੁਬੱਚੇ ਚੋਂ ਪੈਰਾਂ ਦੇ ਧੋਣ (ਗੰਦੇ ਪਾਣੀ) ਨੂੰ, ਕਿਸੇ ਘੜੇ ਜਾਂ ਸ਼ੀਸੀ ਬੋਤਲ ਵਿੱਚ ਪਾ ਰੱਖੇ ਪਾਣੀ ਨੂੰ ਅਤੇ ਸਰੋਵਰਾਂ ਦੇ ਪਾਣੀ ਨੂੰ ਅੰਮ੍ਰਿਤ ਸਮਝ ਪੀ ਰਹੇ ਹਾਂ। ਜੇ ਅਸੀਂ ਖੰਡੇ ਬਾਟੇ ਦਾ ਅੰਮ੍ਰਿਤ ਛਕਦੇ ਹਾਂ ਤਾਂ ਉਸ ਵਿੱਚ ਵੀ ਵੰਡੀਆਂ ਪਾਈ ਜਾ ਰਹੇ ਹਾਂ, ਜਿਵੇਂ ਕਿੱਥੋਂ ਅੰਮ੍ਰਿਤ ਛੱਕਿਆ ਹੈ? ਨਿਹੰਗਾਂ ਤੋਂ, ਭਿੰਡਰਾਂਵਾਲਿਆਂ ਤੋਂ, ਰਾੜੇਵਾਲਿਆਂ ਤੋਂ, ਪਹੋਵੇ ਵਾਲਿਆਂ ਤੋਂ, ਫਲਾਨੇ ਸੰਤਾਂ ਤੋਂ ਅਤੇ ਮਿਸ਼ਨਰੀ ਕਾਲਜ, ਸ਼੍ਰੋਮਣੀ ਕਮੇਟੀ ਤੋਂ ਆਦਿ। ਗੁਰੂ ਤੋਂ ਛੱਕਿਆ ਕੋਈ ਨਹੀਂ ਕਹਿੰਦਾ ਕਿਉਂ? ਫਿਰ ਸਭ ਮਰਯਾਦਾ ਵੀ ਵੱਖਰੀ-ਵੱਖਰੀ ਦ੍ਰਿੜ ਕਰਵਾਉਂਦੇ ਹਨ ਐਸਾ ਕਿਉਂ? ਕੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵੱਖਰੀ-ਵੱਖਰੀ ਮਰਯਾਦਾ ਦ੍ਰਿੜ ਕਰਵਾਈ ਸੀ? ਜਰਾ ਸੋਚੋ! ਜਦੋਂ ਖਾਲਸਾ ਪੰਥ ਇੱਕ ਹੈ ਫਿਰ ਖਾਲਸੇ ਪੰਥ ਦੀ ਮਰਯਾਦਾ ਵੀ ਇੱਕ ਹੀ ਹੋਣੀ ਚਾਹੀਦੀ ਹੈ। ਨੋਟ-ਕੇਵਲ ਸ਼੍ਰੋਮਣੀ ਕਮੇਟੀ ਅਤੇ ਸਿੱਖ ਮਿਸ਼ਨਰੀ ਕਾਲਜ ਹੀ ਸਿੱਖ ਰਹਿਤ ਮਰਯਾਦਾ ਦ੍ਰਿੜ ਕਰਵਾਉਂਦੇ ਹਨ। ਅੰਮ੍ਰਿਤ ਇੱਕ ਪ੍ਰਣ ਹੈ-ਸਿੱਖ ਗੁਰੂ ਅੱਗੇ ਪ੍ਰਣ ਕਰਦਾ ਹੈ ਕਿ ਉਹ ਕਿਰਤਮ ਦੀ ਥਾਂ ਅਕਾਲ ਦੀ ਪੂਜਾ ਕਰੇਗਾ, ਨਾਮ ਜਪੇਗਾ ਅਤੇ ਧਰਮ ਦੀ ਕਿਰਤ ਕਰਦਾ ਹੋਇਆ ਵੰਡ ਛਕੇਗਾ। ਮਨੁੱਖਤਾ ਦੀ ਸੇਵਾ ਕਰਦਾ ਹੋਇਆ ਪਰਉਪਕਾਰੀ ਜੀਵਨ ਜੀਵੇਗਾ। ਜਾਤਿ-ਪਾਤਿ ਨੂੰ ਨਹੀਂ ਮੰਨੇਗਾ। ਕਿਸੇ ਦੇਹਧਾਰੀ ਸਾਧ ਸੰਤ ਦੀ ਥਾਂ ਗੁਰੂ ਗ੍ਰੰਥ ਨੂੰ ਹੀ ਸੀਸ ਨਿਵਾਏਗਾ। ਬੁਰੇ ਕਰਮਾਂ ਦਾ ਤਿਆਗ ਕਰੇਗਾ। ਕੇਸਾਂ ਦੀ ਬੇਅਦਬੀ ਨਹੀਂ ਕਰੇਗਾ, ਪਰਾਈ ਇਸਤ੍ਰੀ ਜਾਂ ਮਰਦ ਦਾ ਸੰਗ ਨਹੀਂ ਕਰੇਗਾ। ਜਗਤ ਜੂਠ ਤਮਾਕੂ ਨਹੀਂ ਪੀਵੇਗਾ, ਗੁਲਾਮੀ ਦੀ ਨਿਸ਼ਾਨੀ ਹਲਾਲ ਕੀਤਾ ਕੁੱਠਾ ਮਾਸ ਨਹੀਂ ਖਾਏਗਾ। ਸਰੀਰਕ ਸਫਾਈ ਨੂੰ ਮੁੱਖ ਰੱਖ ਨਿੱਤ ਇਸ਼ਨਾਨ ਕਰੇਗਾ ਪਰ ਬ੍ਰਾਹਮਣ ਵਾਲੀ ਸੁੱਚ ਭਿੱਟ ਨਹੀਂ ਰੱਖੇਗਾ। ਪੰਜ ਕਕਾਰੀ ਵਰਦੀ ਧਾਰਨ ਕਰਕੇ ਗੁਰਬਾਣੀ ਦਾ ਪਾਠ ਨਿਤਾ ਪ੍ਰਤੀ ਕਰੇ ਤੇ ਵਿਚਾਰੇਗਾ। ਸ਼ਸ਼ਤ੍ਰ ਵਿਦਿਆ ਦਾ ਅਭਿਆਸ ਜਾਰੀ ਰੱਖੇਗਾ ਅਤੇ ਮਜ਼ਲੂਮਾਂ ਦੀ ਰੱਖਿਆ ਕਰੇਗਾ। "ਏਕ ਪਿਤਾ ਏਕਸ ਕੇ ਹਮ ਬਾਰਿਕ" ਦੇ ਮਹਾਂ ਵਾਕ ਅਨੁਸਾਰ ਸਾਰੇ ਸੰਸਾਰ ਨੂੰ ਆਪਣਾ ਪ੍ਰਵਾਰ ਸਮਝੇਗਾ। ਗੁਰਬਾਣੀ ਨੂੰ ਮੂਰਤੀਆਂ ਦੀ ਤਰ੍ਹਾਂ ਧੂਫਾਂ ਧੁਖਾ ਅਤੇ ਜੋਤਾਂ ਬਾਲ ਕੇ ਨਹੀਂ ਪੂਜੇਗਾ ਸਗੋਂ ਗੁਰੂਆਂ ਭਗਤਾਂ ਦੇ ਰੱਬੀ ਗਿਆਨ ਨੂੰ ਵਿਚਾਰ ਨਾਲ ਸਮਝ ਕੇ ਸਮੁੱਚੇ ਸੰਸਾਰ ਵਿੱਚ ਵੰਡਦਾ ਹੋਇਆ ਆਪਣਾ ਅੰਮ੍ਰਿਤਧਾਰੀ ਜੀਵਨ ਸਫਲ ਕਰੇਗਾ।

ਸੋ ਖਾਲਸਾ ਜੀ! ਗੁਰੂ ਜੀ ਨੇ ਐਸਾ ਪਰਉਪਕਾਰੀ ਖਾਲਸਾ ਪੰਥ ਸਾਜਿਆ ਸੀ ਨਾਂ ਕਿ ਵੱਖ-ਵੱਖ ਸੰਪਰਦਾਵਾਂ ਜਾਂ ਡੇਰੇ ਪੈਦਾ ਕੀਤੇ ਸਨ। ਜਰਾ ਆਪਣੇ ਮਨਾਂ ਅੰਦਰ ਡੂੰਗੀ ਝਾਤ ਮਾਰ ਕੇ ਸੋਚੋ! ਫਿਰ ਇਹ ਡੇਰੇ ਤੇ ਸੰਪਰਦਾਵਾਂ ਦੀਆਂ ਵੰਡੀਆਂ ਸਾਡੇ ਵਿੱਚ ਕਿਵੇਂ ਪੈ ਗਈਆਂ? ਸਿੱਖ ਧਰਮ (ਖਾਲਸਾ ਧਰਮ) ਵਿਗਿਆਨਕ, ਅਧੁਨਿਕ ਤੇ ਸਾਰੇ ਸੰਸਾਰ ਦਾ ਧਰਮ ਹੈ ਜਿਸ ਨੂੰ ਸੰਸਾਰ ਦਾ ਕੋਈ ਵੀ ਮਾਨੁੱਖ ਧਾਰਨ ਕਰ ਸਕਦਾ ਹੈ। ਵੈਸਾਖੀ ਦੇ ਪੁਰਬ ਤੇ ਐਸੇ ਉਪਰਾਲੇ ਕਿਉਂ ਨਹੀਂ ਕੀਤੇ ਜਾ ਰਹੇ? ਦੇਖੋ ਈਸਾਈਆਂ ਨੇ ਦੁਨੀਆਂ ਦੀ ਹਰੇਕ ਭਾਸ਼ਾ ਵਿੱਚ ਪਵਿਤਰ ਬਾਈਬਲ ਦਾ ਗਿਆਨ ਵੰਡ ਦਿੱਤਾ ਹੈ। ਕੈਸੀ ਭਾਵਨਾ ਹੈ ਉਨ੍ਹਾਂ ਵਿੱਚ ਪਰ ਅਸੀਂ ਪੰਜਾਬੀ ਅਤੇ ਵਰਲਡ ਭਾਸ਼ਾ ਅੰਗ੍ਰੇਜ਼ੀ ਵਿੱਚ ਵੀ ਐਸਾ ਨਹੀਂ ਕਰ ਸੱਕੇ। ਜਰਾਂ ਧਿਆਨ ਦਿਉ! ਗੁਰੂ ਗ੍ਰੰਥ ਸਹਿਬ ਵਿੱਚ ਐਸੀ ਭਾਵਨਾ ਪਹਿਲਾਂ ਹੀ ਦਰਸਾਈ ਗਈ ਹੈ ਕਿ ਅਨੇਕਾਂ ਬੋਲੀਆਂ ਗੁਰਬਾਣੀ ਵਿੱਚ ਵਰਤੀਆਂ ਗਈਆਂ ਹਨ ਜੋ ਸਰਬਸਾਂਝੀਵਾਲਤਾ ਦਾ ਪ੍ਰਤੀਕ ਹਨ। ਸਾਨੂੰ ਗੁਰਬਾਣੀ ਤੋਂ ਸੇਧ ਲੈ ਕੇ ਚੱਲਣਾ ਚਾਹੀਦਾ ਹੈ ਨਾਂ ਕਿ ਕਿਸੇ ਸਾਧ-ਸੰਤ, ਸੰਪਰਦਾ ਜਾਂ ਸੰਸਥਾ ਆਦਿਕ ਤੋਂ। ਗੁਰੂ ਜੀ ਸਦਾ ਲਈ ਸਾਨੂੰ ਗੁਰੂ ਗ੍ਰੰਥ ਦੇ ਲੜ ਲਾ ਗਏ ਤੇ ਅੱਜ ਵੀ ਸਾਨੂੰ ਲੱਗੇ ਰਹਿਣਾ ਚਾਹੀਦਾ ਹੈ। ਇਹ ਹੀ ਵੈਸਾਖੀ, ਅੰਮ੍ਰਿਤ, ਖਾਲਸਾ ਸਾਜਨ ਦਿਵਸ ਦਾ ਅਸਲੀ ਸੰਦੇਸ਼ ਵਿਲੱਖਣਤਾ ਅਤੇ ਮਹਾਂਨਤਾ ਹੈ।

## ਕੌਮ ਦੇ ਹੀਰੇ ਮਹਾਨ ਬੁਧੀਜੀਵੀ

# ਗਿਆਨੀ ਦਿੱਤ ਸਿੰਘ ਜੀ

ਲੇਖਕ : ਮੇਜਰ ਸਿੰਘ 'ਬੁਢਲਾਡਾ'



ਸਿੱਖ ਕੌਮ ਦੇ ਹੀਰੇ ਗਿਆਨੀ ਦਿੱਤ ਸਿੰਘ ਜੀ ਨੂੰ ਪ੍ਰੋਫੇਸਰ ਤੇ ਭਾਈ ਦਿੱਤ ਸਿੰਘ ਜੀ ਕਰਕੇ ਵੀ ਜਾਣਿਆ ਜਾਂਦਾ ਹੈ। ਮਹਾਨ ਬੁਧੀਜੀਵੀ ਗਿਆਨੀ ਦਿੱਤ ਸਿੰਘ ਜੀ ਨੂੰ ਵਿਸ਼ਵ ਭਰ ਵਿਚ ਪੰਜਾਬੀ ਦੇ ਪਹਿਲੇ ਪ੍ਰੋਫੈਸਰ ਹੋਣ ਦਾ ਮਾਣ ਹੈ ਅਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਵੀ ਕਿਹਾ ਜਾਂਦਾ ਹੈ। ਸ੍ਰ.ਪ੍ਰੀਤਮ ਸਿੰਘ ਐੱਮ.ਏ.ਮੋਹਾਲੀ ਦੀ ਖੋਜ ਮੁਤਾਬਕ ਗਿਆਨੀ ਜੀ ਨੇ 72 ਕਿਤਾਬਾਂ ਲਿਖੀਆਂ ਹਨ ਅਤੇ ਇਹਨਾਂ ਸਾਰੀਆਂ ਕਿਤਾਬਾਂ ਦੇ ਨਾਮ ਵੀ ਦਿੱਤੇ ਹਨ, ਜਿਹਨਾਂ ਵਿੱਚੋਂ - ਮੇਰਾ ਤੇ ਸਵਾਮੀ ਦਇਆ ਨੰਦ ਦਾ ਸੰਵਾਦ, ਗੁੱਗਾ ਗਪੌੜਾ, ਸੁਲਤਾਨ ਪੁਆੜਾ, ਨਕਲੀ ਸਿਖ ਪ੍ਰਬੋਧ, ਸਵਪਨ ਨਾਟਕ, ਦੁਰਗਾ ਪ੍ਰਬੋਧ, ਦਲੇਰ ਸਿੰਘ, ਡਰਪੋਕ ਸਿੰਘ, ਅਬਲਾ ਨਾਰੀ, ਆਦਿ ਕਾਫੀ ਕਿਤਾਬਾਂ ਚਰਚਾ ਵਿੱਚ ਹਨ।

72 ਕਿਤਾਬਾਂ, ਸਿੱਖ ਕੌਮ ਅਤੇ ਪੰਜਾਬੀ ਸਹਿਤ ਦੀ ਝੋਲੀ ਵਿੱਚ ਪਾਉਣੀਆਂ, ਕੋਈ ਛੋਟੀ-ਮੋਟੀ ਗੱਲ ਨਹੀਂ,ਇਹ ਉਸ ਸਮੇਂ ਦਾ ਰਿਕਾਰਡ, ਉਸ ਇਨਸਾਨ ਨੇ ਬਣਾਇਆ ਹੈ, ਜਿਹਨਾਂ ਪ੍ਰਤੀ ਬਹੁਤਿਆਂ ਦਾ ਅੱਜ ਵੀ ਖਿਆਲ ਇਹਨਾਂ ਅਖੌਤੀ ਅਛੂਤ ਜਾਤੀਆਂ ਲਈ ਗਲਤ ਬਣਿਆ ਹੋਇਆ ਹੈ, ਜੋ ਕਿਸੇ ਤੋਂ ਲੁਕਿਆ ਛੁਪਿਆ ਨਹੀਂ ਹੈ।

ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਨੰਦਪੁਰ ਕਲੌੜ ( ਫਤਿਹਗੜ੍ਹ ਸਾਹਿਬ ) ਵਿਖੇ ਅਖੌਤੀ ਨੀਵੀਂ ਸਮਝੀ ਜਾਂਦੀ ਰਵਿਦਾਸੀਆ ਜਾਤੀ ਵਿਚ ਮਾਤਾ ਰਾਮ ਕੌਰ ਦੀ ਕੁੱਖੋਂ ਪਿਤਾ ਸੰਤ ਦਿਵਾਨ ਸਿੰਘ ਦੇ ਗ੍ਰਹਿ ਵਿਖੇ ਹੋਇਆ। ਗਿਆਨੀ ਦਿੱਤ ਸਿੰਘ ਦਾ ਵਿਆਹ ਜੂਨ 1872 ਵਿਚ 'ਗੁਲਾਬਦਾਸੀਏ' ਮੱਤ ਦੇ ਪ੍ਰਚਾਰਕ ਭਾਗ ਸਿੰਘ ਦੀ ਪੁੱਤਰੀ ਜੋ ਕਿ ਬਹੁਤ ਹੀ ਸੂਝਵਾਨ ਸੀ, ਬੀਬੀ ਬਿਸਨ ਕੌਰ ਨਾਲ ਹੋਇਆ, ਜਿਸ ਦੀ ਕੁੱਖੋਂ ਕੋਈ ਦਸ ਸਾਲ ਪਿੱਛੋਂ ਪੁੱਤਰ ਬਲਦੇਵ ਸਿੰਘ 'ਤੇ ਪੁੱਤਰੀ ਵਿਦਿਆਵੰਤ ਕੌਰ ਨੇ ਜਨਮ ਲਿਆ। (ਪੁੱਤਰੀ ਵਿਦਿਆਵੰਤ ਕੌਰ ਦੀ 1901 ਵਿੱਚ ਅਕਾਲ ਚਲਾਣਾ ਕਰ ਗਈ ਸੀ ਅਤੇ ਪੁੱਤਰ ਬਲਦੇਵ ਸਿੰਘ ਦੀ ਉਲਾਦ ਵਿੱਚੋਂ ਇਹਨਾਂ ਇਕ ਪੁੱਤਰੀ ਬੀਬੀ ਊਸ਼ਾ ਰਾਣੀ ਲਖਨਪਾਲ ਪਤਨੀ ਪ੍ਰੋ. ਐੱਸ ਕੇ.'ਲਖਨਪਾਲ' "ਪੋਤਰੀ, ਗਿਆਨੀ ਦਿੱਤ ਸਿੰਘ ਜੀ" ਅੱਜ-ਕੱਲ ਸਸਕਾਤੂਨ (ਕਨੇਡਾ) ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। (ਪ੍ਰਿੰ.ਨਸੀਬ ਸਿੰਘ 1918)

ਗਿਆਨੀ ਦਿੱਤ ਸਿੰਘ ਜੀ 8/9 ਸਾਲਾਂ ਦੀ ਉਮਰ ਆਪਣੇ ਪਿਤਾ ਪਾਸੋਂ ਪੰਜ ਗ੍ਰੰਥੀ ਤੋਂ ਬਾਅਦ ਦਸ ਗ੍ਰੰਥੀ ਦੀ ਸੰਥਿਆ ਵੀ ਲੈ ਚੁੱਕਿਆ ਸੀ ਅਤੇ ਘਰ ਆਏ ਸਾਧੂ-ਸੰਤਾਂ ਨਾਲ ਵਿਚਾਰ-ਚਰਚਾ ਵੀ ਕਰਨ ਲਗ ਪਏ ਸੀ।, ਗਿਆਨੀ ਦਿੱਤ ਸਿੰਘ ਜੀ ਆਪ ਲਿਖਦੇ ਨੇ-" ਜਨਮ ਲਿਆ ਮੈਂ ਸੰਤ ਘਰ ਜੋ ਕਰਦੇ ਉਪਦੇਸ਼।ਜਿਸ ਮੈਂ ਬਾਲਕ ਉਮਰ ਮਹਿੰ ਮੈਂ ਭੀ ਹਰੇ ਕਲੇਸ਼। ਜਿਸ ਕਰਕੇ ਇਹਨਾਂ ਦੇ ਪਿਤਾ ਨੇ ਘਰੋ ਇਹ ਕਹਿਕੇ ਤੋਰ ਦਿਤਾ, " ਜਾਓ, ਮੇਰੇ ਪਿੱਛੇ ਕਿਉਂ ਫਿਰਦਾ ਹੈ, ਤੂੰ ਵੀ ਬ੍ਰਹਮਤੇ ਮੈਂ ਵੀ ਬ੍ਰਹਮਹਾਂ, ਬ੍ਰਹਮੰਡ ਤੇਰਾ ਹੀ ਹੈ, ਜਾਕੇ ਸੰਭਾਲ।" ਇਸ ਲਈ ਗਿਆਨੀ ਦਿੱਤ ਸਿੰਘ ਜੀ ਤੁਰਦੇ-ਫਿਰਦੇ ਆਪਣੇ ਪਿਤਾ ਦੇ ਗੁਰਭਾਈ ਭਾਗ ਸਿੰਘ ਬਡਾਲਾ ਕੋਲ (ਖਰੜ) ਪਹੁੰਚ ਗਏ। ਇਥੇ ਕੁਝ ਚਿਰ ਠਹਿਰਣ ਤੋਂ ਬਾਅਦ ਭਾਗ ਸਿੰਘ ਜੀ ਨੇ, ਗਿਆਨੀ ਦਿੱਤ ਸਿੰਘ ਜੀ ਨੂੰ ਪਿੰਡ ਤਿਉੜ (ਜਿਲ੍ਹਾ ਅੰਬਾਲਾ) ਦੇ 'ਗੁਲਾਬਦਾਸੀਏ' ਮੱਤ ਦੇ ਡੇਰੇ, ਸੰਤ ਕੌਲ ਦਾਸ ਕੋਲ ਪੜਨ-ਲਿਖਣ ਲਈ ਛੱਡ ਦਿੱਤਾ ਗਿਆ।

19 ਕੁ ਸਾਲ ਦੀ ਉਮਰ ਵਿੱਚ ਭਾਈ ਦਿੱਤ ਸਿੰਘ ਜੀ, ਵੱਖ-ਵੱਖ ਨਿਰਮਲੇ ਸਾਧੂ-ਸੰਤਾਂ ਕੋਲੋ ਅਤੇ ਹੋਰਨਾਂ ਪਾਸੋਂ ਗੁਰਮੁਖੀ, ਉਰਦੂ, ਬ੍ਰਿਜ, ਫਾਰਸੀ, ਸੰਸਕ੍ਰਿਤ, ਆਦਿ ਭਾਸ਼ਾਵਾਂ ਦੇ ਗਿਆਨ ਤੋਂ ਇਲਾਵਾ ਪਿੰਗਲ, ਵਿਆਕਰਣ, ਵੇਦਾਂਤ, ਸਮੇਤ ਕਈ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਭਾਈ ਦਿੱਤ ਸਿੰਘ ਜੀ ਹਰ ਤਰਾਂ ਦੀਆਂ ਬਹਿਸਾਂ ਵਿਚ ਖੁੱਲਕੇ ਹਿੱਸਾ ਲੈਣ ਲੱਗ ਪਏ ਸਨ, ਜਿਸ ਕਰਕੇ ਡੇਰੇ ਵਿੱਚ ਆਉਂਦੇ/ਜਾਂਦੇ ਸਾਧਾਂ ਸੰਤਾਂ ਰਾਹੀਂ ਦੂਰ ਦੂਰ ਤੱਕ ਵੱਡੇ ਵਿਦਵਾਨਾਂ ਤੱਕ ਆਪ ਜੀ ਦੇ ਨਾਮ ਦੀ ਚਰਚਾ ਹੋਣ ਲੱਗ ਪਈ, ਕਿਉਂਕਿ ਉਸ ਵਕਤ 'ਗੁਲਾਬਦਾਸੀਏ' ਡੇਰੇ, ਵਿਚਾਰ ਚਰਚਾ ਦੇ ਕੇਂਦਰ ਬਣੇ ਹੋਏ ਸਨ। ਗਿਆਨੀ ਦਿੱਤ ਸਿੰਘ ਜੀ ਦੀ ਵਿਦਵਤਾ ਅਤੇ ਖੂਬ ਚਰਚਾ ਨੂੰ ਵੇਖਦੇ ਹੋਏ 'ਗੁਲਾਬਦਾਸੀਏ' ਸੰਤਾਂ ਨੇ ਆਪਣੇ ਪ੍ਰਚਾਰ ਲਈ ਗਿਆਨੀ ਦਿੱਤ ਸਿੰਘ ਜੀ ਨੂੰ 'ਗੁਲਾਬਦਾਸੀਆਂ' ਦੇ ਪ੍ਰਸਿੱਧ ਡੇਰੇ "ਚੱਠਿਆਂ ਵਾਲੇ" ਲਾਹੌਰ ਵਿਖੇ ਭੇਜ ਦਿੱਤਾ, ਜਿੱਥੇ ਲੋਕਾਂ ਵਿੱਚ ਆਪਣੇ ਪ੍ਰਭਾਵਸ਼ਾਲੀ ਵਿਚਾਰ (ਲੈਕਚਰ) ਦੇਣੇ ਸ਼ੁਰੂ ਕਰ ਦਿੱਤੇ ਅਤੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਇਥੇ ਰਹਿੰਦਿਆਂ ਹੀ ਇਹਨਾਂ ਦਾ ਮੇਲ "'ਕੰਵਰ ਬਿਕ੍ਰਮ ਸਿੰਘ'(ਕਪੂਰਥਲਾ) ਦੀ ਨਿਗਰਾਨੀ ਵਿੱਚ ਵੱਡੇ ਹੋਏ ਅਤੇ ਪੜੇ -ਲਿਖੇ" ਸਿੱਖ ਸਿਧਾਂਤਾਂ ਵਿੱਚ ਰੰਗੇ ਹੋਏ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਗੁਰਮੁਖ ਸਿੰਘ ਜੀ ਨਾਲ ਹੋਇਆ, ਜੋ ਬਹੁਤ ਹੀ ਸੂਝਵਾਨ ਵਿਦਵਾਨ ਸਨ। ਜਿਹਨਾਂ ਨੇ ਭਾਈ ਦਿੱਤ ਸਿੰਘ ਜੀ ਦੀ ਲਿਆਕਤ ਨੂੰ ਵੇਖਦੇ ਹੋਏ ਭਾਈ ਦਿੱਤ ਸਿੰਘ ਜੀ ਨੂੰ 'ਗਿਆਨੀ' ਦੀ ਪ੍ਰੀਖਿਆ ਪਾਸ ਕਰਨ ਲਈ ਜੋਰ ਦਿੱਤਾ ਅਤੇ ਆਪਣੇ ਕੋਲ ਹੀ ਰਹਿਣ ਦਾ ਪ੍ਰਬੰਧ ਕੀਤਾ। ਪ੍ਰੋਫੈਸਰ ਗੁਰਮੁਖ ਸਿੰਘ ਦੇ ਕੋਲ ਰਹਿੰਦਿਆਂ ਭਾਈ ਦਿੱਤ ਸਿੰਘ ਤੇ ਸਿੱਖੀ ਦੇ ਪ੍ਰਚਾਰ ਦਾ ਗੂੜਾ ਅਸਰ ਹੋ ਗਿਆ ਸੀ ਅਤੇ ਬਾਅਦ ਵਿਚ ਅਮ੍ਰਿਤਧਾਰੀ ਵੀ ਬਣ ਗਏ ਸਨ। ਗਿਆਨੀ ਵਿੱਚੋਂ ਫਸਟ ਆਉਣ ਤੇ, ਕਾਲਜ ਪ੍ਰਿੰਸੀਪਲ ਵਲੋਂ ਉਸ ਟਾਇਮ ਵਿੱਚ ਵਧੀਆ 'ਘੜੀ' ਦਾ ਗਿਫਟ ਵੀ ਪ੍ਰਾਪਤ ਕੀਤਾ। ਦਿੱਤ ਸਿੰਘ ਜੀ ਤੋਂ ਪ੍ਰਭਾਵਤ ਕਾਲਜ ਦੇ ਪ੍ਰਿੰਸੀਪਲ ਨੇ ਕਾਲਜ ਦੇ ਸਟਾਫ ਵਿੱਚ ਭਰਤੀ ਕਰ ਲਿਆ, ਭਾਈ ਦਿੱਤ ਸਿੰਘ ਜੀ ਇਸੇ ਕਾਲਜ ਵਿੱਚ ਪੜਾਉਣ ਲੱਗ ਪਏ, ਪੜਾਉਣ ਦੇ ਵਧੀਆ ਢੰਗ ਨੂੰ ਵੇਖਦੇ ਹੋਏ, ਇਸੇ ਕਾਲਜ ਵਿੱਚ ਧਾਰਮਿਕ ਪ੍ਰੋਫੈਸਰ ਦੀ ਪੱਕੀ ਪਦਵੀ ਦਿੱਤੀ ਗਈ, ਜਿੱਥੇ 1877 ਤੋਂ 1885 ਤੱਕ ਪੜਾਉਂਦੇ ਰਹੇ ਅਤੇ ਗਿਆਨੀ ਦਿੱਤ ਸਿੰਘ ਜੀ ਨੂੰ ਹੁਣ ਤੱਕ ਗੁਰਮੁਖੀ, ਉਰਦੂ, ਹਿੰਦੀ, ਫਾਰਸੀ, ਬ੍ਰਿਜ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਸਾਵਾਂ ਦਾ ਵੀ ਕਾਫੀ ਗਿਆਨ ਹੋ ਚੁੱਕਾ ਸੀ । ਹੈਰਾਨੀ ਜਨਕ ਗੱਲ ਇਹ ਹੈ ਕਿ, ਇਕ ਅਛੂਤ ਸਮਝੀ ਜਾਣ ਵਾਲੀ ਅਖੌਤੀ ਨੀਵੀਂ ਜਾਤੀ ਵਿੱਚ ਜਨਮ ਲੈਕੇ ਭਾਈ ਦਿੱਤ ਸਿੰਘ ਜੀ ਨੇ ਇਸ ਤਰਾਂ ਦੀ ਯੋਗਤਾ ਗਿਆਨ ਹਾਸਲ ਕਰਕੇ ਵੱਡੇ-ਵੱਡੇ ਪੰਡਤਾਂ ਦੇ ਮੂੰਹ ਵਿਚ ਉਂਗਲਾਂ ਪਵਾ ਦਿੱਤੀਆਂ ਸਨ ਅਤੇ ਇਕ ਵੱਡੀ ਕਰਾਮਾਤ ਕਰ ਦਿੱਤੀ ਸੀ। ਖੋਜ ਬਿਰਤੀ ਅਤੇ ਤੇਜ ਬੁੱਧੀ ਦੇ ਮਾਲਕ ਨੇ ਉਦੋਂ ਤਾਂ ਹੱਦ ਹੀ ਕਰ ਦਿੱਤੀ ਜਦ ਆਰੀਆ ਸਮਾਜੀ ਸਵਾਮੀ ਦਯਾਨੰਦ ਨੂੰ ਆਪ ਜੀ ਨੇ

1'ਜਗਤ ਦਾ ਕਰਤਾ ਕੌਣ ਹੈ?' 2'ਵੇਦਾਂ ਦਾ ਕਰਤਾ ਈਸ਼ਵਰ ਨਹੀਂ' 3'ਮੁਕਤੀ ਦਾ ਸਰੂਪ ਕਿਆ ਹੈ', ਵਿਸ਼ੇ 'ਤੇ ਅਪ੍ਰੈਲ ਤੇ ਜੂਨ 1877 ਵਿਚ ਤਿੰਨ ਵਾਰ ਜਬਰਦਸਤ ਬਹਿਸ ਹੋਈ ਅਤੇ ਤਿੰਨਾਂ ਵਿੱਚੋਂ ਸਵਾਮੀ ਦਯਾਨੰਦ ਨੂੰ ਹਰਾਕੇ ਜਿੱਤ ਪ੍ਰਾਪਤ ਕੀਤੀ ਅਤੇ ਸਵਾਮੀ ਦਯਾਨੰਦ ਦੀ ਵਿਦਵਾਨੀ ਦਾ ਹੰਕਾਰ ਤੋੜ ਦਿੱਤਾ। ਇਹਨਾਂ ਜਿੱਤਾਂ ਨਾਲ ਗਿਆਨੀ ਦਿੱਤ ਸਿੰਘ ਜੀ ਦੀਆਂ ਹਰ ਪਾਸੇ ਧੁੰਮਾਂ ਪੈ ਗਈਆਂ।

ਇਥੇ ਮਾਣ ਨਾਲ ਕਿਹਾ ਜਾ ਸਕਦਾ, ਚੌਧਵੀਂ ਸਦੀ ਅੰਦਰ ਗੁਰੂ ਰਵਿਦਾਸ ਜੀ ਨੇ ਰਾਜੇ ਦੀ ਕਚਿਹਰੀ ਵਿੱਚ ਹੰਕਾਰੀ ਵਿਦਵਾਨ ਪੰਡਤਾਂ ਦਾ ਹੰਕਾਰ ਤੋੜਿਆ ਸੀ, ਹੁਣ ਫਿਰ ਉਸੇ ਦੀ ਫੁੱਲਵਾੜੀ ਦੇ ਬੂਟੇ ਗਿਆਨੀ ਦਿੱਤ ਸਿੰਘ ਜੀ ਨੇ ਇਕ ਆਰੀਆਂ ਸਮਾਜੀ ਵਿਦਵਾਨ ਦਾ ਹੰਕਾਰ ਚਕਨਾਚੂਰ ਕਰ ਦਿੱਤਾ,ਇਹ ਇਕ ਬਹੁਤ ਵੱਡੀ ਗੱਲ ਸੀ।

ਉਧਰ ਇਹਨਾਂ ਦਿਨਾਂ ਵਿੱਚ ਹੀ 'ਗੁਲਾਬਦਾਸੀਏ', ਸਵਾਮੀ ਦਇਆ ਨੰਦ ਦਾ ਪ੍ਰਭਾਵ ਕਬੂਲਕੇ ਆਰੀਆ ਸਮਾਜੀ ਬਣ ਗਏ ਸਨ, ਜਿਸ ਕਰਕੇ ਭਾਈ ਦਿੱਤ ਸਿੰਘ ਜੀ ਨੇ ਇਹਨਾਂ 'ਗੁਲਾਬਦਾਸੀਆਂ' ਦਾ ਖਹਿੜਾ ਛੱਡ ਦਿੱਤਾ ਸੀ।

ਦੂਜੇ ਪਾਸੇ ਇਸ ਸਮੇਂ ਅੰਦਰ ਸਿੱਖੀ ਦੀ ਬਹੁਤ ਬੁਰੀ ਹਾਲਤ ਹੋ ਰਹੀ ਸੀ, ਦਰਬਾਰ ਸਾਹਿਬ ਵਿਖੇ ਮੂਰਤੀ ਪੂਜਾ ਕੀਤੀ ਜਾ ਰਹੀ ਸੀ ਅਤੇ ਹਿੰਦੂ ਸ਼ਾਸਤਰਾਂ ਵਿਚੋਂ ਕਥਾ ਕੀਤੀ ਤੇ ਸੁਣਾਈ ਜਾ ਰਹੀ ਸੀ, ਸਰੋਵਰ ਦੇ ਦੁਆਲੇ ਕਈ ਤਰਾਂ ਦੀ ਮਨਮੱਤ ਹੋ ਰਹੀ ਸੀ, ਹਰ ਤਰਾਂ ਦਾ ਕਰਮਕਾਂਡ ਇਥੇ ਹੋ ਰਿਹਾ ਸੀ, ਇਥੋ ਤੱਕ ਕਿ ਭੈੜੇ ਆਚਰਣ ਵਾਲੇ ਮਰਦ ਔਰਤਾਂ ਦਾ ਬੋਲਬਾਲਾ ਵੀ ਹੋ ਗਿਆ ਸੀ, ਜਾਤ-ਪਾਤ ਦੇ ਅਧਾਰ 'ਤੇ ਲੋਕਾਂ ਨਾਲ ਭੈੜਾ ਸਲੂਕ ਕੀਤਾ ਜਾ ਰਿਹਾ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਾਰੇ ਇਤਿਹਾਸਕ ਗੁਰਦੁਆਰਿਆਂ 'ਤੇ ਮਹੰਤਾਂ ਦਾ ਕਬਜਾ ਸੀ। ਗੁਰੂਆਂ ਦੇ ਬੰਸ ਵਿਚੋਂ ਹੋਣ ਕਰਕੇ, ਬੇਦੀ, ਸੋਢੀ, ਭੱਲੇ ਆਦਿ, ਲੋਕਾਂ ਵਿਚ ਸ੍ਰੇਸ਼ਟ ਬਣੇ ਹੋਏ ਸਨ, ਤੇ ਲੋਕਾਂ ਕੋਲੋਂ ਆਪਣੀ ਪੂਜਾ ਕਰਵਾਉਂਦੇ ਸਨ। ਉੱਪਰ ਗਾਤਰਾ, ਹੇਠ ਦੀ ਜਨਾਊ ਪਾਕੇ ਰੱਖਣ ਵਾਲੇ ਬਾਬਾ ਖੇਮ ਸਿੰਘ ਬੇਦੀ ਨੂੰ ਅੰਗਰੇਜ਼ਾਂ ਦੀ ਪੂਰੀ ਸ਼ਹਿ ਸੀ। ਅੰਗਰੇਜ਼ ਸਰਕਾਰ ਨੇ ਉਸ ਨੂੰ ਕਾਫੀ ਖਿਤਾਬ ਦਿੱਤੇ ਹੋਏ ਸੀ। ਗੁਰੂ ਨਾਨਕ ਦੀ ਤੇਰਵੀਂ ਬੰਸ ਵਿੱਚੋਂ ਬਾਬਾ ਖੇਮ ਸਿੰਘ ਬੇਦੀ, ਲੱਗਭਗ 2700 ਏਕੜ ਜਮੀਨ ਦਾ ਮਾਲਕ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਅਖਵਾ ਰਿਹਾ ਸੀ, ਉਹ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਬਹਿੰਦਾ ਸੀ, ਸਾਰੀਆਂ ਰਹੁ-ਰੀਤਾ, ਬ੍ਰਾਹਮਣ ਵਿਧੀ ਅਨੁਸਾਰ ਹੁੰਦੀਆਂ ਸਨ। ਸਾਰੇ ਗੁਰਦੁਆਰਿਆਂ ਵਿੱਚ ਬ੍ਰਾਹਮਣਵਾਦ ਮੁਤਾਵਕ ਕਰਮਕਾਂਡ ਜੋਰਾਂ ਤੇ ਕੀਤੇ ਜਾ ਰਹੇ ਸਨ।

ਗੁਰੂ ਸਹਿਬਾਨਾਂ ਦੀ ਸੋਚ ਦੇ ਉਲਟ ਹੋ ਰਹੇ ਗਲਤ ਕੰਮਾਂ ਨੂੰ ਰੋਕਣ ਤੇ ਖਤਮ ਕਰਨ ਲਈ ਬਣਾਈ ਗਈ 'ਸਿੰਘ ਸਭਾ ਅੰਮ੍ਰਿਤਸਰ' ਵੀ ਦੋ ਫਾੜ ਹੋ ਗਈ ਸੀ, ਜਿਸ ਤੋਂ ਬਾਅਦ, ਪ੍ਰੋ ਗੁਰਮੁਖ ਸਿੰਘ, ਭਾਈ ਦਿੱਤ ਸਿੰਘ ਜੀ ਆਦਿ ਦੀ ਅਗਵਾਈ ਵਿੱਚ ਕੰਵਰ ਬਿਕ੍ਰਮ ਸਿੰਘ ਦੇ ਸਹਿਯੋਗ ਨਾਲ 'ਸਿੰਘ ਸਭਾ ਲਾਹੌਰ' ਦੀ ਸਥਾਪਨਾ ਕੀਤੀ ਗਈ, ਜਿਸ ਦੀਆਂ ਬਹੁਤ ਸਾਰੀਆਂ ਹੋਰ ਸਖਾਵਾਂ ਹੋਂਦ ਵਿੱਚ ਆਈਆਂ। ਇਸ ਸਭਾ ਦੇ ਜੋਰਦਾਰ ਪ੍ਰਚਾਰ ਲਈ ਜੂਨ 1886 ਵਿਚ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ਤੇ 'ਖਾਲਸਾ ਅਖ਼ਵਾਰ ਚਾਲੂ ਕੀਤਾ ਗਿਆ, ਜਿਸ ਦਾ ਸੰਪਾਦਕ ਗਿਆਨੀ ਦਿੱਤ ਸਿੰਘ ਜੀ ਬਣਾਇਆ ਗਿਆ । ਇਸ ਅਖ਼ਬਾਰ ਦੇ ਲੇਖਾਂ ਅਤੇ ਹੋਰ ਭਰਭੂਰ ਜਾਣਕਾਰੀ ਨੇ ਜਿੱਥੇ ਸੁੱਤੀ ਪਈ ਅਤੇ ਕੁਰਾਹੇ ਪਈ ਕੌਮ ਨੂੰ ਝੰਜੋੜਕੇ ਰੱਖ ਦਿੱਤਾ, ਉਥੇ ਗੁਰੂ ਘਰਾਂ ਤੇ ਕਾਬਜ ਮਹੰਤਾਂ ਪਖੰਡੀਆਂ ਨੂੰ ਵੀ ਭਾਜੜਾਂ ਪੈ ਗਈਆਂ। ਇਕ ਸਮੇਂ ਤਾਂ ਗਿਆਨੀ ਦਿੱਤ ਸਿੰਘ ਜੀ ਨੇ ਬਾਬਾ ਖੇਮ ਸਿੰਘ ਹੇਠੋਂ 'ਗਦੈਲਾ' (ਗੱਦੀ) ਖਿੱਚਕੇ ਬਾਹਰ ਸੁੱਟ ਦਿਤਾ/ਦਿੱਤੀ ਸੀ। ਇਸ ਸਮੇਂ 'ਸਿੰਘ ਸਭਾ ਅੰਮ੍ਰਿਤਸਰ' ਵਾਲਿਆਂ ਨੂੰ 'ਗਦੈਲਾ' ਪਾਰਟੀ' ਕਿਹਾ ਜਾਣ ਲੱਗ ਪਿਆ ਸੀ।

ਜਿਸ ਕਰਕੇ ਅਖੌਤੀ ਬਾਬਾ ਖੇਮ ਸਿੰਘ ਬੇਦੀ ਅਤੇ ਇਹਨਾਂ ਦੇ ਸਾਥੀਆਂ ਨੇ ਭਾਈ ਦਿੱਤ ਸਿੰਘ ਜੀ ਨੂੰ ਚੁਮਾਰ ਅਤੇ ਪ੍ਰੋ. ਗੁਰਮੁਖ ਸਿੰਘ ਲਾਂਗਰੀ ਦਾ ਪੁੱਤ ਕਹਿਕੇ ਜਲੀਲ ਵੀ ਕੀਤਾ ਜਾਣ ਲੱਗ ਪਿਆ ਤੇ ਨੀਵੀਂ ਜਾਤ ਦਾ ਮੁੱਦਾ ਉਛਾਲਕੇ, ਜਾਤੀ ਤੋਰ ਤੇ ਅਪਮਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਇਹਨਾਂ ਤੇ ਗੁਰਦੁਆਰਿਆਂ ਅੰਦਰ ਪ੍ਰਚਾਰ ਕਰਨ ਉਤੇ ਪਾਬੰਦੀ ਲਾ ਦਿੱਤੀ।

ਪਰ 'ਸਿੰਘ ਸਭਾ ਲਾਹੌਰ' ਦੀ ਚੜ੍ਹਤ ਹੀ ਐਨੀ ਸੀ, ਇਹਨਾਂ ਪਖੰਡੀ ਬਾਬਿਆਂ ਦੀ ਕੋਈ ਪੇਸ਼ ਨਹੀਂ ਜਾ ਰਹੀ ਸੀ। ਆਖਰ ਖੇਮ ਸਿੰਘ ਬੇਦੀ ਨੇ ਮਾਰਚ 1887 ਨੂੰ, ਪ੍ਰੋ ਗੁਰਮੁਖ ਸਿੰਘ ਨੂੰ ਪੰਥ ਵਿਚੋਂ ਛੇਕਣ ਦਾ ਫੈਸਲਾ ਕਰਵਾ ਦਿੱਤਾ। ਇਸ ਫੈਸਲੇ ਦਾ ਗਿਆਨੀ ਦਿੱਤ ਸਿੰਘ ਜੀ ਨੇ ਜੋਰਦਾਰ ਵਿਰੋਧ ਕੀਤਾ ਅਤੇ ਇਹਨਾਂ ਪੁਜਾਰੀਆਂ ਦੇ ਗੁੰਡਿਆਂ ਦੀ ਕੋਈ ਪ੍ਰਵਾਹ ਨਾ ਕਰਦਿਆਂ 'ਸਵਪਨ ਨਾਟਕ' ਲਿਖਕੇ ਪਿੰਡਾਂ ਵਿੱਚ ਸਟੇਜਾਂ ਲਾਕੇ, ਇਹਨਾਂ ਦੀ ਖੂਬ ਮਿੱਟੀ ਪਲੀਤ ਕੀਤੀ, ਅਤੇ ਹੁਕਮਨਾਮੇ ਅਤੇ ਪਖੰਡੀਆਂ ਦੀਆਂ ਦੀਆਂ ਧੱਜੀਆਂ ਉਡਾ ਦਿੱਤੀਆਂ। ਗਿਆਨੀ ਦਿੱਤ ਸਿੰਘ ਦੇ ਇਸ ਪ੍ਰਚਾਰ ਤੋਂ ਬੁਖਲਾਹਟ ਵਿੱਚ ਆਏ ਇਹਨਾਂ ਪੁਜਾਰੀਆਂ ਨੇ 'ਉਦੇ ਸਿੰਘ ਬੇਦੀ' ਰਾਹੀਂ ਅਖਵਾਰ ਅਤੇ ਗਿਆਨੀ ਦਿੱਤ ਸਿੰਘ ਤੇ ਅਦਾਲਤ ਵਿਚ ਮੁਕੱਦਮਾ ਦਰਜ਼ ਕਰਵਾ ਦਿੱਤਾ ਗਿਆ। ਲੰਮੇ ਸਮੇਂ ਬਾਅਦ ਗਿਆਨੀ ਦਿੱਤ ਸਿੰਘ ਜੀ ਦੇ ਖਿਲਾਫ ਫੇਸਲਾ ਸੁਣਾਇਆ ਗਿਆ ਅਤੇ ਗਿਆਨੀ ਜੀ ਨੂੰ 51 ਨੂੰ ਰੁਪੈ ਜੁਰਮਾਨਾ ਕੀਤਾ ਗਿਆ, ਜੋ ਕਿ ਉਪਰਲੀ ਅਦਾਲਤ ਵਿਚ ਕੀਤੀ ਗਈ ਅਪੀਲ ਕਰਕੇ ਸਾਰੇ ਦੋਸ਼ਾਂ ਤੋਂ ਬਰੀ ਹੋ ਗਿਆ। ਇਸ ਮੁਕੱਦਮੇ ਵਿੱਚ ਆਰਥਿਕ ਪੱਖੋ ਸਥਿਤੀ ਕਾਫੀ ਡਾਵਾਂ- ਡੋਲ ਹੋ ਗਈ, ਜੋ ਕਾਫੀ ਮਿਹਨਤ ਤੋਂ ਬਾਅਦ ਫਿਰ ਸਥਿਤੀ ਠੀਕ ਹੋਈ।

20 ਫਰਵਰੀ 1890 ਵਿੱਚ ਫਿਰ ਸਭਾ ਦੀ ਮੀਟਿੰਗ ਹੋਈ, ਜਿਸ ਵਿਚ ਸਰਦਾਰਾਂ ਨੂੰ ਵੀ ਸੱਦਾ ਦੇਕੇ ਉਚੇਚੇ ਤੌਰ ਤੇ ਬੁਲਾਇਆ ਗਿਆ। ਇਸ ਇੱਕਤਰਤਾ ਵਿੱਚ ਸ੍ਰ.ਅਤਰ ਸਿੰਘ ਭਦੌੜ ਵਾਲਿਆਂ ਦੀ ਅਗਵਾਈ ਵਿੱਚ ਇਕ ਕਮੇਟੀ ਬਣਾਈ ਗਈ, ਜਿਸ ਵਿੱਚ 'ਖਾਲਸਾ ਕਾਲਜ ਨੂੰ ਸਿਰੇ ਲਾਉਣ ਦੀ ਡਿਊਟੀ ਲਾਈ ਗਈ। ਇਸ ਕਾਲਜ ਨੂੰ ਸਿਰੇ ਚਾੜਨ ਲਈ, ਕਈ ਮੁਸੀਬਤਾਂ ਪਾਰ ਕਰਦੇ ਹੋਏ ਆਖਿਰ 5 ਮਾਰਚ 1892 ਨੂੰ ਅੰਮ੍ਰਿਤਸਰ ਵਿਖੇ ਪੰਜਾਬ ਦੇ ਗਵਰਨਰ ਸਰ ਜੇਮਜ ਬਰਾਡਵੁੱਡ ਲਾਇਲ ਨੇ ਨੀਂਹ ਪੱਥਰ ਰੱਖਕੇ ਸ਼ੁਰੂਆਤ ਕਰ ਦਿੱਤੀ ਗਈ, ਜੋ ਕਿ ਇਕ ਸਾਲ ਦੇ ਕਰੀਬ ਬਣਕੇ ਤਿਅਰ ਹੋ ਗਿਆ, ਜਿਸ ਨੂੰ 22 ਅਕਤੂਬਰ 1893 ਵਿੱਚ ਹਾਈ ਸਕੂਲ ਦੀ ਸ਼ਕਲ ਕਾਲਜ ਨੂੰ ਸ਼ੁਰੂ ਕੀਤਾ ਗਿਆ। ਗਿਆਨੀ ਦਿੱਤ ਸਿੰਘ ਜੀ ਦੇ ਪ੍ਰਚਾਰ ਤੋਂ ਕਈ ਸਰਦਾਰ ਵੀ ਬਹੁਤ ਪ੍ਰਭਾਵਤ ਸਨ, ਬਹੁਤ ਸਾਰੇ ਗੈਰ ਸਿੱਖ ਵੀ ਸਿੱਖ ਧਰਮ ਵਿੱਚ ਸਾਮਲ ਹੋਣੇ ਸ਼ੁਰੂ ਹੋ ਗਏ ਸਨ। ਜਦ ਇਹ ਪ੍ਰਚਾਰ ਜੋਰਾਂ ਤੇ ਚੱਲ ਰਿਹਾ ਸੀ ਤਾਂ, ਇਸੇ ਵਕਤ 1895 ਵਿੱਚ ਖਾਲਸਾ ਦਿਵਾਨ ਦੇ ਮੋਢੀਆਂ ਵਿੱਚੋਂ ਸ੍ਰ.ਅਤਰ ਸਿੰਘ ਜੀ ਭਦੌੜ ਵਾਲੇ ਅਤੇ ਇਹਨਾਂ ਤੋਂ ਬਾਅਦ ਭਾਈ ਦਿੱਤ ਸਿੰਘ ਦੀ ਸੱਜੀ ਬਾਂਹ ਪ੍ਰੋ. ਗੁਰਮੁਖ ਜੀ 1898 ਵਿੱਚ ਇਸ ਦੁਨੀਆਂ ਨੂੰ ਸਦਾ ਲਈ ਛੱਡਕੇ ਇਸ ਦੁਨੀਆਂ ਤੋਂ ਚਲੇ ਗਏ, ਜਿਹਨਾਂ ਦੇ ਜਾਣ ਨਾਲ ਭਾਈ ਦਿੱਤ ਸਿੰਘ ਅਤੇ ਕੌਮ ਨੂੰ ਪੂਰਾ ਨਾ ਹੋਣ ਵਾਲਾ ਘਾਟਾ ਪਿਆ। ਜਿਸ ਕਰਕੇ ਇਕ ਵਾਰ ਫੇਰ ਗਿਆਨੀ ਦਿੱਤ ਸਿੰਘ ਨੂੰ ਕਈ ਮੁਸ਼ਕਿਲਾਂ ਨੇ ਘੇਰ ਲਿਆ, ਇਸ ਦੇ ਬਾਵਜੂਦ ਉਨ੍ਹਾਂ ਨੇ ਆਪਣੇ ਹੋਰਨਾਂ ਸਾਥੀਆਂ ਨਾਲ ਮਿਲਕੇ, ਸਿੱਖ ਕੌਮ ਦੀ ਚੜਦੀ ਕਲਾ ਲਈ ਆਪਣਾ ਸੰਘਰਸ਼ ਤੇ ਅਖਵਾਰ ਨੂੰ ਅਖ਼ਬਾਰ ਜਾਰੀ ਰੱਖਿਆ।

1900 ਵਿੱਚ ਆਪ ਜੀ ਦੀ ਸਿਹਤ ਢਿੱਲੀ ਰਹਿਣ ਲੱਗ ਪਈ, ਫਿਰ ਵੀ ਹਰ ਪ੍ਰੋਗਰਾਮ ਵਿਚ ਵਧ ਚੜਕੇ ਹਿੱਸਾ ਲੈਂਦੇ ਰਹੇ, ਕਦੇ ਠੀਕ ਹੋ ਜਾਂਦੇ ,ਕਿਤੇ ਬਿਮਾਰ ਹੋ ਜਾਂਦੇ ਸਨ। ਜੂਨ 1901 ਵਿੱਚ ਆਪ ਜੀ ਦੀ ਹੋਣਹਾਰ ਬਹੁਤ ਹੀ ਪਿਆਰੀ ਨੌਵੀਂ ਕਲਾਸ ਵਿਚ ਪੜ੍ਹਦੀ ਬੇਟੀ ਵਿੱਦਿਆਵੰਤ ਦੀ ਮੌਤ ਹੋ ਗਈ, ਜਿਸ ਨਾਲ ਗਿਆਨੀ ਜੀ ਨੂੰ ਬਹੁਤ ਗਹਿਰਾ ਸਦਮਾ ਲੱਗਿਆ, ਅੰਤ 6 ਸਤੰਬਰ 1901 ਨੂੰ ਕੋਈ 10/11 ਵਜੇ ਦੇ ਕਰੀਬ 51 ਸਾਲ ਦੀ ਉਮਰ ਵਿੱਚ ਗਿਆਨੀ ਦਿੱਤ ਸਿੰਘ ਜੀ ਸਦਾ ਵਾਸਤੇ ਇਸ ਦੁਨੀਆਂ ਤੋਂ ਉਥੇ ਚਲੇ ਗਏ, ਜਿੱਥੋ ਮੁੜਕੇ ਅੱਜ ਤੱਕ ਕੋਈ ਵਾਪਸ ਨਹੀਂ ਆਇਆ।

ਉਸ ਟਾਇਮ 'ਖਾਲਸਾ ਸਮਾਚਾਰ" ਦੇ ਸੰਪਾਦਕ ਭਾਈ ਵੀਰ ਸਿੰਘ ਨੇ ਲਿਖਿਆ ਸੀ - "ਕੌਮ ਲੁੱਟੀ ਗਈ, ਜੋ ਐਡੀਟਰੀ ਗਿਆਨੀ ਦਿੱਤ ਸਿੰਘ ਕਰ ਗਏ, ਉਹ ਨਾਲ ਹੀ ਲੈ ਗਏ।"

ਅਫਸੋਸ! ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਆਖਰੀ ਦਮ ਤੱਕ ਲੜਨ ਤੇ ਕੰਮ ਕਰਨ ਵਾਲਾ, ਸਿੱਖ ਕੌਮ ਦੀ 19 ਲੱਖ ਤੋਂ ਵੀ ਘੱਟ ਅਬਾਦੀ ਨੂੰ ਕਰੋੜਾਂ ਵਿੱਚ ਲਿਜਾਣ ਵਾਲਾ ਅਤੇ ਆਰੀਆਂ ਸਮਾਜੀ ਦਿਆ ਨੰਦ ਨੂੰ ਹਰਾਕੇ, ਸਿੱਖ ਕੌਮ ਦਾ ਨਾਮ ਰੋਸ਼ਨ ਵਾਲੇ ਭਲੇ ਵਿਦਵਾਨ ਇਨਸਾਨ ਦਾ ਸਿੱਖਾਂ ਦੀ ਸਿਰਮੌਰ ਜਥੇਬੰਦੀ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਅਕਾਲ ਤਖ਼ਤ ਦੇ ਜਥੇਦਾਰਾਂ ਨੇ ਗਿਆਨੀ ਦਿੱਤ ਸਿੰਘ ਜੀ ਦੀ ਕਦਰ ਇਸ ਕਰਕੇ ਨਹੀਂ ਪਾਈ ਨਹੀਂ ਲਗਦੀ, ਕਿਉਂਕਿ ਇਹ ਵਿਦਵਾਨ ਇਨਸਾਨ ਦਾ ਜਨਮ ਕਿਸੇ ਅਖੌਤੀ ਉੱਚ ਜਾਤੀ ਵਿੱਚ ਨਹੀਂ ਹੋਇਆ।

ਇਕ ਗਰੀਬ ਪਰਿਵਾਰ ਵਿੱਚ ਜਨਮ ਲੈਕੇ,
'ਦਿੱਤ ਸਿੰਘ' ਨੇ ਵੱਡੀਆਂ ਮੱਲਾਂ ਮਾਰੀਆਂ ਜੀ।
ਨੀਅਤ ਸਾਫ਼ ਨਹੀਂ ਹੈ ਕੌਮ ਦੇ ਆਗੂਆਂ ਦੀ,
ਮੇਜਰ ਤਾਂਹੀਓਂ ਸਭੇ ਗਈਆਂ ਵਿਸਾਰੀਆਂ ਜੀ।

ਦੂਜੇ ਪਾਸੇ ਗਿਆਨੀ ਦਿੱਤ ਸਿੰਘ ਜੀ ਤੋਂ ਹਾਰ ਖਾਣ ਵਾਲੇ 'ਸਵਾਮੀ ਦਿਆ ਨੰਦ' ਦੇ ਵਾਰਸਾ ਨੇ 'ਸਵਾਮੀ ਦਿਆ ਨੰਦ' ਦੇ ਨਾਮ ਤੇ ਪੂਰੇ ਦੇਸ਼ ਵਿੱਚ ਸਕੂਲਾਂ ਕਾਲਜਾਂ, ਹਸਪਤਾਲਾਂ ਦੀ ਹਨੇਰੀ ਲਿਆਕੇ ਨਾਮ ਰੌਸ਼ਨ ਕੀਤਾ ਹੋਇਆ ਹੈ।

# ਰਾਣੀ ਸਦਾ ਕੌਰ

## ਰਾਣੀ ਤੋਂ ਮਿਸਲਦਾਰਨੀ ਬਣਨ ਦਾ ਸਫ਼ਰ

ਲੇਖਕ : ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

ਸਰਦਾਰਨੀ ਸਦਾ ਕੌਰ ਨੇ ਘਨੱਯਾ ਮਿਸਲ ਦੇ ਪ੍ਰਬੰਧ ਆਪਣੀ ਸੌਂਪਣੀ ਵਿਚ ਲੈਣ ਦੇ ਨਾਲ, ਹੀ ਲਗਦੇ ਹਥ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਆਪਣੀ ਇਕਲੌਤੀ ਬੱਚੀ ਬੀਬੀ ਮਹਿਤਾਬ ਕੌਰ ਜੀ ਦੀ ਮੰਗਣੀ ਸਰਦਾਰ ਮਹਾਂ ਸਿੰਘ ਸੁਕ੍ਰਚਕੀਆ ਦੇ ਸਪੁੱਤਰ ਕਾਕਾ ਰਣਜੀਤ ਸਿੰਘ ਨਾਲ ਕਰ ਦਿੱਤੀ। ਇਸ ਕਾਰਜ ਦੇ ਕਰਨ ਨਾਲ ਸਰਦਾਰਨੀ ਸਦਾ ਕੌਰ ਜੀ ਦੀ ਦੂਰਦ੍ਰਿਸ਼ਟੀ ਦੀ ਛਾਪ ਸੌਖੀ ਹੀ ਮਨਾਂ ਪੁਰ ਛਪ ਜਾਂਦੀ ਹੈ ਕਿ ਇਹ ਸਬੰਧ ਅੱਗੇ ਜਾਕੇ ਕਿੰਨਾ ਸਫਲ ਸਾਬਤ ਹੋਇਆ। ਸਰਦਾਰ ਮਹਾਂ ਸਿੰਘ ਦਾ ਪ੍ਰਤਾਪ ਇਸ ਸਮੇਂ ਵਧ ਰਿਹਾ ਸੀ। ਘਨੱਯਾ ਤੇ ਸੁਕ੍ਰਚਕੀਆਂ ਮਿਸਲਾਂ ਦਾ ਵੈਰ ਵਿਰੋਧ, ਜਿਹੜਾ ਮੁੱਦਤਾਂ ਤੋਂ ਚਲਾ ਆਉਂਦਾ ਸੀ ਤੇ ਦੋਵੇਂ ਮਿਸਲਾਂ ਆਪਸ ਵਿਚ ਲੜ ਲੜ ਕੇ ਆਪਣੀ ਤਾਕਤ ਬਿਅਰਥ ਗਵਾ ਰਹੀਆਂ ਸਨ, ਸਰਦਾਰਨੀ ਸਦਾ ਕੌਰ ਜੀ ਦੀ ਸਿਆਣਪ ਨੇ ਇਸ ਬੁਰਿਆਈ ਨੂੰ ਝੱਟ ਸਮਝ ਲਿਆ ਕਿ ਇੰਨੀ ਵੱਡੀ ਮਿਸਲ ਨਾਲ ਐਵੇਂ ਅਜੋੜ ਰੱਖਣਾ ਦੋਹਾਂ ਧਿਰਾਂ ਲਈ ਕਿੰਨਾ ਹਾਨੀਕਾਰਕ ਹੋ ਰਿਹਾ ਹੈ। ਇਸ ਨੂੰ ਸਦਾ ਲਈ ਮੁਕਾ ਦੇਣ ਦਾ ਇਸ ਤੋਂ ਵੱਧ ਭਲਾ ਤਰੀਕਾ ਹੋਰ ਕੀ ਹੋ ਸਕਦਾ ਸੀ ਜਿਹੜਾ ਸਦਾ ਕੌਰ ਨੇ ਵਰਤੋਂ ਵਿਚ ਲੈ ਆਂਦਾ। ਇਸ ਉੱਤਮ ਸੰਜੋਗ ਨਾਲ ਉਹ ਸਾਰੇ ਪਿਆਰ ਨਾ ਕੇਵਲ ਮਧਰ ਪਿਆਰ ਵਿਚ ਹੀ ਪਲਟ ਗਏ, ਸਗੋਂ ਦੋਵੇਂ ਮਿਸਲਾਂ ਆਪਸ ਵਿਚ ਇਕਮਿਕ ਹੋ ਕੇ ਡਾਢੀਆਂ ਬਲਵਾਨ ਹੋ ਗਈਆਂ। ਇੱਥੇ ਹੀ ਬੱਸ ਨਹੀਂ, ਬਲਕਿ ਇਸੇ ਸੰਮੇਲਨ ਨੇ ਅੱਗੇ ਜਾ ਕੇ ਪੰਜਾਬ ਵਿਚ ਖਾਲਸਾ ਰਾਜ ਦੀ ਉਸਾਰੀ ਲਈ ਨੀਂਹ ਦੇ ਪੱਥਰ ਵਾਲਾ ਕੰਮ ਕੀਤਾ, ਜਿਸਦਾ ਸਣੇ ਵੇਰਵੇ ਹਾਲ ਅਗਲੇ ਪੰਨਿਆਂ ਪਰ ਆਏਗਾ। ਇਹ ਗਲ ਸੰਨ ੧੭੮੫ ਦੀ ਹੈ। ਇਸ ਮੰਗਣੀ ਨੂੰ ਮਸਾਂ ਅਜੇ ਇੱਕ ਸਾਲ ਹੀ ਬੀਤਿਆ ਸੀ ਕਿ ਨਿੱਕੀ ਜਿਹੀ ਬੀਬੀ ਮਹਿਤਾਬ ਕੌਰ ਦਾ ਵਿਆਹ ਨਿੱਕੇ ਜਿਹੇ ਲਾਲ ਰਣਜੀਤ ਸਿੰਘ ਨਾਲ ਬੜੀ ਸ਼ਾਨ ਨਾਲ ਕੀਤਾ ਗਿਆ।

**ਸਦਾ ਕੌਰ ਦੋਹਾਂ ਮਿਸਲਾਂ ਦੀ ਮਿਸਲਦਾਰਨੀ ਬਣੀ**

ਬਿਧਾਤਾ ਦੇ ਚਿੱਤ੍ਰ ਵੀ ਬੜੇ ਹੀ ਵਚਿੱਤ੍ਰ ਹੁੰਦੇ ਹਨ। ਸਰਦਾਰਨੀ ਸਦਾ ਕੌਰ ਨੇ ਸਰਦਾਰ ਮਹਾਂ ਸਿੰਘ ਨਾਲ ਸਬੰਧ ਜੋੜ ਕੇ ਆਪਣੇ ਲਈ ਇਕ ਸਹਾਇਕ ਭਾਲਿਆ ਸੀ, ਪਰ ਸਿਰਜਣਹਾਰ ਨੇ ਇਸ ਦੇ ਠੀਕ ਪ੍ਰਤੀਕੂਲ ਖੇਲ ਰਚਾ ਦਿੱਤਾ, ਅਰਥਾਤ ਜਿੱਥੇ ਸੁਚਕੀਆ ਦਾਰਾਂ ਨੇ ਇਸ ਵਿਧਵਾ ਦੀ ਸਹਾਇਤਾ ਕਰਨੀ ਸੀ ਉੱਥੇ ਉਹ ਉਲਟੇ ਆਪ ਇਸਦੀ ਸਹਾਇਤਾ ਦੇ ਜਾਚਕ ਹੋ ਗਏ। ਉਹ ਘਟਨਾ ਇਸ ਤਰ੍ਹਾਂ ਹੋਈ ਕਿ ਇਕ ਦਿਨ ਇਕਾਇਕ ਇਕ ਸਵਾਰ, ਜੋ ਬੜਾ ਹੰਭਿਆ ਹੁਟਿਆ ਦਿੱਸਦਾ ਸੀ, ਘਬਰਾਹਟ ਵਿਚ ਬਟਾਲੇ ਪੁੱਜਾ ਤੇ ਸਰਦਾਰਨੀ ਸਦਾ ਕੌਰ ਨੂੰ ਸਰਦਾਰ ਮਹਾਂ ਸਿੰਘ ਦਾ ਸੁਨੇਹਾ ਆ ਦਿੱਤਾ ਕਿ ਆਪ ਗੁਜਰਾਤ ਦੇ ਇਲਾਕੇ ਤੋਂ ਮਾਲਕਾਨਾ ਉਗਰਾਹੁਣ ਲਈ ਦੌਰੇ ਚੜੇ ਸਨ, ਪਰ ਉੱਥੋਂ ਪੇਚਸ਼ ਦੀ ਬੀਮਾਰੀ ਨਾਲ ਸਖ਼ਤ ਬੀਮਾਰ ਹੋ ਕੇ ਗੁਜਰਾਂ ਵਾਲੇ ਪਰਤ ਆਏ ਹਨ, ਸੋ ਆਪ ਉਨ੍ਹਾਂ ਦੇ ਅੰਤਮ ਦਰਸ਼ਨ ਕਰਨ ਲਈ ਛੇਤੀ ਪਹੁੰਚੋ। ਇਹ ਚਿੰਤਾ-ਜਨਕ ਖ਼ਬਰ ਸੁਣ ਕੇ ਸਰਦਾਰਨੀ ਵਾਹੋਦਾਹੀ ਗੁਜਰਾਂ ਵਾਲੇ ਪੁੱਜੀ। ਇੱਥੇ ਆ ਕੇ ਡਿੱਠਾ ਤਾਂ ਸਰਦਾਰ ਮਹਾਂ ਸਿੰਘ ਜੀ ਦੀ ਹਾਲਤ ਬੜੀ ਨਿਢਾਲ ਹੋ ਚੁੱਕੀ ਹੋਈ ਸੀ। ਇੱਥੇ ਸਦਾ ਕੌਰ ਨੂੰ ਕੇਵਲ ਇਕ ਦਿਨ ਹੀ ਬੀਤਿਆ ਸੀ ਕਿ ਸਰਦਾਰ ਮਹਾਂ ਸਿੰਘ ਆਪਣੇ ਇਕਲੌਤੇ ਪੁੱਤ ਰਣਜੀਤ ਸਿੰਘ ਨੂੰ ਸਣੇ ਸੁਕ੍ਰਚੱਕੀਆ ਮਿਸਲ ਦੇ ਸਰਦਾਰਨੀ ਸਦਾ ਕੌਰ ਦੀ ਸੱਪਣੀ ਵਿਚ ਸੌਂਪ ਕੇ ਕੇਵਲ ੨੭ ਸਾਲ ਦੀ ਜਵਾਨ ਉਮਰ ਵਿਚ ਪ੍ਰਲੋਕ ਸਿਧਾਰ ਗਏ। ਰਣਜੀਤ ਸਿੰਘ ਜੀ ਨੂੰ ਇਹ ਦੁਖ ਭਰੀ ਖਬਰ ਕੋਟ ਮਹਾਰਾਜਾ ਵਿਚ ਪੁੱਜੀ। ਉਹ ਓਸੇ ਵਕਤ ਹੀ ਉੱਥੋਂ ਕੂਚ ਕਰ ਕੇ ਗੁਜਰਾਂ ਵਾਲੇ ਪਹੁੰਚ ਗਿਆ । ਇਹ ਘਟਨਾ ਮਾਰਚ ਸੰਨ ੧੭੯੨ ਈ: ਦੀ ਹੈ।

**ਰਣਜੀਤ ਸਿੰਘ ਸਦਾ ਕੌਰ ਦੇ ਪ੍ਰਬੰਧ ਵਿਚ**

ਸ: ਰਣਜੀਤ ਸਿੰਘ ਜੀ ਦੇ ਸਿਰ ਤੋਂ ਜਦ ਆਪਣੇ ਪਿਆਰੇ ਪਿਤਾ ਜੀ ਦਾ ਛਤਰ ਉੱਠ ਗਿਆ ਤਾਂ ਉਸ ਦੀ ਉਮਰ ਬਹੁਤ ਵੱਡੀ ਨਹੀਂ ਸੀ। ਲਾਡਲਾ ਰਣਜੀਤ ਸਿੰਘ ਇਕੱਲਾ ਰਹਿ ਜਾਣ ਦੇ ਕਾਰਨ ਹੈਰਾਨ ਸੀ ਕਿ ਉਹ ਇਸ ਭਾਰੇ ਬੋਝ ਨੂੰ ਜੋ ਇਸ ਦਾ ਪਿਤਾ ਇਸ ਦੇ ਸਿਰ ਪਾ ਗਿਆ ਸੀ ਕਿਸ ਤਰ੍ਹਾਂ ਚੁੱਕ ਸਕੇਗਾ, ਪਰ ਇਸ ਚਿੰਤਾ ਵਿਚ ਅਜੇ ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਇਸ ਨੂੰ ਮਾਲੂਮ ਹੋ ਗਿਆ ਕਿ ਇਸ ਪਰਤਾਵੇ ਦੇ ਸਮੇਂ ਇਕ ਬਲਵਾਨ ਹੱਥ ਉਸ ਦੇ ਸਿਰ ਉਪਰ ਮੌਜੂਦ ਹੈ, ਜਿਸ ਦੇ ਹੁੰਦਿਆਂ ਉਸ ਨੂੰ ਕਿਸੇ ਗੱਲ ਦੀ ਚਿੰਤਾ ਦੀ ਲੋੜ ਨਹੀਂ, ਉਹ ਹੱਥ ਉਸ ਦੀ ਬਹਾਦਰ ਅਤੇ ਸੁਘੜ ਸੱਸ ਸਰਦਾਨੀ ਸਦਾ ਕੌਰ ਦਾ ਸੀ । ਇਸ ਅਤਿ ਲੋੜੀਂਦੇ ਸਮੇਂ ਇਸ ਗੈਬੀ ਸਹਾਇਤਾ ਲਈ ਇਹ ਆਪਣੇ ਸਤਿਗੁਰੂ ਦਾ ਲੱਖ ਲੱਖ ਸ਼ੁਕਰ ਕਰਦਾ ਹੁੰਦਾ ਸੀ।

ਹੁਣ ਸਰਦਾਰਨੀ ਸਦਾ ਕੌਰ ਨਾ ਕੇਵਲ ਆਪਣੀ ਘਨੱਯਾ ਮਿਸਲ ਦੇ ੮੦੦੦ ਸਵਾਰਾਂ ਤੇ ਲੱਖਾਂ ਰੁਪਈਆਂ ਦੀ ਆਮਦਨੀ ਦੀ ਜਾਇਦਾਦ ਦਾ ਕੰਮ ਚਲਾਉਂਦੀ ਸੀ, ਸਗੋਂ ਸੁਕ੍ਰਚਕੀਆਂ ਦਾ ਪ੍ਰਬੰਧ ਵੀ ਇਸ ਨੇ ਆਪਣੇ ਹੱਥ ਲੈ ਲਿਆ। ਇਸ ਮਹਾਨ ਕੰਮ ਨੂੰ ਇਸ ਨੇ ਜਿਸ ਖੁਸ਼ੀ ਤੇ ਯੋਗਤਾ ਨਾਲ ਨਿਬਾਹਿਆ ਉਸਦਾ ਹਾਲ ਕੁਝ ਕੁ ਇਸ ਤਰ੍ਹਾਂ ਹੈ

ਇਸ ਮਿਸਲ ਦੇ ਖਜ਼ਾਨੇ ਦਾ ਕੰਮ ਸਰਦਾਰ ਮਹਾਂ ਸਿੰਘ ਦੇ ਸਮੇਂ ਤੋਂ ਦੀਵਾਨ ਲਖਪਤ ਰਾਏ ਦੇ ਹੱਥ ਵਿਚ ਚਲਾ ਆਂਵਦਾ ਸੀ। ਸਰਦਾਰਨੀ ਸਦਾ ਕੌਰ ਨੇ ਜਦ ਇਸ ਦੀ ਆਮਦਨ ਖਰਚ ਦੇ ਹਿਸਾਬ ਦੀ ਪੜਤਾਲ ਕੀਤੀ ਤਾਂ ਇਸ ਨੂੰ ਦੀਵਾਨ ਦੇ ਕੰਮ ਤੋਂ ਸੰਤੁਸ਼ਟਤਾ ਨਾ ਹੋਈ ਤੇ ਇਸ ਵਿਚ ਵੱਡਾ ਹੇਰਫੇਰ ਦਿੱਸਿਆ, ਇਸ ਲਈ ਇਸ ਨੇ ਰਣਜੀਤ ਸਿੰਘ ਦੀ ਇੱਛਾ ਅਨੁਸਾਰ ਇਸ ਕੰਮ ਨੂੰ ਲਖਪਤ ਰਾਏ ਤੋਂ ਲੈ ਕੇ ਸਰਦਾਰ ਦਲ ਸਿੰਘ ਦੇ ਹੱਥ ਸੌਂਪ ਦਿਤਾ। ਇਸੇ ਤਰ੍ਹਾਂ ਸਰਦਾਰਨੀ ਨੇ ਸੁਕ੍ਰਚਕੀਆ ਮਿਸਲ ਦੇ ਸਾਰੇ ਸਵਾਰਾਂ ਦੀ ਪੜਤਾਲ ਕੀਤੀ; ਇਨ੍ਹਾਂ ਵਿਚ ਜਿਹੜੇ ਫੌਜੀ ਸੇਵਾ ਦੇ ਯੋਗ ਨਹੀਂ ਸਨ ਉਨ੍ਹਾਂ ਨੂੰ ਯੋਗ ਗੁਜ਼ਾਰੇ ਦੇ ਕੇ ਵਿਦਾ ਕਰ ਦਿੱਤਾ ਤੇ ਉਨ੍ਹਾਂ ਦੀ ਥਾਂ ਨਵੇਂ ਜਵਾਨ ਭਰਤੀ ਕਰਕੇ ਕਮੀ ਪੂਰੀ ਕਰ ਲੀਤੀ। ਸਰਦਾਰ ਮਹਾਂ ਸਿੰਘ ਦੇ ਸਮੇਂ ਮਿਸਲ ਦੇ ਜਵਾਨਾਂ ਲਈ ਕਈ ਨੀਯਤ ਤਲਬ ਮੁੱਕਰਰ ਨਹੀਂ ਸੀ, ਪਰ ਹੁਣ ਸਰਦਾਰਨੀ ਸਦਾ ਕੌਰ ਨੇ ਇਨ੍ਹਾਂ ਲਈ ਇਕ ਨਿਯਮ ਅਨੁਸਾਰ ਸਭ ਦੇ ਗੁਜ਼ਾਰੇ ਨੀਯਤ ਕਰ ਦਿੱਤੇ। ਇਸ ਤਰ੍ਹਾਂ ਨਵੇਂ ਸਿਰਿਓਂ ਮੁੜ ਸਾਰੀ ਮਿਸਲ ਨੂੰ ਤਰਤੀਬ ਦਿੱਤੀ ਗਈ ।ਸ਼ੇਰਿ ਪੰਜਾਬ ਨੂੰ ਕੁਦਰਤ ਵੱਲੋਂ ਦਿਲ ਤੇ ਦਿਮਾਗ਼ ਤਾਂ ਜਮਾਂਦਰੂ ਹੀ ਮਿਲਿਆ ਹੋਇਆ ਸੀ, ਉੱਪਰੋਂ ਸੁਘੜ ਸਦਾ ਕੌਰ ਦੀ ਰਹਿਬਰੀ ਸੋਨੇ ਪਰ ਸੁਹਾਗੇ ਦਾ ਕੰਮ ਕਰ ਗਈ। ਕੋਈ ਸਤ ਕੁ ਸਾਲ ਲਗਾਤਾਰ ਸਦਾ ਕੌਰ ਦੀ ਨਿਗਰਾਨੀ ਤੇ ਅਗਵਾਈ ਦਾ ਅਸਰ ਨੌਜਵਾਨ ਰਣਜੀਤ ਸਿੰਘ ਦੇ ਜੀਵਨ ਪਰ ਇਹ ਹੋਇਆ ਕਿ ਉਹ



ਵਰਯਾਮਤਾ, ਸੁਘੜਤਾ, ਪ੍ਰਬੰਧਕ ਸ਼ਕਤੀ, ਮਨੁਖੀ ਪਛਾਣ, ਘੋੜਿਆਂ ਦੀ ਸੂਝ, ਆਪਣਿਆਂ ਤੇ ਬਿਗਾਨਿਆਂ ਨਾਲ ਵਰਤਾਓ ਦਾ ਢੰਗ ਆਦਿ ਉਹ ਸਾਰੇ ਸੱਚੇ ਗੁਣ ਜਿਹੜੇ ਕਿਸੇ ਸਫਲ ਹੁਕਮਰਾਨ ਲਈ ਲੋੜੀਂਦੇ ਹਨ ਸਭ ਸੰਪੂਰਨ ਪ੍ਰਾਪਤ ਕਰ ਲਏ । ਹੁਣ ਸਮੇਂ ਦੀ ਲੋੜ ਅਨੁਸਾਰ ਸਮੂਹ ਸਿਖਿਆ ਨਾਲ ਸੁਰਿਖਯਤ ਹੋ ਕੇ ਇਹ ਬੀਰ ਬਹਾਦਰ ਜੋਧਾ ਜਦ ਆਮ ਜਨਤਾ ਦੇ ਸਾਹਮਣੇ ਆਇਆ ਤਾਂ ਦੇਸ਼ ਵਿੱਚ ਧੁੰਮਾਂ ਪੈ ਗਈਆਂ।

**ਸਦਾ ਕੌਰ ਦਾ ਦੇਸ਼ ਪਿਆਰ**

ਜਿਦਾਂ ਕਿ ਅਸੀਂ ਪਿੱਛੇ ਲਿਖ ਆਏ ਹਾਂ ਸੰਨ ੧੭੯੮ ਈ: ਵਿਚ ਜਦ ਸ਼ਾਹ ਜ਼ਮਾਨ ਨੇ ਪੰਜਾਬ ਪਰ ਛੇਕੜਲਾ ਹੱਲਾ ਕੀਤਾ ਤਾਂ ਇਸ ਸਮੇਂ ਪੰਜਾਬੀਆਂ ਪਰ ਹੋਏ ਜ਼ੁਲਮਾਂ ਨੂੰ ਦੇਖ ਕੇ ਸ਼ੇਰਿ ਪੰਜਾਬ ਦਾ ਲਹੂ ਉਬਲ ਪਿਆ ਸੀ ਤੇ ਇਸ ਨੇ ਪ੍ਰਤਿਗਿਆ ਕੀਤੀ ਸੀ ਕਿ ਅੱਗੇ ਨੂੰ ਆਪਣੇ ਦੇਸ਼ ਵਾਸੀਆਂ ਨੂੰ ਛੁਡਾ ਕੇ ਸੁਖ ਦਾ ਸਾਹ ਲਏਗਾ । ਇਸ ਗੱਲ ਬਾਰੇ ਜਦ ਆਪ ਨੇ ਸਰਦਾਰਨੀ ਸਦਾ ਕੌਰ ਨਾਲ ਵਿਚਾਰ ਕੀਤਾ ਤਾਂ ਅੱਗੋਂ ਬਹਾਦਰ ਸਰਦਾਰਨੀ ਨੇ ਇਸ ਕਾਰਜ ਦੀ ਸਫ਼ਲਤਾ ਲਈ ਸਭ ਤਰ੍ਹਾ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

**ਪੰਜਾਬ ਨੂੰ ਅਜ਼ਾਦ ਕਰਾਉਣ ਲਈ ਸਦਾ ਕੌਰ ਮੈਦਾਨ ਵਿਚ**

ਉੱਪਰ ਲਿਖੀ ਵਿਚਾਰ ਨੂੰ ਅਜੇ ਬਹੁਤਾ ਸਮਾਂ ਨਾ ਸੀ ਬੀਤਿਆ, ਅਰਥਾਤ ਸੰਨ ੧੭੯੯ ਦੀਆਂ ਗਰਮੀਆਂ ਵਿੱਚ ਦੇਸ਼ ਦੀ ਹਾਲਤ ਨੂੰ ਵਿਚਾਰ ਕੇ , ਨੌਜਵਾਨ ਰਣਜੀਤ ਸਿੰਘ ਮੁੜ ਸਦਾ ਕੌਰ ਕੋਲ ਬਟਾਲੇ ਪਹੁੰਚਿਆ ਅਤੇ ਸਰਦਾਰਨੀ ਨੂੰ ਦੱਸਿਆ ਕਿ ਜੇ ਕਦੇ ਕਿਸ ਸਮੇਂ ਸਾਡੀਆਂ ਦੋਵੇਂ ਮਿਸਲਾਂ ਮਿਲ ਕੇ ਲਾਹੌਰ ਪਰ ਚੜਾਈ ਕਰ ਦੇਣ ਤਾਂ ਇਸ ਪਰ ਕਬਜ਼ਾ ਕਰਨਾ ਕੋਈ ਅਸੰਭਵ ਗੱਲ ਨਹੀਂ। ਇਸ ਤਰ੍ਹਾਂ ਜਦ ਲਾਹੌਰ ਪਰ ਕਬਜ਼ਾ ਹੋ ਜਾਏ ਤਾਂ ਪੰਜਾਬ ਵਿਚ ਇਕ ਸਾਂਝੇ ਰਾਜ ਦੀ ਨੀਂਹ ਰਖੀ ਜਾਏ । ਇਸਦੇ ਨਾਲ ਹੀ ਖਾਲਸੇ ਦੀ ਇਕ ਐਸੀ ਅਜਿੱਤ ਫੌਜ ਤਿਆਰ ਕੀਤੀ ਜਾਏ, ਜਿਸ ਦੇ ਬਲ ਨਾਲ ਇੱਥੋਂ ਦੀ ਪਰਜਾ ਨੂੰ ਗੈਰਾਂ ਦੀਆਂ ਲੁੱਟਾਂ ਤੇ ਧਾਵਿਆਂ ਤੋਂ ਸਦਾ ਲਈ ਬਚਾ ਲਿਆ ਜਾਏ। ਸ਼ੇਰਿ ਪੰਜਾਬ ਦੀ ਇਸ ਵਿਉਂਤ ਨੂੰ ਸਰਦਾਰਨੀ ਸਦਾ ਕੌਰ ਨੇ ਬਹੁਤ ਹੀ ਸਲਾਹਿਆ। ਆਪ ਦੀ ਇਹ ਸਲਾਹੁਤ ਕੇਵਲ ਕਥਨੀ ਮਾਤਰ ਹੀ ਨਹੀਂ ਸੀ, ਸਗੋਂ ਇਸ ਨੂੰ ਅਮਲੀ ਵਰਤੋਂ ਵਿਚ ਲਿਆਉਣ ਲਈ ਸਰਦਾਰਨੀ ਜੀ ਨੇ ਲਾਹੌਰ ਦੇ ਸਭ ਤੋਂ ਕਠਿਨ ਮੋਰਚੇ, ਅਰਥਾਤ ਦਿੱਲੀ ਦਰਵਾਜ਼ੇ ਨੂੰ ਸ਼ੇਰਿ ਪੰਜਾਬ ਲਈ ਫਤਹ ਕਰਨਾ, ਆਪਣੇ ਜਮਿ ਲੈ ਲਿਆ। ਹੁਣ ਲੰਮੀਂ ਦੇਰ ਦੀ ਕੋਈ ਲੋੜ ਨਹੀਂ ਸੀ, ੧੪ ਹਾੜ ਸੰਮਤ ੧੮੫੬ ਦੀ ਰਾਤ ਨੂੰ ਸ਼ੇਰਿ ਪੰਜਾਬ ਤੇ ਸਰਦਾਰਨੀ ਸਦਾ ਕੌਰ ਜੀ, ਸਣੇ ਆਪੋ ਆਪਣੀਆਂ ਫੌਜਾਂ ਦੇ, ਲਾਹੌਰ ਦੇ ਵਜ਼ੀਰ ਖਾਨ ਦੇ ਬਾਗ਼ ਵਿਚ ਪਹੁੰਚ ਗਏ ।

ਰਾਣੀ ਸਦਾ ਕੌਰ ਵਲੋਂ ਘਨੱਯਾ ਮਿਸਲ ਦੀ ਅਗਵਾਈ ਕੀਤੇ ਜਾਣ ਦਾ ਇਕ ਮੁਸੱਵਰ ਵਲੋਂ ਬਣਾਇਆ ਗਿਆ ਚਿੱਤਰ (ਸਰੋਤ: ਬਿਜਾਲ/ਇੰਟਰਨੈਟ; ਜਿਸ ਸਰੋਤ ਤੋਂ ਇਹ ਚਿੱਤਰ ਮਿਲਿਆ ਹੈ ਉਸ ਤੋਂ ਚਿਤਰਕਾਰ ਬਾਰੇ ਜਾਣਕਾਰੀ ਨਹੀਂ ਮਿਲ ਸਕੀ। ਜੇਕਰ ਕਿਸੇ ਪਾਠਕ ਕੋਲ ਇਸ ਬਾਰੇ ਸਟੀਕ ਜਾਣਕਾਰੀ ਹੋਵਾ ਤਾਂ ਸਿੱਖ ਸਿਆਸਤ ਨਾਲ ਜਰੂਰ ਸਾਂਝੀ ਕਰੇ)

ਇੱਥੇ ਪਹੁੰਚਦੇ ਹੀ ਫੌਜ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਇਕ ਦਸਤਾ ਘਨੱਯਾ ਮਿਸਲ ਦੇ ਸਵਾਰਾਂ ਦਾ ਸਰਦਾਰਨੀ ਸਦਾ ਕੌਰ ਨੇ ਆਪਣੀ ਸੌਂਪਣੀ ਵਿੱਚ ਲੈ ਕੇ ਦਿੱਲੀ ਦਰਵਾਜ਼ੇ ਵੱਲੋਂ ਸ਼ਹਿਰ ਪਰ ਧਾਵਾ ਬੋਲ ਦਿਤਾ ਤੇ ਦੂਜਾ ਭਾਗ, ਜਿਸ ਵਿਚ ੩੦੦ 'ਕੌਮੀ ਭੌਰੇ' ਅਕਾਲੀ (ਨਿਹੰਗ) ਸਿੰਘ ਵੀ ਸ਼ਾਮਲ ਸਨ । ਸ਼ੇਰਿ ਪੰਜਾਬ ਦੀ ਨਿਗਰਾਨੀ ਵਿਚ ਲੋਹਾਰੀ ਦਰਵਾਜ਼ੇ ਵੱਲੋਂ ਲਾਹੌਰ ਪਰ ਹੱਲਾ ਬੋਲਣ ਲਈ ਅੱਗੇ ਵਧਿਆ।

ਜਿਹਾ ਕਿ ਉੱਪਰ ਲਿਖਿਆ ਗਿਆ ਹੈ ਸਰਦਾਰਨੀ ਸਦਾ ਕੌਰ ਜਦ ਆਪਣੇ ਸਿਰਲੱਥ ਸੂਰਮਿਆਂ ਦੇ ਨਾਲ ਦਿੱਲੀ ਦਰਵਾਜ਼ੇ ਦੇ ਸਾਹਮਣੇ ਪਹੁੰਚੀ ਤਾਂ ਇੱਥੇ ਕਿਲ੍ਹਾ ਗੁੱਜਰ ਸਿੰਘ ਤੇ ਦਿੱਲੀ ਦਰਵਾਜ਼ੇ ਦੀ ਸੰਮਿਲਤ ਫੌਜ ਨੇ ਇਸ ਦਾ ਟਾਕਰਾ ਕੀਤਾ ਤੇ ਹੁਣ ਲੱਗੀ ਖਟਖਟ ਤਲਵਾਰ ਚੱਲਣ।

ਇਸ ਸਮੇਂ ਸਰਦਾਰਨੀ ਸਦਾ ਕੌਰ ਨੇ ਆਪਣੇ ਹੱਥ ਵਿਚ ਬਿਜਲੀ ਵਾਂਗ ਲਿਸ਼ਕਾਰੇ ਮਾਰਦੀ ਤਲਵਾਰ ਲੈ ਕੇ, ਆਪਣੀ ਸਾਰੀ ਫੌਜ ਦੇ ਅੱਗੇ ਹੋ ਕੇ, ਉਹ ਨਿਰਭੈਤਾ ਤੇ ਵਰਯਾਮਤਾ ਦੱਸੀ, ਜਿਸ ਨੇ ਸਾਰੀ ਫੌਜ ਵਿਚ ਗਜ਼ਬ ਦਾ ਜੋਸ਼ ਭਰ ਦਿੱਤਾ। ਹੁਣ ਅਜਿਹਾ ਕਿਹੜਾ ਕਾਇਰ ਸੀ ਜਿਹੜਾ ਅਪਣੀ ਸਤਿਕਾਰਯੋਗ ਮਿਸਲਦਾਰਨੀ ਨੂੰ ਤਾਂ ਮੈਦਾਨ ਜੰਗ ਵਿਚ ਸਭ ਤੋਂ ਅੱਗੇ ਤਲਵਾਰ ਚਲਾਂਦਾ ਵੇਖਦਾ ਤੇ ਆਪ ਆਪਣੇ ਹੱਡ ਚੰਮ ਨੂੰ ਬਚਾਉਣ ਲਈ ਪਿੱਛੇ ਹਟ ਰਹਿੰਦਾ ? ਇਹ ਗੱਲ ਖਾਲਸਈ ਆਚਰਨ ਤੋਂ ਦੂਰ ਸੀ। ਇਸ ਸਮੇਂ ਆਪਣੀ ਆਗੂ ਸਰਦਾਰਨੀ ਦੀ ਸੂਰਬੀਰਤਾ ਨੂੰ ਦੇਖ ਕੇ ਮਿਸਲ ਦਾ ਹਰ ਇਕ ਜਵਾਨ ਸਿਰ ਤਲੀ ਪਰ ਧਰ ਕਰ ਇਕ ਦੂਜੇ ਨਾਲੋਂ ਅੱਗੇ ਵਧਦਾ ਸੀ। ਉਧਰੋਂ ਟਾਕਰੇ ਦੀਆਂ ਫੌਜਾਂ ਨੇ ਵੀ ਬੜੀ ਬੀਰਤਾ ਨਾਲ ਧਾਵੇ ਨੂੰ ਰੋਕਣ ਦਾ ਕਰੜਾ ਯਤਨ ਕੀਤਾ, ਪਰ ਸ਼ੇਰਨੀ ਸਦਾ ਕੌਰ ਦੇ ਅਠੱਲ ਹੱਲੇ ਅੱਗੇ ਉਹ ਵਧੇਰਾ ਨਾ ਠਹਿਰ ਸਕੇ ਤੇ ਉਨ੍ਹਾਂ ਦੇ ਪੈਰ ਮੈਦਾਨ ਵਿਚੋਂ ਥਿੜਕ ਗਏ। ਮੈਦਾਨ ਸਰਦਾਰਨੀ ਸਦਾ ਕੌਰ ਦੇ ਹੱਥ ਰਿਹਾ। ਇਸ ਸਮੇਂ ਸਰਦਾਰਨੀ ਸਦਾ ਕੌਰ ਨੇ ਭਾਂਜ ਖਾ ਚੁਕੀ ਫੌਜ ਦਾ ਪਿੱਛਾ ਕਰਨ ਤੋਂ ਆਪਣੀ ਫੌਜ ਨੂੰ ਰੋਕ ਲਿਆ ਤੇ ਹੁਕਮ ਦਿੱਤਾ ਕਿ ਲੋੜ ਤੋਂ ਵਧ ਇਕ ਜਾਨ ਦਾ ਵੀ ਨੁਕਸਾਨ ਨਾ ਕੀਤਾ ਜਾਏ ।

ਬਾਹਰ ਦਾ ਮੈਦਾਨ ਤਾਂ ਹੁਣ ਪੂਰੇ ਤੌਰ ਪਰ ਫਤਹ ਹੋ ਚੁੱਕਾ ਸੀ, ਪਰ ਅਜੇ ਸ਼ਹਿਰ ਵਿਚ ਦਾਖ਼ਲ ਹੋਣਾ ਬਾਕੀ ਸੀ। ਸ਼ਹਿਰ ਦੇ ਹਾਕਮਾਂ ਨੂੰ ਜਦ ਮੈਦਾਨ ਵਿੱਚੋਂ ਭਾਂਜ ਹੋ ਗਈ ਤਾਂ ਇਨ੍ਹਾਂ ਸ਼ਹਿਰ ਦਾ ਦਿੱਲੀ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ, ਪਰ ਇੱਥੇ ਮੁੜ ਇਨ੍ਹਾਂ ਦਾ ਟਿਕਣਾ ਅਸੰਭਵ ਸੀ। ਸਰਦਾਰਨੀ ਸਦਾ ਕੌਰ ਨੇ ਦਰਵਾਜ਼ੇ ਨੂੰ ਤੋਪਾਂ ਨਾਲ ਉਡਾ ਦੇਣ ਦਾ ਹੁਕਮ ਦੇ ਦਿੱਤਾ ਤੇ ਅਜੇ ਬਹੁਤਾ ਸਮਾਂ ਵੀ ਨਹੀਂ ਸੀ ਬੀਤਿਆ ਕਿ ਦਰਵਾਜ਼ਾ ਟੁਕੜੇ ਟੁਕੜੇ ਹੋ ਗਿਆ। ਬੱਸ ਫੇਰ ਕੀ ਸੀ, ਅੱਖ ਦੇ ਫੁਰਕਾਰੇ ਵਿਚ ਇਹ ਸਾਰੀ ਵਿਜਈ ਫੌਜ ਸ਼ਹਿਰ ਵਿਚ ਧੈਂ ਵੜੀ ਅਤੇ ਕਸ਼ਮੀਰੀ ਬਜ਼ਾਰ ਤੋਂ ਚਨਾ ਮੰਡੀ ਤਕ ਲਾਹੌਰ ਦੇ ਇਸ ਰਮਣੀਕ ਭਾਗ ਪਰ ਸਦਾ ਕੌਰ ਨੇ ਪੂਰਾ ਕਬਜ਼ਾ ਕਰ ਲਿਆ। ਇਸ ਇਤਿਹਾਸਕ ਫ਼ਤਹ ਸਮੇਂ ਸਰਦਾਰਨੀ ਜੀ ਨੇ ਐਸੀ ਬਹਾਦਰੀ ਤੇ ਸੁਘੜਤਾ ਦੱਸੀ ਜਿਸ ਦੀ ਨਜ਼ੀਰ ਇਸਤ੍ਰੀ ਜਾਤੀ ਦੇ ਇਤਹਾਸ ਵਿਚ ਬਹੁਤ ਘਟ ਮਿਲਦੀ ਹੈ।

ਅਜੇ ਸ਼ੇਰਿ ਪੰਜਾਬ ਦੇ ਧਾਵੇ ਦਾ ਹਾਲ ਦੱਸਣਾ ਬਾਕੀ ਹੈ। ਵਜ਼ੀਰ ਖ਼ਾਨ ਦੇ ਬਾਗ਼ ਵਿੱਚੋਂ ਨਿਕਲ ਕੇ ਇਹ ਸ਼ੇਰ ਸਿੱਧਾ ਲੁਹਾਰੀ ਦਰਵਾਜ਼ੇ ਪਰ ਜਾ ਪਿਆ ਤੇ ਜਾਂਦੇ ਹੀ ਧੂੰਆਂਧਾਰ ਗੋਲੇ ਗੋਲੀਆਂ ਦਾ ਮੀਂਹ ਵਰਸਾਉਣਾ ਅਰੰਭ ਕਰ ਦਿੱਤਾ ਇਸ ਦੇ ਨਾਲ ਹੀ ਸ਼ੇਰਿ ਪੰਜਾਬ ਨੇ ਕੁਝ ਫ਼ੌਜ ਦੇ ਜਵਾਨ ਤੇ ਕੁਝ ਅਕਾਲੀ ਸੂਰਮਿਆਂ ਨੂੰ ਬਰੂਦ ਭਰੀਆਂ ਥੈਲੀਆਂ ਦੇ ਕੇ ਦਰਵਾਜ਼ੇ ਦੇ ਨਾਲ ਲਾਗਵੀਂ ਫ਼ਸੀਲ ਹੇਠ ਸੁਰੰਗਾਂ ਲਗਾਉਣ ਦਾ ਵੀ ਹੁਕਮ ਦੇ ਦਿੱਤਾ। ਉਸੇ ਘੜੀ ਹੁਕਮ ਦੀ ਪਾਲਣਾ ਕੀਤੀ ਗਈ ਅਤੇ ਜਦ ਤੋੜੇ ਦਾਗੇ ਗਏ ਤਾਂ ਫ਼ਸੀਲ ਵਿਚ ਦਾੜ ਪੈ ਗਈ। ਹੁਣ ਇਕ ਦੂਜੇ ਤੋਂ ਅੱਗੇ ਹੁੰਦੇ ਹੋਏ ਕਈ ਸੌ ਜਵਾਨ ਅੰਦਰ ਜਾ ਵੜੇ। ਇਸ ਸਮੇਂ ਖਾਲਸਾ ਫੌਜ ਨੂੰ ਸ਼ਹਿਰ ਅੰਦਰ ਦਾਖਲ ਹੁੰਦਾ ਦੇਖ ਕੇ ਕਿਸੇ ਨੇ ਦਰਵਾਜ਼ਾ ਵੀ ਅੰਦਰੋਂ ਖੋਲ੍ਹ ਦਿੱਤਾ। ਹੁਣ ਪਾੜ ਅਤੇ ਦਰਵਾਜ਼ੇ ਦੋਹਾਂ ਰਸਤਿਆਂ ਥੀਂ ਮਾਰੋਮਾਰ ਕਰਦੀ ਫੌਜ ਅੰਦਰ ਵੜਨੀ ਅਰੰਭ ਹੋ ਗਈ। ਇਹ ਫਤਹਯਾਬ ਦਲ ਆਪਣੇ ਨਿਡਰ ਆਗੂ ਦੀ ਅਗਵਾਈ ਵਿਚ ਸਰਦਾਰਨੀ ਸਦਾ ਕੌਰ ਦੀ ਵਿਜਈ ਫੌਜ ਨਾਲ ਹੀਰਾ ਮੰਡੀ ਵਿਚ, ਅਕਾਸ਼ ਤੋੜ ਜੈਕਾਰਿਆਂ ਦੀ ਗੂੰਜ ਤੇ ਬੜੇ ਜੋਸ਼ ਤੇ ਉਤਸ਼ਾਹ ਨਾਲ ਜਾ ਮਿਲਿਆ। ਸ਼ੇਰਨੀ ਸਦਾ ਕੌਰ ਨੇ ਆਪਣੇ ਸੂਰਮੇ ਜਵਾਈ ਦਾ ਮੱਥਾ ਚੁੰਮਿਆਂ ਤੇ ਲਾਹੌਰ ਤੇ ਕਬਜ਼ਾ ਹੋ ਜਾਣ ਦੀ ਆਪਨੂੰ ਵਧਾਈ ਦਿੱਤੀ। ਇਹ ਗੱਲ ੧੫ ਹਾੜ ਸੰਮਤ ੧੮੫੬ (੨੭ ਜੂਨ ੧੭੯੯) ਦੀ ਹੈ। ਇੱਥੋਂ ਦੋਵੇਂ ਕਾਮਯਾਬ ਫ਼ੌਜਾਂ ਨੇ ਮਿਲ ਕੇ ਫਤਹ ਦੇ ਧੌਂਸੇ ਵਜਾਉਂਦਿਆਂ ਤੇ ਜੈਕਾਰਿਆਂ ਦੀ ਗੂੰਜ ਗੂੰਜਾਂਦਿਆਂ ਲਾਹੌਰ ਦੇ ਸ਼ਾਹੀ ਕਿਲ੍ਹੇ ਨੂੰ ਜਾ ਘੇਰਿਆ।

**ਕਿਲ੍ਹਾ ਲਾਹੌਰ ਤੇ ਸਰਦਾਰਨੀ ਸਦਾ ਕੌਰ ਦੀ ਸਿਆਣਪ**

ਹੁਣ ਕਿਲ੍ਹੇ ਦੇ ਘੇਰੇ ਦੇ ਪੂਰੇ ਹੋ ਜਾਣ ਦੇ ਬਾਅਦ ਮਹਾਰਾਜਾ ਨੇ ਆਪਣੇ ਤੋਪਚੀਆਂ ਨੂੰ ਹੁਕਮ ਦਿੱਤਾ ਕਿ ਕਿਲ੍ਹੇ ਪਰ ਜ਼ੋਰ ਦੀ ਗੋਲਾਬਾਰੀ ਕੀਤੀ ਜਾਏ। ਅਤੇ ਤੋਪਾਂ ਨੇ ਇਕ ਦੋ ਵਾਰੀ ਹੀ ਅੱਗ ਉਗਲੀ ਸੀ ਕਿ ਸਰਦਾਰਨੀ ਸਦਾ ਕੌਰ ਨੇ ਅੱਗੇ ਵਧ ਕੇ ਰਣਜੀਤ ਸਿੰਘ ਨੂੰ ਸਮਝਾਇਆ ਕਿ ਤੋਪਾਂ ਦੀ ਗੋਲਾਬਾਰੀ ਬੰਦ ਕਰਾ ਦਿੱਤੀ ਜਾਏ ਅਤੇ ਆਖਿਆ ਕਿ ਹੁਣ ਕੋਈ ਫਿਕਰ ਨਹੀਂ, ਜਿੰਨਾ ਚਿਰ ਕਿਲ੍ਹੇ ਦਾ ਮਾਲਕ ਚੇਤ ਸਿੰਘ ਕਿਲ੍ਹੇ ਦੇ ਅੰਦਰ ਹਕੂਮਤ ਕਰਨਾ ਚਾਹੇ ਨਿਸਚਿੰਤ ਹੋ ਕੇ ਆਪਣੇ ਮਨ ਦੀ ਰੀਝ ਪੂਰੀ ਕਰ ਲਏ ਅਤੇ ਜਦ ਉਹ ਇਸ ਤੋਂ ਤ੍ਰਿਪਤ ਹੋ ਜਾਏ ਤਾਂ ਬੜੀ ਖੁਸ਼ੀ ਨਾਲ ਬਾਹਰ ਆ ਜਾਏ। ਬਾਹਰ ਨਿਕਲਣ ਸਮੇਂ ਸਾਡੇ ਵੱਲੋਂ ਉਨ੍ਹਾਂ ਨੂੰ ਕੋਈ ਖੇਚਲ ਨਹੀਂ ਦਿੱਤੀ ਜਾਏਗੀ। ਉਨ੍ਹਾਂ ਦੀ ਜਾਤੀ ਰੱਖਿਆ ਲਈ ਲੋੜੀਂਦੇ ਸ਼ਸਤ੍ਰ ਤੇ ਉਨ੍ਹਾਂ ਦੀ ਸਵਾਰੀ ਦੇ ਘੋੜੇ ਉਨ੍ਹਾਂ ਪਾਸ ਹੀ ਰਹਿਣ ਦਿੱਤੇ ਜਾਣਗੇ। ਉਨ੍ਹਾਂ ਦੇ ਪਰਿਵਾਰ ਨੂੰ ਪੂਰਨ ਸੁਰੱਖਿਅਤ ਥਾਂ ਪੁਰ-ਜਿਹੜੀ ਥਾਂ ਉਹ ਯੋਗ ਸਮਝਣ ਪਹੁੰਚਾ ਦਿੱਤਾ ਜਾਏਗਾ; ਇਸ ਤੋਂ ਛੁੱਟ ਅੱਗੇ ਨੂੰ ਉਨ੍ਹਾਂ ਦੇ ਗੁਜ਼ਾਰੇ ਲਈ ਉਨ੍ਹਾਂ ਨੂੰ ਖਾਸੀ ਜਾਗੀਰ ਵੀ ਦਿੱਤੀ ਜਾਏਗੀ। ਉਹ ਸੁਨੇਹਾ ਸਰਦਾਰ ਚੇਤ ਸਿੰਘ ਨੂੰ ਇੱਕ ਇਤਬਾਰੀ ਆਦਮੀ ਦੇ ਹੱਥ ਕਿਲੇ ਵਿਚ ਭੇਜਿਆ ਗਿਆ। ਘੇਰੇ ਵਿਚ ਫਾਥੇ ਤੇ ਹਾਰੇ ਹੋਏ ਮਨੁੱਖ ਲਈ ਇਸ ਤੋਂ ਵਧ ਨਰਮ ਸ਼ਰਤਾਂ ਹੋਰ ਕੀ ਹੋ ਸਕਦੀਆਂ ਸਨ ? ਸੋ ਕਿਲ੍ਹੇਦਾਰ ਨੇ ਇਨ੍ਹਾਂ ਨੂੰ ਪਰਵਾਨ ਕਰ ਲਿਆ ਤੇ ਅਗਲੇ ਦਿਨ ਉਸ ਦੇ ਕਿਲ੍ਹੇ ਤੋਂ ਬਾਹਰ ਆਉਣ ਪਰ ਉਹ ਸਭ ਪੂਰੀਆਂ ਕੀਤੀਆਂ ਗਈਆਂ, ਖ਼ਾਸ ਕਰ ਜਾਗੀਰ ਤਾਂ ਉਸ ਦੀ ਮੰਗ ਤੋਂ ਵੀ ਵਧ ਦਿੱਤੀ ਗਈ, ਅਰਥਾਤ ਸੱਠ ਹਜ਼ਾਰ ਰੁਪਿਆ ਸਲਾਨਾ ਆਮਦਨੀ ਦੀ ਜਾਗੀਰ ਦਿਤੀ ਗਈ । ਇਧਰ ਕਿਲ੍ਹੇ ਦੇ ਖਾਲੀ ਹੁੰਦਿਆਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਹਰੇ ਸਾਹਿਬ ਵਿਚ ਅਰਦਾਸਾ ਕਰਵਾਇਆ ਗਿਆ। ਹੁਣ ਅੱਗੇ ਅੱਗੇ ਸਰਦਾਰਨੀ ਸਦਾ ਕੌਰ ਤੇ ਪਿੱਛੇ ਪਿੱਛੇ ਸ਼ੇਰਿ ਪੰਜਾਬ ਨੇ ਸਣੇ ਖਾਲਸਾ ਫੌਜ ਦੇ, ੧੬ ਹਾੜ ਮੁਤਾਬਿਕ ੨੦ ਜੂਨ ੧੭੯੯ ਨੂੰ ਲਾਹੌਰ ਦੇ ਇਤਿਹਾਸਕ ਕਿਲ੍ਹੇ ਵਿਚ ਪਰਵੇਸ਼ ਕੀਤਾ। ਇਸ ਸਮੇਂ ਲਾਹੌਰ ਦੇ ਵਸਨੀਕਾਂ ਨੂੰ ਇਕ ਨਵੀਂ ਗੱਲ ਦੇਖਣ ਵਿਚ ਆਈ, ਜਿਸ ਤੋਂ ਇਹ ਲੋਕ ਪਹਿਲਾ ਅਜਾਣੂ ਸਨ, ਅਰਥਾਤ ਲਾਹੌਰ ਪਰ ਕਬਜ਼ਾ ਕਰਨ ਸਮੇਂ ਸਰਦਾਰਨੀ ਸਦਾ ਕੌਰ ਦੀ ਵਿਚਾਰ ਅਨੁਸਾਰ ਸਰਦਾਰਨੀ ਜੀ ਤੇ ਸ਼ੇਰਿ ਪੰਜਾਬ ਨੇ ਆਪੋ ਆਪਣੀਆਂ ਫੌਜਾਂ ਨੂੰ ਹੁਕਮ ਦਿਤਾ ਸੀ ਕਿ ਸ਼ਹਿਰ ਵਾਸੀਆਂ ਦੇ ਧਨ ਪਦਾਰਥ ਦੀ ਕਿਸੇ ਤਰ੍ਹਾਂ ਦੀ ਕੋਈ ਮਾਰ ਨਾ ਕੀਤੀ ਜਾਏ, ਅਸੀਂ ਹਰ ਇੱਕ ਫੌਜੀ ਜਵਾਨ ਨੂੰ ਆਪਣੇ ਪਾਸੋਂ ਬਖਸ਼ਸ਼ ਦੇਵਾਂਗੇ। ਸੋ ਇਸ ਹੁਕਮ ਅਨੁਸਾਰ ਕਿਸੇ ਦਾ ਇਕ ਪੈਸੇ ਦਾ ਨੁਕਸਾਨ ਨਹੀਂ ਸੀ ਹੋਇਆ। ਇਸ ਤੋਂ ਪਹਿਲਾਂ ਇਹ ਆਮ ਤਰੀਕਾ ਸੀ ਕਿ ਜਦ ਕਦੇ ਇਸ ਤਰਾਂ ਦੇ ਪ੍ਰੀਵਰਤਨ ਦਾ ਸਮਾਂ ਆਂਵਦਾ ਤਾਂ ਫਤਹਮੰਦ ਫੌਜਾਂ ਵਸਨੀਕਾਂ ਨੂੰ ਲੁੱਟ ਪੁੱਟ ਕੇ ਤਬਾਹ ਕਰ ਦਿੰਦੀਆਂ, ਮਕਾਨਾਂ ਨੂੰ ਅਗਾਂ ਲਾਕੇ ਸਾੜ ਦਿੱਤਾ ਜਾਂਦਾ ਅਤੇ ਨੂੰਹਾਂ ਧੀਆਂ ਦੀਆਂ ਬੇਪਤੀਆਂ ਹੁੰਦੀਆਂ ਸਨ। ਇਹੀ ਕਾਰਨ ਸੀ ਕਿ ਲਾਹੌਰ ਦੇ ਵਸਨੀਕ ਇਸ ਸਮੇਂ ਇੰਨੇ ਖੁਸ਼ ਸਨ ਹਿੰਦੂ ਮੁਸਲਮਾਨਾਂ ਨੇ ਆਪੋ ਵਿਚ ਮਿਲਕੇ ਕਈ ਰਾਤਾਂ ਤਕ ਸਾਰੇ ਸ਼ਹਿਰ ਵਿਚ ਭਾਰੀ ਦੀਪਮਾਲਾ ਕੀਤੀ। ਇਸ ਤਰ੍ਹਾਂ ਇਨ੍ਹਾਂ ਹਰ ਮਤ ਤੇ ਹਰ ਜਾਤੀ ਦੇ ਲੋਕਾਂ ਨੇ ਖਾਲਸਾ ਫੌਜ ਤੋਂ ਇਸਦੇ ਆਗੂਆਂ ਨੂੰ ਸਾਰੇ ਸ਼ਹਿਰ ਵੱਲੋਂ 'ਜੀ ਆਇਆਂ ਨੂੰ' ਕਿਹਾ।

ਸ਼ੇਰਿ ਪੰਜਾਬ ਨੇ ਇਸ ਸਮੇਂ ਜਿੰਨਾ ਧਨ ਵਿਜਈ ਫੌਜਾਂ ਨੂੰ ਇਨਾਮ ਵਜੋਂ ਦਿੱਤਾ ਸੀ ਉਸ ਨਾਲੋਂ ਦਸ ਗੁਣਾਂ ਵਧ ਦੱਬਿਆ ਹੋਇਆ ਖਜ਼ਾਨਾ, ਸਣੇ ਅੱਠ ਤੋਪਾਂ ਦੇ, ਅਗਲੇ ਦਿਨ ਕਿਲ੍ਹਾ ਲਾਹੌਰ ਵਿੱਚੋਂ ਆਪ ਨੂੰ ਮਿਲ ਗਿਆ।




# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**

ਕਿਸ਼ਤ - 70

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਬਟਾਲੇ ਦੀ ਲੜਾਈ ਵਿਚ ਅਬਦਾਲੀ ਹਾਰ ਗਿਆ

ਏਥੋਂ ਅਬਦਾਲੀ ਲਾਹੌਰ ਨੂੰ ਹੋ ਤੁਰਿਆ। ਬਟਾਲੇ ਕੋਲ ਉਸਨੂੰ ਸਰਬੁਲੰਦ ਖ਼ਾਂ ਅੱਠ ਹਜ਼ਾਰ ਫ਼ੌਜ ਸਣੇ ਆ ਮਿਲਿਆ। ਏਥੇ ਸਿੰਘਾਂ ਨੇ ਫੇਰ ਅਬਦਾਲੀ 'ਤੇ ਹਮਲਾ ਕੀਤਾ। ਲੜਾਈ ਵਿਚ ਸਰਬੁਲੰਦ ਖ਼ਾਂ ਜ਼ਖ਼ਮੀ ਹੋ ਗਿਆ ਤੇ ਅਬਦਾਲੀ ਪੂਰੀ ਤਰ੍ਹਾਂ ਹਾਰ ਕੇ ਜੰਡਿਆਲੇ ਆਕਲਦਾਸ ਕੋਲ ਜਾ ਲੁਕਿਆ। ਇਹ ਘਟਨਾ ਮਾਰਚ, ੧੭੬੪ ਈ. ਵਿਚ ਹੋਈ।

### ਜੰਡਿਆਲੇ, ਰਹੀਮ ਖ਼ਾਂ ਕਤਲ:

ਖ਼ਾਲਸੇ ਨੇ ਜੰਡਿਆਲੇ ਕੋਲ ਅਬਦਾਲੀ ਦੀ ਫ਼ੌਜ ਉੱਤੇ ਹਮਲਾ ਕੀਤਾ। ਲੜਾਈ ਵਿਚ ਰਹੀਮ ਖ਼ਾਂ ਬਖ਼ਸ਼ੀ ਮਾਰਿਆ ਗਿਆ ਤੇ ਦੁਰਾਨੀ ਫ਼ੌਜ ਹਾਰ ਕੇ ਕਿਲ੍ਹੇ ਜੰਡਿਆਲੇ ਵਿਚ ਜਾ ਵੜੀ।

### ਅਬਦਾਲੀ ਲਾਹੌਰ ਅਤੇ ਸਿੰਘਾਂ ਦਾ ਹਮਲਾ

ਜੰਡਿਆਲੇ ਵਿਚ ਖ਼ਾਲਸੇ ਨੇ ਅਬਦਾਲੀ ਨੂੰ ਟਿਕਣ ਨਾ ਦਿੱਤਾ। ਉਹ ਡਰਦਾ ਉਥੋਂ ਉਠ ਕੇ ਲਾਹੌਰ ਕਿਲ੍ਹੇ ਵਿਚ ਜਾ ਲੁਕਿਆ। ਸਿੱਖ ਏਥੇ ਵੀ ਦੁਰਾਨੀ ਬਾਦਸ਼ਾਹ ਨੂੰ ਆ ਧਮਕਾਉਣ ਲੱਗੇ। ਉਹ ਜੱਥੇ ਬਣਾ ਕੇ ਲਾਹੌਰ ਦੇ ਬਾਹਰ ਫਿਰਦੇ ਤੇ ਕਿਸੇ ਦੁਰਾਨੀ ਨੂੰ ਸ਼ਹਿਰੋਂ ਬਾਹਰ ਨਾ ਨਿਕਲਣ ਦੇਂਦੇ। ਦੋ ਸਤਵਾਰੇ ਲਾਹੌਰ ਵਿਚ ਰਹਿ ਕੇ ਅਬਦਾਲੀ ਵਾਪਸ ਕਾਬਲ ਨੂੰ ਤੁਰ ਪਿਆ। ਜਦ ਉਹ ਰਾਵੀ ਟੱਪ ਰਿਹਾ ਸੀ, ਸਿੰਘਾਂ ਨੇ ਉਸ ਦੀ ਫ਼ੌਜ ਉੱਤੇ ਹਮਲਾ ਕੀਤਾ। ਸਿੱਖ ਦੁਰਾਨੀ ਫ਼ੌਜ ਨੂੰ ਲੁੱਟ-ਮਾਰ ਰਹੇ ਸਨ, ਤੇ ਅਬਦਾਲੀ ਸਾਮ੍ਹਣੇ ਖਲੋਤਾ ਵੇਖ ਰਿਹਾ ਸੀ। ਜਿੰਨੀ-ਕੁ ਫ਼ੌਜ ਹੱਥ ਕਰਾਏ ਦੀ ਬਚੀ, ਅਬਦਾਲੀ ਉਹ ਲੈ ਕੇ ਕਾਬਲ ਨੂੰ ਚਲਦਾ ਬਣਿਆ। ਇਹ ਉਹੋ ਅਬਦਾਲੀ ਹੈ, ਜੋ ਪਿਛਲੇ ਹਮਲੇ ਵਿਚ (ਘੱਲੂਘਾਰੇ ਸਮੇਂ) ਕਹਿੰਦਾ ਸੀ, ਕਿ ਮੈਂ ਹਿੰਦ ਵਿਚੋਂ ਸਿੱਖਾਂ ਦਾ ਖ਼ਾਤਮਾ ਕਰ ਚੱਲਿਆ ਹਾਂ, ਜਿਸ ਨੇ ਪਿਛਲੇਰੇ ਸਾਲ (ਪਾਨੀਪਤ ਦੀ ਤੀਜੀ ਲੜਾਈ ਵਿਚ) ਮਰਹੱਟਿਆਂ ਨੂੰ ਹਰਾਇਆ ਸੀ। ਅੱਜ ਉਹ ਅਬਦਾਲੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਿੰਘਾਂ ਤੋਂ ਡਰਦਾ ਘਰ ਨੂੰ ਭੱਜਿਆ ਜਾ ਰਿਹਾ ਸੀ। ਇਹ ਉਹਦਾ ਸੱਤਵਾਂ ਹਮਲਾ ਸੀ। ਸ: ਹਰੀ ਸਿੰਘ ਭੰਗੀ ਦਾ ਜੱਥਾ ਲਾਹੌਰ ਉਦਾਲੇ ਆ ਹੋਇਆ ਤੇ ਸ: ਚੜ੍ਹਤ ਸਿੰਘ ਸੁਕਰਚੱਕੀਆ ਅਬਦਾਲੀ ਦੇ ਮਗਰ ਲੱਗ ਪਿਆ। ਇਸ ਵਾਰ ਅਬਦਾਲੀ ਆਪਣੀ ਫ਼ੌਜ ਦੇ ਅੱਗੇ ਅੱਗੇ ਜਾ ਰਿਹਾ ਸੀ, ਤੇ ਉਸ ਦੀ ਫ਼ੌਜ ਦੇ ਪਿਛਲੇ ਹਿੱਸੇ ਉੱਤੇ ਸ: ਚੜ੍ਹਤ ਸਿੰਘ ਛਾਪੇ ਮਾਰਦਾ ਜਾਂਦਾ ਸੀ। ਇਹ ਖੇਡ ਜਿਹਲਮ ਦੇ ਕੰਢਿਆਂ ਤਕ ਹੁੰਦੀ ਗਈ। ਅਬਦਾਲੀ ਕਾਬਲ ਚਲਾ ਗਿਆ ਤੇ ਚੜ੍ਹਤ ਸਿੰਘ ਨੇ ਕਿਲ੍ਹਾ ਰੁਹਤਾਸ ਨੂੰ ਘੇਰਾ ਪਾ ਲਿਆ। ਉਥੋਂ ਦਾ ਦੁਰਾਨੀ ਹਾਕਮ ਸਰਫ਼ਰਾਜ਼ ਖ਼ਾਂ ਕਿਲ੍ਹੇ ਵਿਚੋਂ ਗੋਲੇ ਵਗ੍ਹਾਉਣ ਲੱਗ ਪਿਆ। ਸ: ਚੜ੍ਹਤ ਸਿੰਘ ਏਸੇ ਤਰ੍ਹਾਂ ਆਪਣੀ ਫ਼ੌਜ ਦਾ ਨੁਕਸਾਨ ਹੁੰਦਾ ਵੇਖ ਕੇ ਘੇਰਾ ਉਠਾ ਕੇ ਤੁਰ ਪਿਆ। ਸਰਫ਼ਰਾਜ਼ ਖ਼ਾਂ ਸਿੰਘਾਂ ਦੀ ਏਸ ਚਾਲ ਵਿਚ ਆ ਗਿਆ। ਉਹਨੇ ਕਿਲ੍ਹਿਓਂ ਬਾਹਰ ਨਿਕਲ ਕੇ ਸਿੰਘਾਂ ਦਾ ਪਿੱਛਾ ਕੀਤਾ। ਜਦ ਉਹ ਕਿਲ੍ਹਿਓਂ ਦੂਰ ਬਾਹਰ ਗਿਆ, ਤਾਂ ਸ: ਚੜ੍ਹਤ ਸਿੰਘ ਨੇ ਪਿੱਛੇ ਪਰਤ ਕੇ ਧਾਵਾ ਬੋਲ ਦਿੱਤਾ। ਸਰਫ਼ਰਾਜ਼ ਖ਼ਾਂ ਪੂਰੀ ਤਰ੍ਹਾਂ ਹਾਰ ਗਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ ਸਣੇ ਹਾਰੇ ਹੋਏ ਸਿਪਾਹੀਆਂ ਚਲੇ ਜਾਣ ਦੀ ਆਗਿਆ ਦਿੱਤੀ ਤੇ ਆਪ ਕਿਲ੍ਹਾ ਰੁਹਤਾਸ ਉੱਤੇ ਕਬਜ਼ਾ ਕਰ ਲਿਆ।

### ਸਰਬੁਲੰਦ ਖ਼ਾਂ ਦੀ ਹਾਰ ਅਤੇ ਇਲਾਕਿਆਂ ਦੀ ਜਿੱਤ

ਜਦ ਅਬਦਾਲੀ ਆਇਆ ਸੀ, ਉਹਨੇ ਕਸ਼ਮੀਰ ਦੇ ਸੂਬੇਦਾਰ ਸਰਬੁਲੰਦ ਖ਼ਾਂ ਨੂੰ ਮਦਦ ਵਾਸਤੇ ਬੁਲਾਇਆ ਸੀ। ਅਬਦਾਲੀ ਹਾਰ ਕੇ ਮੁੜ ਗਿਆ, ਤਾਂ ਸਰਬੁਲੰਦ ਖ਼ਾਂ ਨੇ ਵੀ ਬਾਰਾਂ ਹਜ਼ਾਰ ਫ਼ੌਜ ਸਣੇ ਆ ਸਿਰ ਕਢਿਆ। ਸ: ਚੜ੍ਹਤ ਸਿੰਘ ਨੇ ਰੁਹਤਾਸ ਤੋਂ ਉਠ ਕੇ ਉਸ ਉੱਤੇ ਹਮਲਾ ਕੀਤਾ। ਏਸ ਲੜਾਈ ਵਿਚ ਵੀ ਦੁਰਾਨੀ ਹਾਰ ਗਏ। ਸਰਬੁਲੰਦ ਖ਼ਾਂ ਫੜਿਆ ਗਿਆ। ਉਸਦੀ ਬਹੁਤ ਸਾਰੀ ਫ਼ੌਜ ਮਾਰੀ ਗਈ। ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੁਝ ਦਿਨ ਕੈਦ ਰੱਖਿਆ ਗਿਆ ਤੇ ਫਿਰ ਰਿਹਾ ਕਰ ਕੇ ਕਾਬਲ ਨੂੰ ਤੋਰ ਦਿੱਤਾ। ਦਰਿਆ ਅਟਕ ਤੇ ਜਿਹਲਮ ਦਾ ਵਿਚਲਾ ਸਾਰਾ ਇਲਾਕਾ (ਧੰਨੀ, ਪੋਠੋਹਾਰ, ਚਕਵਾਲ, ਜਲਾਲਪੁਰ, ਸਈਦਪੁਰ, ਪਿੰਡ ਦਾਦਨ ਖ਼ਾਂ ਮਿਆਣੀ ਲੂਣ ਦੀ ਖਾਣ) ਸ: ਚੜ੍ਹਤ ਸਿੰਘ ਨੇ ਮੱਲ ਲਿਆ। ਉਹਨੇ ਆਪਣੇ ਵੱਲੋਂ ਸ: ਬੁੱਧ ਸਿੰਘ ਤੇ ਕੌਰ ਸਿੰਘ ਉਸ ਇਲਾਕੇ ਦੇ ਫ਼ੌਜਦਾਰ ਥਾਪੇ। ਅਪ੍ਰੈਲ, 1764 ਈ: ਵਿਚ ਭੰਗੀ ਤੇ ਨਕਈ ਅਬਦਾਲੀ ਦਾ ਪਿੱਛਾ ਛੱਡ ਕੇ ਲਾਹੌਰ ਵੱਲ ਮੁੜ ਪਏ ਸਨ। ਸ: ਹੀਰਾ ਸਿੰਘ ਨਕਈ ਨੇ ਇਲਾਕਾ ਨੱਕਾ ਤੇ ਲੰਮਾ ਮੱਲ ਲਿਆ। ਸ: ਹਰੀ ਸਿੰਘ ਭੰਗੀ ਨੇ ਮੁਲਤਾਨ ਮੱਲਿਆ। ਏਥੇ ਹੀ ਬੱਸ ਨਹੀਂ, ਭੰਗੀਆਂ ਨੇ ਦਰਿਆ ਅਟਕ ਟੱਪ ਕੇ ਡੇਰਾਜਾਤ ਵੀ ਜਾ ਲੁੱਟੇ। ਉਪਰੋਂ ਮੁੜ ਕੇ ਭੰਗੀ ਮਿਸਲ ਨੇ ਝੰਗ ਉੱਤੇ ਹਮਲਾ ਕੀਤਾ। ਸਿਆਲ ਲੜ ਕੇ ਹਾਰ ਗਏ। ਸ: ਝੰਡਾ ਸਿੰਘ ਭੰਗੀ ਨੇ ਝੰਗ, ਖ਼ੁਸ਼ਾਬ, ਚਨਿਓਟ, ਆਦਿ ਮੱਲ ਲਏ ਤੇ ਆਪਣੇ ਵੱਲੋਂ ਇਲਾਕੇ ਦਾ ਫ਼ੌਜਦਾਰ ਸ: ਕਰਮ ਸਿੰਘ ਢਿੱਲੋਂ ਨੂੰ ਬਣਾਇਆ। ਇਹ ਸਭ ਕੁਝ ਤਿੰਨ-ਕੁ ਮਹੀਨਿਆਂ ਵਿਚ ਹੋ ਗਿਆ। ਗੁਰਦਾਸਪੁਰ ਤੇ ਪਸਰੂਰ ਦਾ ਇਲਾਕਾ ਕਨ੍ਹਈਆਂ ਨੇ ਕਬਜ਼ੇ ਕਰ ਕੇ ਆਪਣੇ ਥਾਣੇ ਬਿਠਾ ਦਿੱਤੇ।

### ਸਿੱਖ ਮਿਸਲਾਂ ਦਾ ਵਧਦਾ ਪ੍ਰਭਾਵ

ਪਰਗਣਾ ਹਰਿਗੋਬਿੰਦਪੁਰਾ ਤੇ ਦਰਿਆ ਬਿਆਸ ਦੇ ਦੋਹੀਂ ਪਾਸੀਂ ਰਾਮਗੜ੍ਹੀਆ ਮਿਸਲ ਨੇ ਮੁਲਕ ਮੱਲ ਲਿਆ। ਦੁਆਬਾ ਜਲੰਧਰ, ਡੱਲੇਵਾਲੀ ਤੇ ਆਹਲੂਵਾਲੀਆ ਮਿਸਲਾਂ ਨੇ ਕਾਬੂ ਕਰ ਲਿਆ। ਸ਼ਹਿਰ ਲਾਹੌਰ ਤੇ ਜਲੰਧਰ ਛੱਡ ਕੇ, ਦਰਿਆ ਅਟਕ ਤੇ ਜਮਨਾ ਦੇ ਵਿਚਲਾ ਸਾਰਾ ਮੁਲਕ ਇਸ ਵੇਲੇ ਸਿੰਘਾਂ ਦੇ ਕਾਬੂ ਆ ਗਿਆ ਸੀ।

- ਚਲਦਾ

# ਜਦੋਂ ਇਕ ਬਾਗੀ ਲੋਕ ਆਗੂ ਬਣ ਗਿਆ...

**ਲੇਖਕ : ਸੁਖਵਿੰਦਰ ਸਿੰਘ**

ਰਾਜਸੱਤਾ ਅਤੇ ਬਗਾਵਤ ਦੀਆਂ ਕਹਾਣੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ। ਇਹਨਾਂ ਕਹਾਣੀਆਂ ਨੇ ਮਨੁੱਖੀ ਇਤਿਹਾਸ ਨੂੰ ਹਜ਼ਾਰਾਂ ਨਾਇਕ ਅਤੇ ਖਲਨਾਇਕ ਦਿੱਤੇ ਹਨ। ਗੁਰਬਾਣੀ ਵਿਚ ਵਾਰ-ਵਾਰ ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਇਹ ਸੱਚ ਤੇ ਝੂਠ, ਇਨਸਾਫ ਤੇ ਬੇਇਨਸਾਫੀ ਦੀ ਜੰਗ ਸਦੀਵੀ ਰਹਿਣੀ ਹੈ ਤੇ ਇਹੀ ਅਕਾਲ ਪੁਰਖ ਦੇ ਪਿਆਰਿਆਂ ਦੀ ਪਰਖ ਦੀ ਕਸਵੱਟੀ ਵੀ ਹੈ। ਇਸ ਪਰਖ ਦੀ ਸ਼ਮਾ ਵਿਚ ਪੰਥ ਦੇ ਪਰਵਾਨੇ ਆਪਣਾ ਆਪ ਕੁਰਬਾਨ ਕਰਦੇ ਆ ਰਹੇ ਹਨ। ਇਹਨਾਂ ਪਰਵਾਨਿਆਂ ਵਿਚੋਂ ਇਕ ਹੈ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ।

ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਦਾ ਜਨਮ ਸ੍ਰੀ ਹਰਿਗੋਬਿੰਦਪੁਰ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਚੀਮਾ ਖ਼ੁੱਡੀ ਵਿਖੇ ਸਧਾਰਨ ਕਿਸਾਨ ਪਿਤਾ ਸ੍ਰ: ਮਹਿੰਦਰ ਸਿੰਘ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ 1970 ਵਿਚ ਹੋਇਆ ਸੀ। 8 ਅਪ੍ਰੈਲ 1990 ਨੂੰ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਭਾਰਤ ਸਰਕਾਰ ਖਿਲਾਫ ਲੜਾਈ ਲੜਦਿਆਂ ਸ਼ਹੀਦ ਹੋ ਗਏ ਸੀ।

ਸ਼ਹੀਦੀ ਵੇਲੇ ਭਾਈ ਜੁਗਰਾਜ ਸਿੰਘ ਤੂਫਾਨ ਦੀ ਉਮਰ ਮਹਿਜ਼ 20 ਵਰ੍ਹਿਆਂ ਦੀ ਸੀ। ਪਰ ਇਹ ਖਾਲਿਸਤਾਨ ਦੀ ਅਜ਼ਾਦੀ ਲਈ ਲੜੇ ਜਾ ਰਹੇ ਸੰਘਰਸ਼ ਵਿਚ ਇਕ ਵੱਡੇ ਜਰਨੈਲ ਦੇ ਅਹੁਦੇ 'ਤੇ ਸਨ। ਦਰਬਾਰ ਸਾਹਿਬ ਉੱਤੇ ਭਾਰਤੀ ਫੌਜਾਂ ਵੱਲੋਂ ਹਮਲਾ ਕਰਕੇ ਅਤੇ ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਮਗਰੋਂ ਸਾਰੇ ਭਾਰਤ ਵਿਚ ਕੀਤੀ ਸਿੱਖਾਂ ਦੀ ਨਸਲਕੁਸ਼ੀ ਕਰਕੇ ਸਾਰੀ ਸਿੱਖ ਕੌਮ ਨੇ ਸੰਤ ਜਰਨੈਲ ਸਿੰਘ ਦੇ ਉਹਨਾਂ ਬਚਨਾਂ ਨੂੰ ਆਪਣੀ ਜ਼ਿੰਦਗੀ ਦਾ ਸਭ ਤੋਂ ਅਹਿਮ ਸੱਚ ਬਣਾ ਲਿਆ ਸੀ ਕਿ, "ਜਿਸ ਦਿਨ ਭਾਰਤੀ ਫੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।" ਹਮਲਾ ਹੋ ਚੁੱਕਿਆ ਸੀ ਤੇ ਨੀਂਹ ਰੱਖੀ ਗਈ ਸੀ, ਹੁਣ ਉਸ ਅਜ਼ਾਦ ਦੇਸ਼ ਖਾਲਿਸਤਾਨ ਦੀ ਉਸਾਰੀ ਲਈ ਸਿੱਖਾਂ ਦੀ ਭਾਰਤ ਸਰਕਾਰ ਨਾਲ ਜੰਗ ਚੱਲ ਰਹੀ ਸੀ।

ਜੁਗਰਾਜ ਸਿੰਘ ਤੂਫਾਨ ਬਚਪਨ ਤੋਂ ਹੀ ਬਾਣੀ ਨਾਲ ਜੁੜੇ ਹੋਏ ਸਨ। ਗੁਰੂ ਪਾਤਸ਼ਾਹ ਨੇ ਉਹਨਾਂ 'ਤੇ ਸੇਵਾ ਦੀ ਮੋਹਰ ਲਾ ਦਿੱਤੀ ਸੀ। ਉਹ ਬੜੀ ਛੋਟੀ ਉਮਰੇ ਹੀ ਪੁਲਸ ਤਸ਼ੱਦਦ ਦਾ ਵੀ ਸ਼ਿਕਾਰ ਹੋਏ ਤੇ ਹੋਰ ਹਜ਼ਾਰਾਂ ਸਿੱਖਾਂ ਵਾਂਗ ਭਾਰਤੀ ਜੇਲ੍ਹ ਖਾਨੇ ਵਿਚ ਬੰਦ ਰਹੇ। ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਨੇ ਹੱਥਾਂ ਵਿਚ ਹਥਿਆਰ ਚੁੱਕ ਕੇ ਸਿੱਖ ਅਜ਼ਾਦੀ ਲਹਿਰ ਨੂੰ ਗੁਰੂ ਆਸ਼ੇ ਮੁਤਾਬਕ ਸਹੀ ਦਿਸ਼ਾ ਵਿਚ ਚਲਾਉਣ 'ਚ ਬਹੁਤ ਵੱਡੀ ਭੂਮਿਕਾ ਨਿਭਾਈ। ਪੰਜਾਬ ਵਿਚ ਖੜ੍ਹੀ ਹੋਈ ਸਿੱਖ ਬਗਾਵਤ ਭਾਰਤੀ ਸਟੇਟ ਦੇ ਇਤਿਹਾਸ ਦੀ ਸਭ ਤੋਂ ਖਤਰਨਾਕ ਬਗਾਵਤ ਸੀ ਜਿਸਨੇ 10 ਸਾਲ ਭਾਰਤੀ ਸਟੇਟ ਨੂੰ ਪੱਧਰੇ ਮੈਦਾਨ ਵਿਚ ਗੋਡਿਆਂ ਭਾਰ ਕਰੀ ਰੱਖਿਆ। ਭਾਰਤੀ ਸਟੇਟ ਨੇ ਆਪਣੀ ਪੂਰੀ ਫੌਜੀ ਤਾਕਤ ਅਤੇ ਖੁਫੀਆ ਤੰਤਰ ਨਾਲ ਸਿੱਖ ਬਗਾਵਤ ਖਿਲਾਫ ਲੜਾਈ ਲੜੀ। ਇਸ ਦੌਰਾਨ ਭਾਰਤੀ ਸਟੇਟ ਨੇ ਜਿੱਥੇ ਸਾਰੇ ਕੌਮਾਂਤਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਵੱਡੇ ਪੱਧਰ 'ਤੇ ਮਨੁੱਖੀ ਹੱਕਾਂ ਦਾ




ਘਾਣ ਕੀਤਾ ਤੇ ਆਮ ਲੋਕਾਂ 'ਤੇ ਜ਼ੁਲਮ ਕੀਤਾ ਉੱਥੇ ਸਿੱਖ ਲਹਿਰ ਨੂੰ ਮਿਲ ਰਹੇ ਲੋਕਾਂ ਦੇ ਸਮਰਥਨ ਨੂੰ ਤੋੜਨ ਲਈ ਖੁਫੀਆ ਤੰਤਰ ਦੀ ਪੂਰੀ ਵਰਤੋਂ ਕੀਤੀ।

ਪੰਜਾਬ ਦੇ ਪੱਧਰੇ ਇਲਾਕੇ ਵਿਚ ਚੱਲ ਰਹੀ ਇਸ ਲੜਾਈ ਅੰਦਰ ਸਰਕਾਰ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਲੋਕ ਸਿੱਖ ਖਾੜਕੂਆਂ ਨੂੰ ਆਪਣੇ ਰਾਖੇ ਸਮਝ ਕੇ ਘਰਾਂ ਵਿਚ ਠਾਹਰਾਂ ਦਿੰਦੇ। ਇਸ ਸਮਰਥਨ ਨੂੰ ਤੋੜਨ ਲਈ ਸਰਕਾਰ ਨੇ ਦੋ ਪੱਤੇ ਖੇਡੇ। ਇਕ ਬਲੈਕ ਕੈਟ ਦਾ ਪੱਤਾ ਅਤੇ ਦੂਜਾ ਸਿੱਖ ਖਾੜਕੂਆਂ ਨੂੰ ਹਿੰਦੂਆਂ ਦੇ ਕਾਤਲ ਸਾਬਤ ਕਰਨ ਦਾ ਪੱਤਾ। ਇਸ ਲਈ ਪੰਜਾਬ ਵਿਚ ਕਈ ਥਾਵਾਂ 'ਤੇ ਹਿੰਦੂਆਂ ਦੇ ਕਤਲ ਹੋਏ। ਇਹ ਪੱਤਾ ਇਸ ਲਈ ਖਤਰਨਾਕ ਸੀ ਕਿਉਂਕਿ ਇਸ ਨਾਲ ਜਿੱਥੇ ਹਿੰਦੂ ਸਮਾਜ ਪੂਰੀ ਤਰ੍ਹਾਂ ਭਾਰਤੀ ਸਟੇਟ ਦੇ ਪੱਖ ਵਿਚ ਖੜ੍ਹ ਗਿਆ ਉੱਥੇ ਹੀ ਸਿੱਖ ਸਮਾਜ ਵਿਚ ਵੀ ਖਾੜਕੂਆਂ ਪ੍ਰਤੀ ਨਕਾਰਾਤਮਿਕਤਾ ਫੈਲੀ। ਭਾਰਤ ਸਰਕਾਰ ਦੀ ਇਸ ਚਾਲ ਦਾ ਸਭ ਤੋਂ ਕਾਰਗਰ ਜਵਾਬ ਭਾਈ ਜੁਗਰਾਜ ਸਿੰਘ ਤੂਫਾਨ ਨੇ ਦਿੱਤਾ। ਭਾਈ ਜੁਗਰਾਜ ਸਿੰਘ ਤੂਫਾਨ ਨੇ ਉਹਨਾਂ ਦੇ ਇਲਾਕੇ ਵਿਚੋਂ ਭੱਜ ਰਹੇ ਹਿੰਦੂਆਂ ਨੂੰ ਮੁੜ ਪਿੰਡਾਂ ਵਿਚ ਵਸਾਇਆ ਅਤੇ ਉਹਨਾਂ ਨੂੰ ਸੁਰੱਖਿਆ ਦਾ ਪੂਰਨ ਭਰੋਸਾ ਦਿੱਤਾ। ਇਸ ਰਾਖੀ ਨੀਤੀ ਨਾਲ ਜੁੜੀਆਂ ਅੱਜ ਵੀ ਬਹੁਤ ਕਹਾਣੀਆਂ ਲੋਕਾਂ ਦੀ ਜ਼ੁਬਾਨ 'ਤੇ ਹਨ।

ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਨੇ ਬਾਗੀ ਤੋਂ ਲੋਕ ਆਗੂ ਤਕ ਦਾ ਸਫਰ ਪੂਰਾ ਕੀਤਾ। ਇਸ ਦਾ ਪ੍ਰਮਾਣ ਭਾਈ ਜੁਗਰਾਜ ਸਿੰਘ ਤੂਫਾਨ ਦੀ ਸ਼ਹਾਦਤ ਦਾ ਮੌਕਾ ਬਣਿਆ। ਜਦੋਂ ਭਾਰਤ ਸਰਕਾਰ ਦੀਆਂ ਸੁਰੱਖਿਆ ਫੋਰਸਾਂ ਨੇ 8 ਅਪ੍ਰੈਲ 1990 ਨੂੰ ਭਾਈ ਜੁਗਰਾਜ ਸਿੰਘ ਤੂਫਾਨ ਨੂੰ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਤਾਂ ਭਾਈ ਤੂਫਾਨ ਅਤੇ ਉਹਨਾਂ ਦੇ ਨਾਲ ਸ਼ਹੀਦ ਹੋਏ ਭਾਈ ਬਖ਼ਸ਼ੀਸ਼ ਸਿੰਘ ਦੀਆਂ ਮ੍ਰਿਤਕ ਦੇਹਾਂ ਲੈਣ ਲਈ ਲੋਕਾਂ ਦਾ ਹਜ਼ੂਮ ਹਰਗੋਬਿੰਦਪੁਰ ਥਾਣੇ ਅੱਗੇ ਇਕੱਠਾ ਹੋਣਾ ਸ਼ੁਰੂ ਹੋ ਗਿਆ। ਲੋਕ ਦੂਰੋਂ ਪਿੰਡਾਂ ਕਸਬਿਆਂ ਤੋਂ ਵੀ ਟਰੈਕਟਰ ਟਰਾਲੀਆਂ ਟਰੱਕਾਂ 'ਤੇ ਆ ਪਹੁੰਚੇ। ਪੁਲਿਸ ਨੂੰ ਸ੍ਰੀ ਹਰਿਗੋਬਿੰਦਪੁਰ ਵਿਚ ਕਰਫਿਊ ਲਾਉਣਾ ਪਿਆ ਪਰ ਲੋਕ ਥਾਣੇ ਅੱਗੇ ਹੋਰ ਜੁੜ ਰਹੇ ਸਨ।

ਚੰਡੀਗੜ੍ਹ ਤੋਂ ਲੈ ਕੇ ਦਿੱਲੀ ਤੱਕ ਹਕੂਮਤ ਚਿੰਤਤ ਸੀ ਕਿ ਇਸ ਖ਼ਾਲਿਸਤਾਨੀ ਖਾੜਕੂ ਦੀ ਲਾਸ਼ ਦੀ ਮੰਗ ਕਰ ਰਹੇ ਸਿੱਖਾਂ ਵਿਚ ਹਿੰਦੂ ਮਰਦ ਤੇ ਔਰਤਾਂ ਵੀ ਬਰਾਬਰ ਸ਼ਾਮਲ ਸਨ। ਆਖਰ ਲੋਕਾਂ ਦੇ ਰੋਹ ਦੇ ਤੂਫਾਨ ਅੱਗੇ ਪੁਲਿਸ ਨੂੰ ਝੁਕਣਾ ਪਿਆ ਤੇ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਤੇ ਸ਼ਹੀਦ ਭਾਈ ਬਖ਼ਸ਼ੀਸ਼ ਸਿੰਘ ਦੀਆਂ ਮ੍ਰਿਤਕ ਦੇਹਾਂ ਲੋਕਾਂ ਨੂੰ ਦੇਣੀਆਂ ਪਈਆਂ। ਇਸ ਤੋਂ ਬਾਅਦ ਵੱਡੇ ਇਕੱਠ ਵਿਚ ਵਿਚ ਦੋਵੇ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਨੂੰ ਥਾਣਾ ਅੰਮ੍ਰਿਤਸਰ ਕੋਤਵਾਲੀ ਤੋਂ ਗੁਰਦੁਆਰਾ ਨਾਨਕਸਰ ਵੇਰਕਾ ਵਿਖੇ ਲਿਜਾਇਆ ਗਿਆ। ਸਿੱਖਾਂ ਦੇ ਨਾਲ-ਨਾਲ ਹਿੰਦੂਆਂ ਨੇ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ ਤੇ ਸ਼ਹੀਦ ਭਾਈ ਬਖ਼ਸ਼ੀਸ਼ ਸਿੰਘ ਜੀ ਦੇ ਸਰੀਰਾਂ ਉਪਰ ਸ਼ਰਧਾ ਨਾਲ ਬਸਤਰ ਅਤੇ ਫੁੱਲ ਭੇਟ ਕੀਤੇ। ਇਸੇ ਤਰ੍ਹਾਂ ਦਾ ਵੱਡਾ ਇਕੱਠ ਇਹਨਾਂ ਸ਼ਹੀਦਾਂ ਦੇ ਅਸਤ ਪਾਉਣ ਮੌਕੇ ਹੋਇਆ। ਭਾਈ ਜੁਗਰਾਜ ਸਿੰਘ ਤੂਫਾਨ ਦੇ ਪਿੰਡ ਚੀਮਾ ਖ਼ੁੱਡੀ ਵਿਖੇ ਜਦੋਂ ਅੰਤਿਮ ਅਰਦਾਸ ਹੋਈ ਤਾਂ ਉਸ ਮੌਕੇ ਹੋਏ ਹਜ਼ਾਰਾਂ ਦੇ ਇਕੱਠ ਵਿਚ ਇਲਾਕੇ ਦਾ ਹਿੰਦੂ ਆਗੂ ਦਰਸ਼ਨ ਲਾਲ ਚੋਪੜਾ ਵੀ ਸ਼ਾਮਲ ਹੋਇਆ।

ਭਾਈ ਜੁਗਰਾਜ ਸਿੰਘ ਤੂਫਾਨ ਖਾਲਿਸਤਾਨ ਸੰਘਰਸ਼ ਦਾ ਉਹ ਆਗੂ ਹੈ ਜੋ ਭਾਰਤ ਸਰਕਾਰ ਦੇ ਉਸ ਪ੍ਰਾਪੇਗੰਡੇ ਨੂੰ ਤੋੜਦਾ ਹੈ ਕਿ ਖਾਲਿਸਤਾਨ ਦੀ ਲੜਾਈ ਹਿੰਦੂ ਵਿਰੋਧੀ ਹੈ। ਖਾਲਿਸਤਾਨ ਦੀ ਲੜਾਈ ਤਾਂ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਨਾਲ ਸ਼ੁਰੂ ਹੋ ਗਈ ਸੀ ਜਿਸ ਦਾ ਐਲਾਨ ਗੁਰੂ ਪਾਤਸ਼ਾਹ ਨੇ ਬਾਬਰ ਨਾਲ ਗੱਲ ਕਰਦਿਆਂ ਕਰ ਦਿੱਤਾ ਸੀ ਕਿ ਇਸ ਧਰਤੀ 'ਤੇ ਉਹ ਅਜਿਹਾ ਖਾਲਸਾ ਪ੍ਰਗਟ ਕਰਨਗੇ ਜੋ ਜ਼ਾਲਮਾਂ ਦੇ ਰਾਜ ਖਤਮ ਕਰਕੇ ਅਕਾਲ ਦੇ ਰਾਜ ਦਾ ਝੰਡਾ ਝੁਲਾਏਗਾ। ਇਸ ਰਾਜ ਦੀ ਭਾਵਨਾ ਉਹ ਹੀ ਹੈ ਜੋ ਗੁਰੂ ਨਾਨਕ ਪਾਤਸ਼ਾਹ ਨੇ ਬਖ਼ਸ਼ੀ, ਸਮੇਂ ਪਰ ਸਮੇਂ ਇਸ ਰਾਜ ਦੇ ਨਾਂ ਸਿੱਖ ਰਾਜ, ਖਾਲਸਾ ਰਾਜ, ਖਾਲਿਸਤਾਨ ਜ਼ਰੂਰ ਹੁੰਦੇ ਰਹੇ। ਭਾਰਤ ਸਰਕਾਰ ਖਿਲਾਫ ਖਾਲਿਸਤਾਨ ਦੇ ਨਾਂ ਹੇਠ ਲੜਿਆ ਜਾ ਰਿਹਾ ਸਿੱਖ ਰਾਜ ਦਾ ਸੰਘਰਸ਼ ਆਪਣੀ ਨਿਰੰਤਰਤਾ ਵਿਚ ਹੈ।


HAPPY VAISAKHI
ਖਾਲਸਾ ਸਾਜਨਾ ਦਿਵਸ
ਵਿਸਾਖੀ
ਦੀਆਂ ਲੱਖ ਲੱਖ ਵਧਾਈਆਂ
AtoZ
A to Z
Driving School
ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ ਅਤੇ
ਲਰਨਿੰਗ ਲਾਇਸੈਂਸ ਪਹਿਲੀ ਵਾਰ 'ਚ ਪਾਸ ਕਰੋ
CLASS 1, 2, 3, 4, 5, 6 & 7 LEARNING LICENSE
ਲੈਣ ਲਈ ਕੋਈ ਫਿਕਰ ਨਾ ਕਰੋ, ਸਾਡੀਆਂ ਬੇਹਤਰੀਨ ਸੇਵਾਵਾਂ ਤੁਹਾਨੂੰ ਸਫ਼ਲਤਾ ਦਿਵਾਉਣ 'ਚ ਮਦਦਗਾਰ ਹੋਣਗੀਆਂ
ਸਾਰੇ ਟੈਸਟ ਪੰਜਾਬੀ ਵਿੱਚ ਕੰਪਿਊਟਰ ਤੇ ਕਰਵਾਉਂਦੇ ਹਾਂ
NSC ਟੈਸਟ ਅਤੇ ਸਿਟੀਜਨਸ਼ਿਪ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ।
604-614-5365
Unit 15-8388 128 Street, Surrey behind Grand Taj

# ਸਿੱਖ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਨੂੰ ਜਾਨੋਂ ਮਾਰਨ ਦੀ ਧਮਕੀ: ਪੁਲਿਸ ਨੇ ਜਾਰੀ ਕੀਤਾ ਅਲਰਟ

ਸਰੀ : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਭਾਰਤ ਫੇਰੀ ਰਾਹੀਂ ਦੁਵੱਲੇ ਸਬੰਧਾਂ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਦੇ ਮਹਿਜ਼ ਇੱਕ ਮਹੀਨੇ ਬਾਅਦ ਹੀ ਕੈਨੇਡਾ ਵਿੱਚ ਇੱਕ ਹੋਰ ਸਿੱਖ ਕਾਰਕੁਨ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਸਰੀ ਪੁਲਿਸ ਨੇ ਖਾਲਿਸਤਾਨ ਪੱਖੀ ਕਾਰਕੁਨ ਨਰਿੰਦਰ ਸਿੰਘ ਰੰਧਾਵਾ ਨੂੰ ਉਹਨਾਂ ਦੀ ਜਾਨ 'ਤੇ ਬਣੇ ਇੱਕ ਤਤਕਾਲ ਖਤਰੇ ਬਾਰੇ ਰਸਮੀ ਤੌਰ 'ਤੇ ਚੇਤਾਵਨੀ ਦਿੱਤੀ ਹੈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਦੋਵਾਂ ਦੇਸ਼ਾਂ ਦਰਮਿਆਨ ਕੂਟਨੀਤਕ ਸਬੰਧਾਂ ਨੂੰ ਮੁੜ ਪਟੜੀ 'ਤੇ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਰੰਧਾਵਾ ਅਨੁਸਾਰ 11 ਅਪ੍ਰੈਲ 2026 ਨੂੰ ਪੁਲਿਸ ਨੇ ਉਹਨਾਂ ਦੇ ਘਰ ਆ ਕੇ ਇਸ ਖਤਰੇ ਬਾਰੇ ਜਾਣਕਾਰੀ ਦਿੱਤੀ ਸੀ।

ਨਰਿੰਦਰ ਸਿੰਘ ਰੰਧਾਵਾ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਖਾਲਿਸਤਾਨੀ ਸਰਗਰਮੀਆਂ ਵਿੱਚ ਸਰਗਰਮ ਰਹੇ ਹਨ ਅਤੇ ਭਾਰਤ ਸਰਕਾਰ ਦੇ ਸਖ਼ਤ ਆਲੋਚਕ ਮੰਨੇ ਜਾਂਦੇ ਹਨ। ਉਹਨਾਂ ਨੇ ਪਿਛਲੇ ਕੁਝ ਸਾਲਾਂ ਵਿੱਚ ਕੈਨੇਡਾ ਵਿੱਚ ਹੋਏ ਖਾਲਿਸਤਾਨ ਰੈਫਰੈਂਡਮ ਦੇ ਪ੍ਰਬੰਧਾਂ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਰੰਧਾਵਾ ਅਨੁਸਾਰ ਪੁਲਿਸ ਨੇ 'ਡਿਊਟੀ ਟੂ ਵਾਰਨ' ਨੋਟੀਫਿਕੇਸ਼ਨ ਤਹਿਤ ਉਹਨਾਂ ਨੂੰ ਸੁਚੇਤ ਕੀਤਾ ਹੈ, ਹਾਲਾਂਕਿ ਪੁਲਿਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਸ ਖਤਰੇ ਪਿੱਛੇ ਕੌਣ ਹੈ। ਰੰਧਾਵਾ ਦਾ ਦਾਅਵਾ ਹੈ ਕਿ ਇਹ ਧਮਕੀ ਭਾਰਤ ਸਰਕਾਰ ਦੇ ਏਜੰਟਾਂ ਵੱਲੋਂ ਦਿੱਤੀ ਗਈ ਹੈ, ਕਿਉਂਕਿ ਉਹ ਲਗਾਤਾਰ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਦੇ ਬਾਹਰ ਪ੍ਰਦਰਸ਼ਨ ਕਰਦੇ ਰਹੇ ਹਨ।

ਰੰਧਾਵਾ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਹਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਹ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਭਾਰਤੀ ਡਿਪਲੋਮੈਟਾਂ ਵਿਰੁੱਧ ਕਾਰਵਾਈ ਦੀ ਮੰਗ ਕਰ ਰਹੇ ਹਨ। ਉਹਨਾਂ ਨੇ ਦੱਸਿਆ ਕਿ ਪੁਲਿਸ ਪਿਛਲੇ ਕੁਝ ਸਮੇਂ ਤੋਂ ਉਹਨਾਂ ਦੀ ਸੁਰੱਖਿਆ ਲਈ ਉਹਨਾਂ ਦਾ ਪਿੱਛਾ ਵੀ ਕਰ ਰਹੀ ਹੈ।

ਆਪਣੀ ਜਾਨ ਨੂੰ ਖਤਰਾ ਹੋਣ ਦੇ ਬਾਵਜੂਦ ਰੰਧਾਵਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੀਆਂ ਸਰਗਰਮੀਆਂ ਅਤੇ ਪ੍ਰਦਰਸ਼ਨਾਂ ਨੂੰ ਬੰਦ ਨਹੀਂ ਕਰਨਗੇ। ਉਹਨਾਂ ਅਨੁਸਾਰ ਭਾਰਤ ਉਹਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਹ ਆਪਣੀ ਮੁਹਿੰਮ ਜਾਰੀ ਰੱਖਣਗੇ। ਪਰ ਰੰਧਾਵਾ ਨੂੰ ਮਿਲੀ ਇਹ ਨਵੀਂ ਧਮਕੀ ਦਰਸਾਉਂਦੀ ਹੈ ਕਿ ਜ਼ਮੀਨੀ ਪੱਧਰ 'ਤੇ ਸਥਿਤੀ ਅਜੇ ਵੀ ਤਣਾਅਪੂਰਨ ਹੈ। ਰੰਧਾਵਾ ਤੋਂ ਪਹਿਲਾਂ ਸਿੱਖ ਫੈਡਰੇਸ਼ਨ ਆਫ ਕੈਨੇਡਾ ਦੇ ਮੁਖੀ ਮੋਨਿੰਦਰ ਸਿੰਘ ਨੂੰ ਵੀ ਪੁਲਿਸ ਵੱਲੋਂ ਇਸੇ ਤਰ੍ਹਾਂ ਦੀ ਚੇਤਾਵਨੀ ਦਿੱਤੀ ਗਈ ਸੀ। ਪੁਲਿਸ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਨਿੱਜੀ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਪਰ ਸਰੀ ਪੁਲਿਸ ਦੇ ਸਰਜੈਂਟ ਟਾਈਗ ਪੋਲਕ ਨੇ ਪੁਸ਼ਟੀ ਕੀਤੀ ਹੈ ਕਿ ਅਜਿਹੇ ਨੋਟਿਸ ਨਿੱਜੀ ਸੁਰੱਖਿਆ ਦਾ ਹਿੱਸਾ ਹੁੰਦੇ ਹਨ।

idea immigration
Super Visas
PNPs
iccrc crcic
EXPRESS ENTRY
Canada's Express Entry immigration
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ,ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਨੂੰ ਕੈਨੇਡਾ ਬੁਲਾਓ। ਵਰਕ ਪਰਮਿਟ ਤੇ ਫੈਮਲੀ ਵੀ ਨਾਲ ਆ ਸਕਦੀ ਹੈ।
- ਵਿਆਹ ਸ਼ਾਦੀਆਂ ਤੇ ਰਫਿਊਜੀ ਕੇਸਾਂ 'ਚ ਅਪੀਲ
ਆਪਣੇ ਮਾਤਾ -ਪਿਤਾ ਨੂੰ ਕੈਨੇਡਾ ਵਿੱਚ ਪੱਕੇ ਕਰਵਾਉਣ ਲਈ
- ਕੈਨੇਡਾ ਦੇ ਆਰਜ਼ੀ ਵੱਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
- ਇੰਜੀਨੀਅਰ, ਕੰਪਿਊਟਰ ਪ੍ਰੋਗਰਾਮਰ, ਟਰੱਕ ਡਰਾਇਵਰਾਂ ਦੀ ਜ਼ਰੂਰਤ
- ਕੈਨੇਡਾ ਦੇ ਇੰਮੀਗ੍ਰੇਸ਼ਨ ਮਹਿਕਮੇਂ ਵੱਲੋਂ ਅਰਜ਼ੀਆਂ ਲੈਣੀਆਂ ਸ਼ੁਰੂ
- ਵਿਜ਼ਟਰ ਵੀਜ਼ੇ ਤੇ ਆਏ , ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ



ਹੋਰ ਜਾਣਕਾਰੀ ਲਈ ਸੰਪਰਕ ਕਰੋ:
NAVNEET SHARMA
778-320-0620
Phone :604-597-1119 | Fax:604-593-5099
York Centre#209-7928, 128St. Surrey BC V3W 4E8
info@ideaimmigration.com | www.ideaimmigration.com

SCOTT-75 MEDICAL CLINIC SURREY



DOCTORS AVAILABLE
Clinic Hours: Monday To Friday
9:00 AM To 4:00 PM
#102-8585 160St Surrey, BC V4N 0Y3
7500-120th Street , Unit 113 Surrey ,B.C. V3W 3N1
BOOK YOUR VISIT ONLINE
Go to fleetwood.cortico.ca ⇨ Scott 75 medical ⇨ Dr. Marotta walk in ⇨ Enter your info ⇨ Book your meet and greet visit.
YOUR HEALTH IS OUR PRIORITY
Ph:604-503-1159
E-mail : fleetwoodmedical102@gmail.com




# 1978 ਦੀ ਵਿਸਾਖੀ ਸਾਕੇ ਦੇ ਸ਼ਹੀਦ

13 ਅਪ੍ਰੈਲ 1978 ਵਾਲੇ ਦਿਨ ਨਕਲੀ ਨਿਰੰਕਾਰੀ ਮੁਖੀ ਜੋ ਕਿ ਅੰਮ੍ਰਿਤਸਰ ਵਿਖੇ ਆਪਣੇ ਕੁਸਤਸੰਗ ਵਿਚ ਸਤਿਗੁਰਾਂ ਦਾ ਅਪਮਾਨ ਕਰ ਰਿਹਾ ਸੀ ਤਾਂ 'ਗੁਰ ਕੀ ਨਿੰਦਾ ਸੁਨੈ ਨ ਕਾਨ' ਦੇ ਕਥਨ ਅਨੁਸਾਰ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਅਤੇ ਅਖੰਡ ਕੀਰਤਨੀ ਜਥੇ ਦੇ ਭਾਈ ਫੌਜਾ ਸਿੰਘ ਹੋਰਾਂ ਦੀ ਅਗਵਾਈ 'ਚ ਸਿੰਘਾਂ ਦਾ ਇਕ ਸ਼ਾਂਤਮਈ ਜਥਾ ਇਸ ਕੂੜ ਸਮਾਗਮ ਦੇ ਵਿਰੋਧ ਲਈ ਤੁਰਿਆ, ਪਰ ਜਿਸ ਵੇਲੇ ਸਿੰਘਾਂ ਨੇ ਆਣ ਕੇ ਨਕਲੀ ਨਿਰੰਕਾਰੀ ਮੁਖੀ ਗੁਰਬਚਨੇ ਨੂੰ ਗੁਰੂ ਸਾਹਿਬਾਨ ਦੀ ਬੇਅਦਬੀ ਕਰਨ ਤੋਂ ਵਰਜਿਆ ਤਾਂ ਇਸ ਦਾ ਜਵਾਬ ਉਨ੍ਹਾਂ ਨੇ ਸਿੰਘਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਦਿੱਤਾ, ਜਿਸ ਕਾਰਨ ਦੋਹਾਂ ਜਥੇਬੰਦੀਆਂ ਦੇ 13 ਸਿੰਘ ਸ਼ਹੀਦ ਤੇ 80 ਦੇ ਕਰੀਬ ਸਿੰਘ ਜ਼ਖਮੀ ਹੋ ਗਏ।

**ਸਾਕੇ ਦੇ 13 ਸ਼ਹੀਦ ਸਿੰਘਾਂ ਬਾਰੇ ਸੰਖੇਪ ਜਾਣਕਾਰੀ :**

### 1. "ਸ਼ਹੀਦ ਭਾਈ ਫੌਜਾ ਸਿੰਘ ਜੀ"

ਰਾਵੀ ਦੇ ਕੰਢੇ 'ਖਾਲਸਾ ਫਾਰਮ' ਜ਼ਿਲ੍ਹਾ ਗੁਰਦਾਸਪੁਰ ਵਿਖੇ ਸ. ਸੁਰੈਣ ਸਿੰਘ ਜੀ ਦੇ ਘਰ 17 ਮਈ 1936 ਨੂੰ ਭਾਈ ਫੌਜਾ ਸਿੰਘ ਜੀ ਦਾ ਜਨਮ ਹੋਇਆ। ਦਸਵੀਂ ਪਾਸ ਕਰਕੇ ਖਾਲਸਾ ਕਾਲਜ ਵਿਚ ਦਾਖਲ ਹੋਏ। ਸੰਸਾਰਕ ਜੀਵਨ ਵੱਲੋਂ ਉਚਾਟ ਆਤਮਾ ਨੇ ਦੋ ਸਾਲ ਲਈ ਆਗਿਆਤਵਾਸ ਲੈ ਲਿਆ। ਸੰਨ 1964 ਵਿਚ ਅਖੰਡ ਕੀਰਤਨੀ ਜਥੇ ਤੋਂ ਅੰਮ੍ਰਿਤਪਾਨ ਕੀਤਾ ਤੇ 1965 ਵਿਚ ਆਪ ਜੀ ਦਾ ਅਨੰਦ ਕਾਰਜ ਬੀਬੀ ਅਮਰਜੀਤ ਕੌਰ ਜੀ ਨਾਲ ਹੋਇਆ। ਆਪ 28 ਸਾਲ ਖਾਲਸਾਈ ਵਰਦੀ ਵਿਚ ਰਹੇ। ਗਤਕੇ ਦੇ ਬੜੇ ਮਾਹਿਰ ਸਨ। ਬੜੇ ਹੀ ਤਪੱਸਵੀ ਤੇ ਉਦਾਰ ਚਿਤ ਵਾਲੇ ਸਨ। ਸਿੰਘਾਂ ਨੂੰ ਬਹੁਤ ਪਿਆਰ ਕਰਦੇ ਸਨ। 'ਬੀਰ ਰਸ' ਤੇ 'ਨਾਮ ਰਸ' ਆਪ ਜੀ ਦੀ ਜੀਵਨ ਨਦੀ ਦੇ ਦੋ ਕਿਨਾਰੇ ਸਨ।

ਆਪ ਖੇਤੀ ਇੰਸਪੈਕਟਰ ਸਨ। ਆਪ ਕਹਿੰਦੇ ਹੁੰਦੇ ਸਨ, ''ਜੋ ਅਸੀਂ ਆਪਣੇ 'ਤੇ ਖਰਚ ਕਰਦੇ ਹਾਂ ਉਹ ਸਭ ਵਿਅਰਥ ਹੈ, ਤੇ ਜੋ ਗੁਰਸਿੱਖਾਂ ਦੀ ਟਹਿਲ ਸੇਵਾ ਲਈ ਖਰਚ ਕਰਦੇ ਹਾਂ ਉਹ ਸਫਲ ਹੈ।'' ਉਨ੍ਹਾਂ ਦੇ ਆਮ ਬਚਨ ਹੁੰਦੇ ਸਨ ਕਿ, ''ਖਾਲਸਾ ਪੰਥ ਨੂੰ ਦਸਮੇਸ਼ ਪਿਤਾ ਨੇ ਖੂਨ ਦੇ ਕੇ ਸਿੰਜਿਆ ਹੈ ਤੇ ਜਦੋਂ ਇਸ ਨੂੰ ਔੜ ਪੈਂਦੀ ਹੈ ਤਾਂ ਖੂਨ ਨਾਲ ਹੀ ਸਿੰਜਣਾ ਪੈਂਦਾ ਹੈ। ਇਹ ਔੜ ਚੱਕਰ 40 ਵਰ੍ਹਿਆਂ ਪਿੱਛੋਂ ਜ਼ਰੂਰ ਚੱਲਦਾ ਹੈ।''

1972 ਵਿਚ ਮਿਸਰੀ ਬਾਜ਼ਾਰ, ਅੰਮ੍ਰਿਤਸਰ ਵਿਖੇ ਅਤੇ 1975 ਵਿਚ ਗੁਰਦੁਆਰਾ ਭਾਈ ਸਾਹਲੋ ਜੀ ਵਿਖੇ ਹੋਈਆਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਦੀਆਂ ਘਟਨਾਵਾਂ ਨੇ ਆਪ ਦੀਆਂ ਅੱਖਾਂ ਵਿਚ ਲਹੂ ਦੇ ਹੰਝੂ ਲੈ ਆਂਦੇ। ਆਪ ਨੇ ਨਵਾਂ ਪ੍ਰੋਗਰਾਮ ਉਲੀਕਿਆ। ਥਾਂ-ਥਾਂ 'ਤੇ ਹੁਦੀਆਂ ਅਜਿਹੀਆਂ ਸ਼ਰਾਰਤਾਂ ਨੂੰ ਰੋਕਣ ਲਈ ਆਪ ਨੇ ਕਮਰਕੱਸਾ ਕੱਸਿਆ। ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਦੰਭੀ ਗੁਰੂ ਨਕਲੀ ਨਿਰੰਕਾਰੀ ਗੁਰਬਚਨ ਸਿਹੁੰ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਕੀਤੇ ਜਾ ਰਹੇ ਸ਼ਬਦ ਗੁਰੂ ਦੇ ਘੋਰ ਅਪਮਾਨ ਨੂੰ ਰੋਕਣ ਹਿਤ ਕੁਰਬਾਨੀ ਦਿੱਤੀ। ਆਪ ਦੇ ਜਿਸਮ ਨੂੰ 16 ਗੋਲੀਆਂ ਗੱਲੀਆਂ। ਆਖਰੀ ਗੋਲੀ ਡੀ.ਐਸ. ਪੀ. ਜੋਸ਼ੀ ਨੇ ਆਪ ਦੇ ਸਿਰ ਵਿਚ ਮਾਰ ਕੇ ਆਪ ਨੂੰ ਸ਼ਹੀਦ ਕਰ ਦਿੱਤਾ।

ਸ਼ਹੀਦੀ ਤੋਂ ਅੱਠ ਮਹੀਨੇ ਪਹਿਲਾਂ ਆਪ ਨੇ ਇਕ ਕਵਿਤਾ 'ਕੁਰਬਾਨੀ' ਨਾਮ ਦੀ ਗੁਰਦਾਸਪੁਰ ਜੇਲ੍ਹ ਵਿਚ ਲਿਖੀ ਸੀ, ਜਿਸ ਦੀ ਆਖਰੀ ਪੰਕਤੀ ਹੈ :

**''ਜਬ ਆਵ ਕੀ ਅਉਧ ਨਿਧਾਨ ਬਣਸੀ,**
**ਸੀਸ ਤੇਰਾ ਹੈ ਤੈਨੂੰ ਚੜ੍ਹਾ ਦਿਆਂਗੇ।''**

### 2. "ਸ਼ਹੀਦ ਜਥੇਦਾਰ ਰਣਬੀਰ ਸਿੰਘ ਜੀ ਫੌਜੀ"

ਜਥੇਦਾਰ ਰਣਬੀਰ ਸਿੰਘ ਜੀ ਦਾ ਜਨਮ ਜਥੇਦਾਰ ਕਾਲਾ ਸਿੰਘ ਜੀ ਦੇ ਘਰ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ ਹੋਇਆ। ਜਥੇਦਾਰ ਕਾਲਾ ਸਿੰਘ, ਸ਼ਹੀਦ ਭਗਤ ਸਿੰਘ ਦੀ ਜਥੇਬੰਦੀ ਨੌਜਵਾਨ ਸਭਾ ਦੇ ਉੱਘੇ ਮੈਂਬਰ ਸਨ ਤੇ ਜੈਤੋ ਦੇ ਮੋਰਚੇ ਵਿਚ ਸਿੰਘਣੀ ਸਮੇਤ ਕੈਦ ਵੀ ਕੱਟੀ। ਜਥੇਦਾਰ ਰਣਬੀਰ ਸਿੰਘ ਜੀ ਨੇ 6 ਸਾਲ ਦੀ ਉਮਰ ਵਿਚ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਜਥੇ ਤੋਂ ਅੰਮ੍ਰਿਤਪਾਨ ਕੀਤਾ। ਆਪ ਜੀ ਪੰਜ ਗ੍ਰੰਥੀ ਦੇ ਨਿਤਨੇਮੀ ਸਨ। 20 ਸਾਲ ਫੌਜੀ ਜੀਵਨ ਬਿਤਾ ਕੇ ਲਦਾਰੀ ਪੈਨਸ਼ਨ ਆਏ ਤਾਂ ਸੰਤ ਕਰਤਾਰ ਸਿੰਘ ਜੀ ਖਾਲਸਾ ਜਥਾ ਭਿੰਡਰਾਂ ਮਹਿਤਾ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਉਸਾਰੀ ਲਈ ਜਥੇਦਾਰ ਨਿਯੁਕਤ ਕਰ ਦਿੱਤਾ। ਆਪ ਜੀ ਨੇ ਆਪਣੀ ਪੈਨਸ਼ਨ, ਟਰੈਕਟਰ ਟਰਾਲੀ ਵੀ ਵੇਚ ਕੇ ਸੇਵਾ ਵਿਚ ਲਾ ਦਿੱਤਾ। ਆਪ ਜੀ ਸੰਤ ਜਰਨੈਲ ਸਿੰਘ ਜੀ ਦੇ ਅਤੀ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਨ। 11 ਅਪ੍ਰੈਲ 1978 ਨੂੰ ਆਪ ਨੇ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਬਾਉਲੀ ਸਾਹਿਬ ਵਿਖੇ ਪੌੜੀਆਂ 'ਤੇ 84 ਪਾਠ ਸ੍ਰੀ ਜਪੁਜੀ ਸਾਹਿਬ ਦੇ ਕਰ ਕੇ ਅਰਦਾਸ ਕੀਤੀ ਕਿ 'ਸਤਿਗੁਰੂ ਜੀ, ਚੌਰਾਸੀ ਦਾ ਪਿਛਲਾ ਲੇਖਾ ਤਾਂ ਨਿਬੜ ਗਿਆ, ਹੁਣ ਇਸ ਨਿਮਾਣੇ ਸਰੀਰ ਨੂੰ ਵੀ ਲੇਖੇ ਲਾ ਲਵੋ।' ਅਰਦਾਸ ਸੁਣੀ ਗਈ ਤੇ ਆਪ ਜੀ 1978 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਸ਼ਹੀਦ ਹੋ ਗਏ।

### 3. "ਸ਼ਹੀਦ ਭਾਈ ਅਵਤਾਰ ਸਿੰਘ ਜੀ ਕੁਰਾਲਾ"

ਆਪ ਜੀ ਦਾ ਜਨਮ ਸੰਨ 1912 ਵਿਚ ਸ. ਭਗਵਾਨ ਸਿੰਘ ਜੀ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ ਪਿੰਡ ਕੁਰਾਲਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਨੂੰ ਫੌਜ ਵਿਚ ਬਹਾਦਰੀ ਦਿਖਾਉਣ ਤੇ ਜ਼ਿਲ੍ਹਾ ਮਿੰਟਗੁਮਰੀ (ਪਾਕਿਸਤਾਨ) ਵਿਖੇ ਮੁਰੱਬੇ ਮਿਲੇ ਹੋਏ ਸਨ। ਆਪ ਸਾਰੇ ਪਰਿਵਾਰ ਨਾਲ ਉਥੇ ਚਲੇ ਗਏ ਤੇ ਉਥੇ ਹੀ ਦਸਵੀਂ ਤੱਕ ਵਿੱਦਿਆ ਪ੍ਰਾਪਤ ਕੀਤੀ। ਉਪਰੰਤ ਆਪ ਦਾ ਅਨੰਦ ਕਾਰਜ ਬੀਬੀ ਗੁਰਚਰਨ ਕੌਰ ਨਾਲ ਹੋਇਆ। ਪੰਜਾਬ ਦੇ ਬਟਵਾਰੇ ਤੋਂ ਬਾਅਦ ਮੁੜ ਪੁਰਾਣੇ ਪਿੰਡ ਕੁਰਾਲੇ ਆ ਗਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਦਾ ਗੂੜ੍ਹਾ ਰੰਗ ਚੜ੍ਹਿਆ ਤੇ ਗੁਰਮਤਿ ਵਿਚ ਪ੍ਰਪੱਕ ਹੋ ਗਏ।

13 ਅਪ੍ਰੈਲ 1961 ਨੂੰ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ, ਨਾਮ ਬਾਣੀ ਦੇ ਗੂੜ੍ਹੇ ਰੰਗ ਵਿਚ ਰੰਗੇ ਗਏ। ਅਖੰਡ ਕੀਰਤਨੀ ਪ੍ਰੋਗਰਾਮਾਂ ਦੇ ਪੱਕੇ ਸਰੋਤੇ ਸਨ। ਆਪ ਦੇ ਪੰਜ ਸਪੁੱਤਰ ਭਾਈ ਕਿਰਪਾਲ ਸਿੰਘ, ਭਾਈ ਹਰਬਖਸ਼ ਸਿੰਘ, ਭਾਈ ਇਕਬਾਲ ਸਿੰਘ, ਭਾਈ ਰਤਨ ਸਿੰਘ, ਭਾਈ ਹਰਭਜਨ ਸਿੰਘ ਅਤੇ ਸਪੁੱਤਰੀ ਬੀਬੀ ਸੁਰਜੀਤ ਕੌਰ ਜੀ ਹਨ। ਇਸ ਸਾਕੇ ਸਮੇਂ ਇਨ੍ਹਾਂ ਦੇ ਸਪੁੱਤਰ ਭਾਈ ਇਕਬਾਲ ਸਿੰਘ ਵੀ ਨਾਲ ਸਨ ਜੋ ਇਕ ਗੋਲੀ ਤੇ ਇਕ ਤੀਰ ਲੱਗਣ ਨਾਲ ਸਖ਼ਤ ਫੱਟੜ ਹੋ ਗਏ। ਬੁੱਚੜ ਨਰਕਧਾਰੀਆਂ ਨੇ ਜਦੋਂ ਆਪ ਨੂੰ ਗੋਲੀ ਮਾਰੀ ਤਾਂ ਆਪ ਦਾ 66 ਸਾਲਾ ਬਿਰਧ ਸਰੀਰ ਡਿੱਗ ਪਿਆ, ਮੌਕੇ 'ਤੇ ਮੌਜੂਦ ਆਪ ਦੇ ਸਾਥੀਆਂ ਨੇ ਦੱਸਿਆ; ਆਪ ਝੱਟ-ਪੱਟ ਸੰਭਲ ਕੇ ਚੌਂਕੜਾ ਮਾਰ ਬੈਠ ਗਏ, ਅੰਤ ਸਮਾਂ ਨੇੜੇ ਜਾਣ ਕੇ ਸਿਮਰਨ ਵਿਚ ਲੀਨ ਹੋ ਗਏ, ਦੋਖੀ ਡਾਂਗਾਂ ਵਰ੍ਹਾਈ ਗਏ ਤੇ ਆਖਰ ਭਾਈ ਅਵਤਾਰ ਸਿੰਘ ਜੀ ਕੁਰਾਲਾ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਲਈ ਸ਼ਹੀਦ ਹੋ ਗਏ।

### 4. "ਸ਼ਹੀਦ ਭਾਈ ਰਘਬੀਰ ਸਿੰਘ ਜੀ ਭਗੂਪੁਰ"

ਆਪ ਜਾ ਜਨਮ ਪਿੰਡ ਭਗੂਪੁਰ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਵਿਖੇ 10 ਮਾਰਚ 1949 ਨੂੰ ਸ. ਨਵਾਬ ਸਿੰਘ ਜੀ ਦੇ ਗ੍ਰਿਹਿ ਵਿਖੇ ਮਾਤਾ ਪਾਲ ਕੌਰ ਦੀ ਕੁੱਖੋਂ ਹੋਇਆ। ਪਿੰਡ ਵਿਚ ਹੀ ਅੱਠਵੀਂ ਤੱਕ ਪੜ੍ਹਾਈ ਕਰ ਕੇ ਮੁੰਬਈ ਇੰਜਨੀਅਰਿੰਗ ਗਰੁੱਪ ਪੂਨਾ ਵਿਖੇ ਭਰਤੀ ਹੋ ਗਏ। 11 ਅਪ੍ਰੈਲ 1967 ਨੂੰ ਆਪ ਜੀ ਅੰਮ੍ਰਿਤਪਾਨ ਕਰ ਕੇ 'ਖਾਲਸਾ ਅਕਾਲ ਪੁਰਖ ਕੀ ਫੌਜ' ਵਿਚ ਭਰਤੀ ਹੋ ਗਏ ਤੇ 1968 ਵਿਚ ਇੰਜਨੀਅਰਿੰਗ ਗਰੁੱਪ 'ਚੋਂ ਨਾਮ ਕਟਵਾ ਲਿਆ। ਪਟਿਆਲੇ ਆ ਕੇ 'ਸੂਰਾ' ਪ੍ਰਿੰਟਿੰਗ ਪ੍ਰੈਸ ਵਿਚ ਕੰਪੋਜ਼ਿਟਰ ਲੱਗੇ ਤੇ ਨਾਲ ਹੀ ਭਾਈ ਫੌਜਾ ਸਿੰਘ ਨਾਲ ਮਿਲ ਕੇ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸੰਚਾਰ ਕਰਦੇ ਰਹੇ। ਉਪਰੰਤ ਆਪ ਪੰਜਾਬ ਐਂਡ ਸਿੰਧ ਬੈਂਕ ਸੁਨਾਮ ਵਿਚ ਲੱਗ ਗਏ। 1975 ਵਿਚ ਆਪ ਦਾ ਅਨੰਦ ਕਾਰਜ ਬੀਬੀ ਹਰਦੇਵ ਕੌਰ ਜੀ ਨਾਲ ਹੋਇਆ, ਦੋਵੇਂ ਜੀਅ ਨਾਮ ਅਭਿਲਾਸ਼ੀ ਤੇ ਪੱਕੀ ਰਹਿਣੀ ਬਹਿਣੀ ਵਾਲਾ ਜੀਵਨ ਗੁਜ਼ਾਰ ਰਹੇ ਹਨ। 1978 ਨੂੰ ਸ੍ਰੀ ਅੰਮ੍ਰਿਤਸਰ ਪੁੱਜੇ, 'ਗੁਰ ਕੀ ਨਿੰਦਾ ਸੁਨਹਿ ਨ ਕਾਨ' ਦੇ ਸ਼ਬਦਾਂ ਅੰਦਰੋਂ ਵੰਗਾਰ ਪਾਈ ਤਾਂ ਅਕਾਲ ਪੁਰਖ ਦੇ ਭਾਣੇ ਵਿਚ ਸ਼ਹੀਦੀ ਸਾਕੇ ਵਰਤ ਗਏ।

### 5. "ਸ਼ਹੀਦ ਭਾਈ ਕੇਵਲ ਸਿੰਘ"

8 ਮਾਰਚ 1953 ਨੂੰ ਮੁਹੱਲਾ ਪ੍ਰੇਮਗੜ੍ਹ ਹੁਸ਼ਿਆਰਪੁਰ ਨਿਵਾਸੀ ਸ. ਅਮਰ ਸਿੰਘ ਜੀ ਦੇ ਘਰ ਮਾਤਾ ਸਤਿਆ ਕੌਰ ਦੀ ਕੁੱਖੋਂ ਭਾਈ ਕੇਵਲ ਸਿੰਘ ਜੀ ਦਾ ਜਨਮ ਹੋਇਆ। ਆਪ ਦੇ ਪਿਤਾ ਜੀ ਦਾ ਕਲਕੱਤੇ ਵਿਖੇ ਚੰਗਾ ਟਰਾਂਸਪੋਰਟ ਦਾ ਕੰਮ ਚੱਲਦਾ ਸੀ, ਇਸ ਲਈ ਆਪ ਵੀ ਕਲਕੱਤੇ ਚਲੇ ਗਏ। ਦਸਤਕਾਰੀ ਵੱਲ ਰੁਚੀ ਹੋਣ ਕਾਰਨ ਕਿਸ਼ਨ ਗੰਜ (ਬਿਹਾਰ) ਤੋਂ ਮੋਟਰ ਇਲੈਕਟ੍ਰਿਕ ਦਾ ਕੰਮ ਸਿੱਖ ਲਿਆ। 1972 ਵਿਚ ਅੰਮ੍ਰਿਤਪਾਨ ਕੀਤਾ ਤੇ ਪੂਰਨ ਗੁਰਸਿੱਖੀ ਰਹਿਤ ਵਿਚ ਵਿਚਰਨ ਲੱਗੇ, ਦੁਨਿਆਵੀ ਕੰਮਾਂ 'ਚ ਰੁਚੀ ਘੱਟ ਹੀ ਲੈਂਦੇ। ਕਈ ਬਾਣੀਆਂ ਕੰਠ ਕਰ ਲਈਆਂ, ਸਤਿ ਸੰਗਤ, ਕੀਰਤਨ ਸਮਾਗਮਾਂ ਅਤੇ ਸਿਮਰਨ ਸੇਵਾ ਵਿਚ ਡੂੰਘੇ ਉਤਰ ਗਏ। ਕਈ ਵਾਰ ਬਿਮਾਰ ਹੋਏ ਤਾਂ ਅਰਦਾਸਾ ਕਰਦੇ, 'ਹੇ ਸਤਿਗੁਰ! ਇਸ ਮੌਤੇ ਨਹੀਂ ਸਗੋਂ ਸ਼ਹੀਦ ਦੀ ਮੌਤ ਦੇਵੀਂ..।' ਅਰਦਾਸੇ ਉਪਰੰਤ ਠੀਕ ਹੋ ਜਾਂਦੇ ਰਹੇ।

ਆਖਰ ਜਦੋਂ ਨਰਕਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਾਨ ਵਿਰੁੱਧ ਬੁਰਛਾਗਰਦੀ ਸ਼ੁਰੂ ਕੀਤੀ ਤਾਂ ਆਪ ਸ਼ਰਧਾਲੂ ਸਿੰਘਾਂ ਦੇ ਸ਼ਾਂਤਮਈ ਪ੍ਰੋਟੈਸਟ ਵਿਚ ਸ਼ਾਮਲ ਹੋ ਕੇ ਗੁਰੂ ਪ੍ਰੇਮ ਹਿਤ ਸ਼ਹੀਦ ਹੋ ਗਏ। ਜਦੋਂ ਭਾਈ ਫੌਜਾ ਸਿੰਘ ਜੀ ਗੋਲੀਆਂ ਦੀ ਬੁਛਾੜ ਵਿਚ ਆ ਕੇ ਡਿੱਗ ਪਏ ਤਾਂ ਆਪ ਜੀ ਭਾਈ ਫੌਜਾ ਸਿੰਘ ਦੇ ਉਤੇ ਡਿੱਗ ਪਏ ਤਾਂ ਜੋ ਉਨ੍ਹਾਂ ਉਪਰ ਹੋਰ ਵਾਰ ਨਾ ਹੋ ਸਕੇ ਪਰ ਹਤਿਆਰਿਆਂ ਨੇ ਆਪ ਨੂੰ ਵੀ ਗੋਲੀਆਂ ਨਾਲ ਛਾਨਣੀ ਛਾਨਣੀ ਕਰ ਦਿੱਤਾ ਤੇ ਆਪ ਸ਼ਹਾਦਤ ਪਾ ਗਏ।

### 6. "ਸ਼ਹੀਦ ਭਾਈ ਹਰਭਜਨ ਸਿੰਘ ਜੀ"

ਆਪ ਦਾ ਜਨਮ ਅਪ੍ਰੈਲ 1947 ਵਿਚ ਪਿੰਡ ਭਟੀਆਂ ਜ਼ਿਲ੍ਹਾ ਗੁਰਦਾਸਪੁਰ ਦੇ ਵਸਨੀਕ ਸ. ਜਗਤ ਸਿੰਘ ਜੀ ਦੇ ਘਰ, ਮਾਤਾ ਹਰਬੰਸ ਕੌਰ ਜੀ ਦੀ ਕੁੱਖੋਂ ਹੋਇਆ। ਆਪ ਜੀ ਲੁਧਿਆਣਾ ਐਗਰੀਕਲਚਰ ਇੰਸਪੈਕਟਰ ਦੇ ਤੌਰ 'ਤੇ ਸਰਵਿਸ ਕਰਦੇ ਸਨ। ਆਪ ਜੀ ਅੰਮ੍ਰਿਤਧਾਰੀ, ਰਹਿਣੀ ਬਹਿਣੀ ਵਾਲੇ, ਨਿਤਨੇਮੀ, ਗੁਰਮੁਖੀ ਬਾਣੇ ਵਿਚ ਵਿਚਰਦੇ ਸਨ। ਆਪਣੇ ਮਹਿਕਮੇ ਵਿਚ ਤੇ ਆਪਣੇ ਇਲਾਕੇ ਵਿਚ ਬਹੁਤ ਹੀ ਹਰਮਨ ਪਿਆਰੇ ਤੇ ਸੁਹਿਰਦ ਮੰਨੇ ਜਾਂਦੇ ਸਨ। ਆਪ ਦਾ ਅਨੰਦ ਕਾਰਜ ਬੀਬੀ ਜੋਗਿੰਦਰ ਕੌਰ ਜੀ ਅੰਮ੍ਰਿਤਧਾਰੀ ਤੇ ਰਹਿਤ ਬਹਿਤ ਵਾਲੀ ਗੁਰਮੁਖ ਸੁਭਾਅ ਵਾਲੀ ਬੀਬੀ ਨਾਲ ਹੋਇਆ। ਆਪ ਦੇ ਤਿੰਨ ਬੱਚੇ ਹਨ, ਦੋ ਲੜਕੇ ਤੇ ਇਕ ਲੜਕੀ। ਤਿੰਨੇ ਬੱਚੇ ਅੰਮ੍ਰਿਤਧਾਰੀ ਹਨ। ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਆਪ ਸ਼ਹੀਦੀ ਜਥੇ ਵਿਚ ਸ਼ਹਾਦਤ ਪਾ ਕੇ ਸੁੱਤੀ ਹੋਈ ਕੌਮ ਨੂੰ ਝੰਜੋੜ ਗਏ।

### 7. "ਸ਼ਹੀਦ ਜਥੇਦਾਰ ਅਮਰੀਕ ਸਿੰਘ ਜੀ"

13 ਅਪ੍ਰੈਲ 1978 ਨੂੰ ਹੋਏ 13 ਸ਼ਹੀਦਾਂ ਵਿਚ ਜਥੇਦਾਰ ਅਮਰੀਕ ਸਿੰਘ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹਨ। ਸ਼ਹੀਦੀ ਸਾਕੇ ਸਮੇਂ ਆਪ ਜੀ ਦੀ ਉਮਰ 21 ਸਾਲ ਸੀ। ਆਪ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤਪਾਨ ਕਰਨ ਉਪਰੰਤ ਪੂਰਨ ਰਹਿਣੀ ਬਹਿਣੀ ਵਾਲੇ, ਨਿਤਨੇਮੀ ਤੇ ਸਤਿਸੰਗੀ ਜੀਵਨ ਬਿਤਾ ਰਹੇ ਸਨ। ਇਕ ਵਾਰ ਆਪਣੇ ਬਹੁਤ ਸਾਰੇ ਨਗਰ ਨਿਵਾਸੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲੈ ਜਾ ਕੇ ਅੰਮ੍ਰਿਤਪਾਨ ਕਰਵਾਇਆ ਤਾਂ ਤਖ਼ਤ ਵੱਲੋਂ ਆਪ ਨੂੰ 'ਜਥੇਦਾਰ' ਦਾ ਖਿਤਾਬ ਦਿੱਤਾ ਗਿਆ। ਆਪ ਨੇ ਚੌਂਕ ਮਹਿਤਾ ਵਿਖੇ ਭਿੰਡਰਾਂ ਜਥੇ ਦੀ ਸੰਗਤ ਤੋਂ ਗੁਰਮਤਿ ਵਿਚ ਤੇ ਗੁਰਸਿੱਖੀ ਵਿਚ ਦ੍ਰਿੜ੍ਹਤਾ ਪ੍ਰਾਪਤ ਕੀਤੀ। ਆਪ ਜੀ ਖੁਜਾਲਾ ਨਗਰ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਬਰਦਾਸ਼ਤ ਕਰਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਸ਼ਹਾਦਤ ਦੇ ਜਾਮ ਪੀ ਗਏ।

### 8. "ਸ਼ਹੀਦ ਭਾਈ ਪਿਆਰਾ ਸਿੰਘ ਜੀ"

2 ਫਰਵਰੀ 1954 ਨੂੰ ਭੁੰਗਰਨੀ ਵਿਖੇ ਸ. ਕਿਸ਼ਨ ਸਿੰਘ ਜੀ ਦੇ ਘਰ ਮਾਤਾ ਭਾਗੋ ਜੀ ਦੀ ਕੁੱਖੋਂ ਇਸ ਸ਼ਹੀਦ ਦਾ ਜਨਮ ਹੋਇਆ। ਇਹ ਏਅਰ ਫੋਰਸ 'ਚੋਂ ਸਰਵਿਸ ਛੱਡ ਕੇ ਅੰਮ੍ਰਿਤਪਾਨ ਕਰ ਕੇ ਗੁਰਮਤਿ ਪ੍ਰਚਾਰ ਲਹਿਰ ਵਿਚ ਸ਼ਾਮਲ ਹੋ ਗਏ। ਬੜੇ ਗੁਰਮੁਖ, ਮਿਲਣਸਾਰ, ਨਿਮਰਤਾ ਤੇ ਪਿਆਰ ਦੇ ਪੁੰਜ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਹਿਤ ਆਪ ਜੀ ਨੇ 13 ਅਪ੍ਰੈਲ 1978 ਨੂੰ ਸ਼ਹੀਦੀ ਦਿੱਤੀ।

### 9. "ਸ਼ਹੀਦ ਭਾਈ ਹਰੀ ਸਿੰਘ ਜੀ"

ਸ਼ਹੀਦ ਭਾਈ ਹਰੀ ਸਿੰਘ ਜੀ ਦਾ ਜਨਮ ਪਿੰਡ ਜੰਡਾਂ ਵਾਲੇ, ਤਹਿਸੀਲ ਖਾਰੀਆਂ, ਜ਼ਿਲ੍ਹਾ ਗੁਜਰਾਤ ਦੇ ਵਸਨੀਕ ਗਿਆਨੀ ਗੁਰਚਰਨ ਸਿੰਘ ਜੀ ਦੇ ਘਰ ਮਾਤਾ ਭਾਗ ਕੌਰ ਜੀ ਦੀ ਕੁੱਖੋਂ 17 ਜੂਨ 1923 ਨੂੰ ਹੋਇਆ। ਆਪ ਦਸਤਕਾਰੀ ਦਾ ਕਾਰ ਵਿਹਾਰ ਕਰਦੇ ਸਨ, ਅੰਮ੍ਰਿਤਧਾਰੀ ਪੂਰਨ ਗੁਰਸਿੱਖ ਸਨ। ਪੰਥਕ ਸੇਵਾ ਦੀ ਲਗਨ ਆਪ ਨੂੰ ਪਿਤਾ ਜੀ ਤੋਂ ਵਿਰਸੇ ਵਿਚ ਪ੍ਰਾਪਤ ਹੋਈ। 13 ਅਪ੍ਰੈਲ 1978 ਨੂੰ ਵਿਸਾਖੀ ਵਾਲੇ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਹਿਤ ਆਪ ਜੀ ਨੇ ਸ਼ਹੀਦੀ ਦਿੱਤੀ। ਆਪ ਜੀ ਦੀ ਸਿੰਘਣੀ ਬੜੀ ਸਿੱਖ ਸਿਦਕ ਵਾਲੀ ਹੈ। ਜਦੋਂ 23 ਅਪ੍ਰੈਲ 1978 ਨੂੰ ਆਪ ਜੀ ਦੀ ਸੁਪਤਨੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਨਮਾਨਿਤ ਕੀਤਾ ਤਾਂ ਉਨ੍ਹਾਂ ਨੇ ਕਿਹਾ, ''ਮੇਰੇ ਪਤੀ ਜੀ ਗੁਰੂ ਕੇ ਲੇਖੇ ਲੱਗੇ ਹਨ ਅਤੇ ਜਦੋਂ ਪੰਥ ਨੂੰ ਹੋਰ ਲੋੜ ਪਵੇ ਤਾਂ ਮੇਰੇ ਤਿੰਨ ਪੁੱਤਰ ਵੀ ਹਾਜ਼ਰ ਹਨ।''

### 10. "ਸ਼ਹੀਦ ਭਾਈ ਗੁਰਚਰਨ ਸਿੰਘ ਜੀ"

ਸ਼ਹੀਦ ਗੁਰਚਰਨ ਸਿੰਘ ਜੀ ਦਾ ਜਨਮ 1 ਅਕਤੂਬਰ 1946 ਨੂੰ ਭਾਈ ਦਲੀਪ ਸਿੰਘ ਜੀ ਦੇ ਘਰ ਸਰਦਾਰਨੀ ਨਰੈਣ ਕੌਰ ਦੀ ਕੁੱਖੋਂ ਹੋਇਆ। ਆਪ ਜੀ ਨੇ ਪੰਜ ਸਾਲ ਦੀ ਉਮਰ ਵਿਚ ਅੰਮ੍ਰਿਤਪਾਨ ਕੀਤਾ। ਪੰਜਵੀਂ ਵਿਚ ਪੜ੍ਹਦਿਆਂ ਤੱਕ ਨਿਤਨੇਮ ਦੀਆਂ ਪੰਜੇ ਬਾਣੀਆਂ ਕੰਠ ਕਰ ਲਈਆਂ ਤੇ ਪੱਕੇ ਨਿਤਨੇਮੀ ਬਣ ਗਏ। ਲੁਧਿਆਣਾ ਐਗਰੀਕਲਚਰ ਯੂਨੀਵਰਸਿਟੀ ਵਿਚ ਐਕਸਟੈਨਸ ਡੀਮਾਨਸਟਰੇਟਰ ਦੀ ਅਸਾਮੀ 'ਤੇ ਨਿਯੁਕਤ ਸਨ। ਆਪ ਸਿੰਘਾਂ ਨਾਲ ਬੜਾ ਪ੍ਰੇਮ ਕਰਦੇ ਸਨ। 13 ਅਪ੍ਰੈਲ 1978 ਦੇ ਸ਼ਹੀਦੀ ਜਥੇ ਵਿਚ ਸ਼ਹੀਦੀ ਪਾ ਕੇ ਆਪ ਨੇ ਸੁੱਤੀ ਹੋਈ ਕੌਮ ਨੂੰ ਜਗਾਉਣ ਵਿਚ ਯੋਗਦਾਨ ਪਾਇਆ।

### 11. "ਸ਼ਹੀਦ ਭਾਈ ਗੁਰਦਿਆਲ ਸਿੰਘ ਜੀ ਮੋਦੇ"

ਭਾਈ ਗੁਰਦਿਆਲ ਸਿੰਘ ਜੀ ਆਪਣੇ ਖਾਨਦਾਨ 'ਚੋਂ ਪਹਿਲੇ ਅੰਮ੍ਰਿਤਧਾਰੀ ਤਿਆਰ ਬਰ ਤਿਆਰ ਸਿੰਘ ਸਨ। ਅਖੰਡ ਪਾਠਾਂ ਵਿਚ ਸ਼ਾਮਲ ਹੁੰਦੇ ਪਰ ਭੇਟਾ ਨਹੀਂ ਸਨ ਲੈਂਦੇ। ਆਪ ਨੇ 1966 ਨੂੰ ਭਿੰਡਰਾਂ ਵਾਲੇ ਜਥੇ ਤੋਂ ਅੰਮ੍ਰਿਤਪਾਨ ਕੀਤਾ। ਆਪ ਨਾਮ ਅਭਿਆਸੀ ਤੇ ਰਹਿਤਵਾਨ ਸਿੰਘ ਸਨ। 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਆਏ ਤੇ 'ਗੁਰ ਕੀ ਨਿੰਦਾ ਸੁਨਹਿ ਨ ਕਾਨ' 'ਤੇ ਫੁੱਲ ਚੜ੍ਹਾਉਂਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋਏ। ਸੰਤ ਜਰਨੈਲ ਸਿੰਘ ਜੀ ਵੀ ਇਸ ਜਥੇ ਵਿਚ ਜਾਣਾ ਚਾਹੁੰਦੇ ਸਨ। ਪਰ ਜਥੇ ਦੇ ਸਿੰਘਾਂ ਨੇ ਸੰਤਾਂ ਨੂੰ ਕਿਹਾ ਕਿ ਆਪ ਜੀ ਇਸ ਜਥੇ 'ਚ ਨਾ ਜਾਓ, ਕਿਉਂਕਿ ਅਗਾਂਹ ਆਪ ਲੋੜ ਪੈਣ 'ਤੇ ਹੋਰ ਵੀ ਸਿੰਘ ਤਿਆਰ ਕਰ ਸਕਦੇ ਹੋ। ਇਸ ਲਈ ਸਿੰਘਾਂ ਨੇ ਪੰਜ ਪਿਆਰਿਆਂ ਦੇ ਰੂਪ ਵਿਚ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਸ਼ਹੀਦੀ ਜਥੇ ਵਿਚ ਜਾਣ ਤੋਂ ਰੋਕਿਆ ਤੇ ਆਪ ਧਰਮ-ਕਾਰਜ ਵਿਚ ਜਾਣ ਦੀ ਆਗਿਆ ਮੰਗੀ। ਉਹਨਾਂ ਪੰਜਾਂ ਸਿੰਘਾਂ ਵਿਚ ਭਾਈ ਗੁਰਦਿਆਲ ਸਿੰਘ ਜੀ ਵੀ ਸ਼ਾਮਲ ਸਨ। ਆਪ ਅਕਸਰ ਅਰਦਾਸ ਕਰਦੇ ਸਨ ਕਿ 'ਹੇ ਸਤਿਗੁਰੂ ਤੇਰੇ ਚਰਨਾਂ ਵਿਚ ਹੀ ਮੇਰਾ ਸੀਸ ਲੱਗੇ'

### 12. "ਸ਼ਹੀਦ ਬਾਬਾ ਦਰਸ਼ਨ ਸਿੰਘ ਜੀ ਮਹਿਤਾ"

ਪਿੰਡ ਨਵਾਂ ਵੈਰੋਨੰਗਲ ਤਹਿਸੀਲ ਬਟਾਲਾ ਦੇ ਵਸਨੀਕ ਸ. ਅੱਛਰ ਸਿੰਘ ਜੀ ਦੇ ਘਰ ਸ਼ਹੀਦ ਬਾਬਾ ਦਰਸ਼ਨ ਸਿੰਘ ਦਾ ਜਨਮ ਹੋਇਆ। ਸ਼ਹੀਦੀ ਸਮੇਂ ਆਪ ਦੀ ਉਮਰ 80 ਸਾਲ ਸੀ। 13 ਅਪ੍ਰੈਲ ਦੇ 13 ਸ਼ਹੀਦਾਂ ਵਿਚੋਂ ਆਪ ਸਭ ਤੋਂ ਵੱਡੀ ਉਮਰ ਦੇ ਸਨ। ਆਪ ਜੀ ਚੇਲੇਆਣੇ ਦੇ ਸ਼ਹੀਦੀ ਸਾਕੇ ਵਿਚ ਵੀ ਸ਼ਾਮਲ ਸਨ। ਆਪ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਵਿਚੋਂ ਇਕ ਸਨ। ਆਪ ਜੀ ਨੂੰ 'ਸੁਤੰਤਰਤਾ ਸੰਗਰਾਮੀ' ਵਜੋਂ ਪੈਨਸ਼ਨ ਵੀ ਮਿਲਦੀ ਸੀ। ਆਪ ਜੀ ਬੜੇ ਧਾਰਮਿਕ ਰੁਚੀਆਂ ਵਾਲੇ ਸਨ ਤੇ ਬੇਹੰਗਮ ਰਹਿ ਕੇ ਗੁਰਦੁਆਰਿਆਂ ਵਿਚ ਗ੍ਰੰਥੀ ਦੀ ਸੇਵਾ ਕਰਦੇ ਰਹੇ। ਸੰਤ ਕਰਤਾਰ ਸਿੰਘ ਜੀ ਖਾਲਸਾ ਜਥਾ ਭਿੰਡਰਾਂ ਨੇ ਆਪ ਨੂੰ ਗੁਰਦੁਆਰਾ ਮਹਿਤਾ ਦੀ ਜ਼ਮੀਨ ਦੀ ਸੇਵਾ ਸੰਭਾਲ ਦਾ ਜਥੇਦਾਰ ਨਿਯੁਕਤ ਕਰ ਦਿੱਤਾ। ਇਹ ਸੇਵਾ ਆਪ ਨੇ ਤਨ-ਮਨ ਨਾਲ ਨਿਭਾਈ। ਸਤਿਗੁਰ ਦੇ ਭਾਣੇ ਵਿਚ ਰਹਿ ਕੇ ਆਪ ਨੇ ਸ਼ਾਂਤਮਈ ਢੰਗ ਨਾਲ ਸ਼ਹੀਦੀ ਪ੍ਰਾਪਤ ਕੀਤੀ।

### 13. "ਸ਼ਹੀਦ ਭਾਈ ਧਰਮਬੀਰ ਸਿੰਘ ਜੀ"

ਭਾਈ ਧਰਮਬੀਰ ਸਿੰਘ ਜੀ ਦਾ ਜਨਮ 15 ਮਾਰਚ 1953 ਨੂੰ ਦਿੱਲੀ ਵਿਖੇ ਭਾਈ ਲਾਲ ਸਿੰਘ ਜੀ ਦੇ ਘਰ ਮਾਤਾ ਬਾਲ ਕੌਰ ਜੀ ਦੀ ਕੁੱਖੋਂ ਹੋਇਆ। ਆਪ ਦਾ ਪਰਿਵਾਰ ਪਿੰਡ ਸਾਹੋਵਾਲ, ਤਹਿਸੀਲ ਡਸਕਾ ਜ਼ਿਲ੍ਹਾ ਸਿਆਲਕੋਟ ਦਾ ਰਹਿਣ ਵਾਲਾ ਸੀ। ਆਪ ਨੇ ਸਕੂਲੀ ਵਿੱਦਿਆ ਪ੍ਰਾਪਤੀ ਸਮੇਂ ਹੀ ਅੰਮ੍ਰਿਤਪਾਨ ਕਰ ਲਿਆ ਸੀ ਤੇ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਸਨ। ਆਪ ਨੇ ਬੜੀ ਮਿਹਨਤ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਇਕ ਕਿਰਪਾਨ ਫੈਕਟਰੀ ਕਾਇਮ ਕੀਤੀ। ਆਪ ਕੀਰਤਨ ਸੁਣਨ ਦੇ ਬੜੇ ਰਸੀਏ ਸਨ। ਭਾਈ ਫੌਜਾ ਸਿੰਘ ਜੀ ਸ਼ਹੀਦ ਨਾਲ ਆਪ ਦਾ ਗੂੜ੍ਹਾ ਪਿਆ ਸੀ। ਆਪ ਦੋਹਾਂ ਨੇ ਮਿਲ ਕੇ 'ਗੁਰੂ ਕੇ ਮਹਿਲ' ਵਿਚ ਤੇ ਟੌਭਾ ਭਾਈ ਸਾਲ੍ਹੋ ਜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਸ਼ਰਾਰਤੀਆਂ ਨੂੰ ਖਾਲਸਈ ਹੱਥ ਦਿਖਾਏ। ਉਸ ਕੇਸ ਵਿਚ ਗ੍ਰਿਫ਼ਤਾਰ ਹੋਣ ਵਾਲਿਆਂ ਵਿਚੋਂ ਆਪ ਵੀ ਸਨ ਤੇ ਤਿੰਨ ਮਹੀਨੇ ਜੇਲ੍ਹ ਕੱਟੀ ਸੀ। ਦੋ ਮਹੀਨਿਆਂ ਬਾਅਦ ਪਰਿਵਾਰ ਨੇ ਆਪ ਦਾ ਅਨੰਦ ਕਾਰਜ ਰੱਖਿਆ ਹੋਇਆ ਸੀ ਕਿ ਨਕਲੀ ਨਿਰੰਕਾਰੀਆਂ ਵੱਲੋਂ ਹੁੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਬਰਦਾਸ਼ਤ ਨਾ ਕਰਦਿਆਂ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਕੇ ਮੌਤ ਲਾੜੀ ਨੂੰ ਅਪਣਾ ਕੇ ਗੁਰੂ ਚਰਨਾਂ ਵਿਚ ਜਾ ਬਿਰਜੇ।

# 300 ਸਾਲਾ ਖ਼ਾਲਸਾ ਸਾਜਨਾ ਦਿਹਾੜੇ ਮੌਕੇ ਹਰਿੰਦਰ ਸਿੰਘ ਮਹਿਬੂਬ ਵੱਲੋਂ ਦਿੱਤਾ ਭਾਸ਼ਣ

***15 ਮਾਰਚ 1999 ਨੂੰ ਗੁਰਦੁਆਰਾ ਗੁਰਸ਼ਬਦ ਪ੍ਰਕਾਸ਼ ਰਮਦਾਸਪੁਰ (ਗੜ੍ਹਦੀਵਾਲ) ਵਿਖੇ ਸੰਤ ਹਰਚਰਨ ਸਿੰਘ ਜੀ ਵੱਲੋਂ ਕਰਵਾਏ 300 ਸਾਲਾ ਖਾਲਸਾ ਸਿਰਜਨਾ ਦਿਹਾੜੇ ਦੀ ਲੜੀ ਵਿੱਚ ਸਮਾਗਮ ਦੌਰਾਨ ਸਿੱਖ ਵਿਦਵਾਨ ਸ. ਹਰਿੰਦਰ ਸਿੰਘ ਮਹਿਬੂਬ ਵੱਲੋਂ ਦਿੱਤਾ ਗਿਆ ਭਾਸ਼ਣ।***

ਪਿਆਰੇ ਖਾਲਸਾ ਜੀ!

ਇਸ ਕੀਰਤਨ ਦਰਬਾਰ ਵਿੱਚ ਦੋ ਮਹਾਨ ਸਖਸ਼ੀਅਤਾਂ ਹਾਜ਼ਰ ਹਨ- ਸੰਤ ਸਰਬਜੋਤ ਸਿੰਘ ਜੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ ਹਾਜ਼ਰ ਨੇ। ਇਸ ਕਰਕੇ ਸਾਰੀ ਸੰਗਤ ਵੀ ਉਸੇ ਲਿਵ ਵਿੱਚ ਜੁੜੀ ਹੋਈ ਹੈ। ਸੰਗਤ ਵੀ ਗੁਰੂ ਦਾ ਰੂਪ ਹੈ, ਗੁਰੂ ਦਾ ਰੂਪ ਹਨ ਸਾਰੇ, ਜੋ ਇੱਥੇ ਹਾਜ਼ਰ ਨੇ, ਜੋ ਲਿਵ ਦੇ ਵਿੱਚ ਬੈਠੇ ਨੇ। ਪਿਆਰੇ ਖ਼ਾਲਸਾ ਜੀ 1980 ਦੇ ਵਿੱਚ ਮੈਂ ਆਪਣੀ ਕਿਤਾਬ ਆਖਰੀ ਸ਼ਾਮ ਦੇ ਵਿੱਚ ਇਕ ਨਜ਼ਮ ਲਿਖੀ ਸੀ, ਜਿਸ ਵਿੱਚ ਮੈਂ ਦੋ ਪੰਕਤੀਆਂ ਇਸ ਤਰ੍ਹਾਂ ਲਿਖੀਆਂ ਸਨ:

ਆਵੀਂ ਕਲਗੀ ਵਾਲਿਆ  
ਕੋਈ ਦੇਸ਼ ਨਾ ਸਾਡਾ,  
ਸੁਪਨਾ ਪੂਰੀ ਅਨੰਦ  
ਦਾ ਬਹੁ ਦੂਰ ਦੁਰਾਡਾ।

ਇਹ ਸਤਰਾਂ ਆਖਰੀ ਸ਼ਾਮ ਕਿਤਾਬ ਦੇ ਵਿੱਚੋਂ ਸੀ। ਇਸ ਸਾਰੀ ਕਿਤਾਬ ਦੇ ਵਿੱਚ ਮੈਂ ਇਹ ਨਕਸ਼ਾ ਬੰਨ੍ਹਿਆ ਹੈ ਕਿ ਸਿੱਖ ਜ਼ਿੰਦਗੀ ਦੇ ਵਿੱਚ ਚੜ੍ਹਦੀਕਲਾ ਦੇ ਵਿੱਚ ਵੀ ਆਇਆ ਹੈ ਤੇ ਕਈ ਵਾਰ ਸ਼ਾਮ ਵੀ ਹੁੰਦੀ ਹੈ, ਤਰਕਾਲਾਂ ਪੈਂਦੀਆਂ ਨੇ, ਉਸਦੀ ਰੂਹਾਨੀਅਤ ਵਿੱਚ ਵੀ ਤਰਕਾਲਾਂ ਪੈਂਦੀਆਂ ਨੇ। ਉਹਨਾਂ ਤਰਕਾਲ ਦੇ ਪਿੱਛੋਂ ਉਹਨਾਂ ਦੇ ਅੰਦਰ ਕਿਸੇ ਸਵੇਰ ਦਾ ਇੱਕ ਇਕਰਾਰ ਹੁੰਦਾ ਹੈ। ਸ਼ਹੀਦਾਂ ਦੀ ਬਣਤਰ ਬਿਆਨ ਕਰਦੀਆਂ ਤਰਕਾਲਾਂ ਵਿੱਚ ਸਵੇਰਾਂ ਦੇ ਨਕਸ਼ੇ ਆਪਣੀ ਕਿਤਾਬ ਵਿੱਚ ਉਲੀਕੇ ਨੇ। ਦਸਮ ਪਾਤਸ਼ਾਹ ਅੱਗੇ ਕੁਰਲਾਹਟ ਪਾਈ ਸੀ:

ਜਾਪੇ ਸਾਡੇ ਸਿਰਾਂ ‘ਤੇ  
ਕੋਈ ਰੋਸ ਤੁਹਾਡਾ।

ਹੇ ਸੱਚੇ ਪਾਤਸ਼ਾਹ! ਐਂ ਲੱਗਦਾ ਸਾਡੇ ਗਰੀਬ ਸਿੱਖਾਂ ਉੱਤੇ ਤੁਹਾਡਾ ਕੋਈ ਨਾ ਕੋਈ ਰੋਸ ਹੈ। ਨਹੀਂ ਤਾਂ ਸਾਡੀ ਕੌਮ ਦੇ ਉੱਤੇ ਇਸ ਤਰ੍ਹਾਂ ਦੀ ਬੇਪੱਤੀ ਦੇ ਦਿਨ ਕਾਹਨੂੰ ਆਉਣੇ ਸੀ? ਇਹ ਮੈਂ 1980 ਦੀ ਆਪਣੀ ਕਿਤਾਬ ਵਿੱਚ ਕਿਹਾ ਸੀ। ਬਾਅਦ ਵਿੱਚ ਮੈਂ ਇਹ ਝਨਾ ਦੀ ਰਾਤ ਵਿੱਚ ਸ਼ਾਮਿਲ ਕੀਤੀ।

ਪਿਆਰੇ ਖ਼ਾਲਸਾ ਜੀ! ਹੁਣ ਅਸੀਂ 300 ਸਾਲਾ ਖ਼ਾਲਸਾ ਸਾਜਨਾ ਦਿਵਸ ਮਨਾਉਣ ਜਾ ਰਹੇ ਹਾਂ। ਅੱਜ ਤੋਂ ਪੂਰੇ 100 ਸਾਲ ਪਹਿਲਾਂ ਜਾਣੀ 1899 ਵਿੱਚ ਖ਼ਾਲਸਾ ਜੀ ਦਾ 200 ਸਾਲਾ ਜਨਮ ਦਿਵਸ ਮਨਾਉਣਾ ਸੀ। ਉਸ ਵੇਲੇ ਸਾਰੇ ਪੰਜਾਬ ਵਿੱਚ ਕਿਸੇ ਨੇ ਕੁਰਲਾਹਟ ਪਾਈ ਸੀ? ਉਹ ਕੁਰਲਾਹਟ ਪਾਉਣ ਵਾਲਾ ਇੱਕ ਅੰਗਰੇਜ਼ ਸੀ- ਮੈਕਲਫ ਸਾਹਿਬ! ਤੁਹਾਨੂੰ ਪਤਾ ਉਸਨੇ ਗੁਰੂ ਗ੍ਰੰਥ ਸਾਹਿਬ, ਸਾਰੇ ਦਾ ਤਾਂ ਨਹੀਂ, ਲਗਭਗ ਤਿੰਨ ਇਕਾਈ ਹਿੱਸੇ ਦਾ ਤਰਜਮਾ ਕੀਤਾ ਸੀ। ਬਹੁਤ ਸੁੰਦਰ ਇੰਗਲਿਸ਼ ਦੇ ਵਿੱਚ ਅਤੇ ਸਿੱਖ ਇਤਿਹਾਸ ਦੇ ਨਾਲ ਵੀ ਮਿਲਾਇਆ ਸੀ। ਉਸ ਤਰਜਮੇ ਦੇ ਨਾਲ ਸਿੱਖ ਜਗਤ ਚਾਰ ਚੁਫੇਰੇ ਫੈਲ ਗਿਆ ਸੀ। ਉਸਨੇ ਸਿੱਖਾਂ ਅੱਗੇ ਹੱਥ ਜੋੜ ਕੇ ਆਖਿਆ ਸੀ ਕਿ ਖ਼ਾਲਸਾ ਜੀ ਮੇਰੀ ਬੇਨਤੀ ਹੈ ਕਿ ਇਸ ਮਹਾਨ ਰੂਹਾਨੀ ਘੜੀ ਨੂੰ ਤੁਸੀਂ ਇੱਕ ਸਮੂਹਿਕ ਰੂਪ ਵਿੱਚ ਜਾਗਦੀ ਜੋਤ, ਸਾਰੀ ਰੋਸ਼ਨੀ ਦੇ ਨਾਲ ਮਨਾਓ। ਬਾਹਰਲੇ ਇਕੱਠ ਦੇ ਹਿਸਾਬ ਨਾਲ ਨਹੀਂ, ਹਕੂਮਤਾਂ ਨੇ ਜਿਵੇਂ ਥਾਪਣਾ ਦਿੱਤੀ ਹੁੰਦੀ ਹੈ, ਉਸ ਹਿਸਾਬ ਨਾਲ ਨਹੀਂ। ਤੁਸੀਂ ਦਿੱਲ ਦੀ ਸਾਰੀ ਰੋਸ਼ਨੀ ਜਿਹੜੀ ਗੁਰੂ ਗ੍ਰੰਥ ਸਾਹਿਬ ਤੋਂ ਕਿਸੇ ਨੂੰ ਦੋ ਸਦੀਆਂ ਤੋਂ, ਤਿੰਨ ਸਦੀਆਂ ਤੋਂ, ਜਿਸ ਤੋਂ ਗੁਰੂ ਅਰਜਨ ਸਾਹਿਬ ਨੇ ਪੋਥੀ ਸਾਹਿਬ, ਯਾਨੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਨਾਂ, ਤਿਆਰ ਕੀਤਾ ਸੀ, ਫਤਹਿ ਅੰਦਰ ਸਿੱਖ ਇਤਿਹਾਸ ਵਿੱਚ ਜਗਮਗ ਜਗਮਗ ਹੋ ਰਹੀ ਹੈ ਉਹ ਰੋਸ਼ਨੀ। ਉਸ ਰੋਸ਼ਨੀ ਦੇ ਨਾਲ ਇਕੱਠੇ ਹੋ ਕੇ ਗੁਰੂ ਗ੍ਰੰਥ ਸਾਹਿਬ ਦੀ ਦੂਸਰੀ ਸ਼ਤਾਬਦੀ ਮਨਾਓ। ਪਰ ਉਦੋਂ ਖ਼ਾਲਸਾ ਪੰਥ ਤਿਆਰੀ ਦੇ ਵਿੱਚ ਨਹੀਂ ਸੀ। ਕੁੱਝ ਬਾਹਰਲੀਆਂ ਹਕੂਮਤਾਂ ਦਾ ਜ਼ੋਰ ਸੀ। ਕੁੱਝ ਹੋਰ ਕਾਰਨ ਸੀ, ਜਿਹਨਾਂ ਕਰਕੇ ਉਸਦੀ ਇਹ ਤਮੰਨਾ ਪੂਰੀ ਨਾ ਹੋ ਸਕੀ। ਜਦੋਂ ਪਿੱਛਲੇ ਸਾਲ 300 ਸਾਲਾ ਸ਼ਤਾਬਦੀ ਦਾ ਕਾਫੀ ਚਰਚਾ ਹੋਇਆ ਤਾਂ ਮੇਰੇ ਮਨ ਵਿੱਚ ਸੀ ਕਿ ਮੈਕਲਫ ਸਾਹਿਬ ਤਾਂ ਭਾਵੇਂ ਹੁਣ ਇਸ ਦੁਨੀਆ ਵਿੱਚ ਨਹੀਂ, ਪਰ ਤੀਜੀ ਸ਼ਤਾਬਦੀ ਦਾ ਜਿਹੜਾ ਰੰਗ ਹੈ ਉਹ ਉਹਨਾਂ ਦੀ ਰੂਹ ਨੂੰ ਜ਼ਰੂਰ ਸ਼ਾਂਤੀ ਦਵੇਗਾ। ਬੇਸ਼ੱਕ ਉਹ ਇਸ ਵੇਲੇ ਮਿੱਟੀ ਦੇ ਵਿੱਚ ਮਿੱਟੀ ਹੋ ਚੁੱਕੇ ਹਨ। ਪਰ ਮੇਰਾ ਯਕੀਨ ਹੈ, ਆਤਮਾ ਅਮਰ ਹੈ, ਉਸ ਅਮਰ ਆਤਮਾ ਦੇ ਵਿੱਚ ਮੈਕਲਫ ਸਾਹਿਬ ਨੂੰ ਸ਼ਾਂਤੀ ਮਿਲੇਗੀ। ਪਰ ਬਦਕਿਸਮਤੀ ਹੈ ਕਿ ਸਮੇਂ ਦੀਆਂ ਹਕੂਮਤਾਂ ਨੂੰ ਇਸ ਰੂਹਾਨੀ ਜਲੌਅ ਦੀ ਸਮਝ ਨਹੀਂ ਹੈਗੀ। ਰੂਹਾਨੀ ਜਲੌਅ ਹਰ ਚੀਜ਼ ਹੈ, ਇਹ ਖ਼ਾਲਸੇ ਦਾ ਬਹੁਤ ਡੂੰਘਾ ਕਮਾਇਆ ਹੋਇਆ ਤਜ਼ਰਬਾ ਹੈ, ਇਸ ਜਲੌਆ ਤੋਂ ਬਿਨ੍ਹਾਂ, ਬਾਹਰਲੀਆਂ ਜਿਹੜੀਆਂ ਸ਼ਾਨੋ-ਸ਼ੌਕਤਾਂ ਹੁੰਦੀਆਂ ਨੇ, ਉਹ ਵੀ ਕਈ ਵਾਰ ਜ਼ਰੂਰ ਹੁੰਦੀਆਂ ਨੇ ਪਰ ਜੇ ਇਕੱਲਿਆਂ ਹੀ ਰਹਿ ਜਾਣ ਤਾਂ ਇਹ ਕਬਰਾਂ ਦੀ ਮੁਰਦੇਹਾਨੀ ਵਾਂਗ ਬਣ ਜਾਂਦੀਆਂ ਨੇ, ਜਿਵੇਂ ਕਿ ਸਿੰਘ ਸਾਹਿਬ ਨੇ ਗੁਰਬਾਣੀ ਦੇ ਵਿੱਚੋਂ ਇੱਕ ਬੜਾ ਕਮਾਲ ਦਾ ਪਰਮਾਣ ਦਿੱਤਾ ਸੀ ਤੇ ਸਮਝਾਇਆ ਸੀ ਕਿ ਰੂਹਾਨੀਅਤ ਤੋਂ ਬਿਨ੍ਹਾਂ ਆਦਮੀ ਅੰਦਰ ਜੋ ਕਵਿਤਾ ਹੈ, ਉਹ ਧੁਰ ਦਾ ਰਿਸ਼ਤਾ ਹੈ, ਉਸ ਇਤਿਹਾਸ ਨਾਲ ਕੌਮ ਦਾ ਰਿਸ਼ਤਾ ਹੈ, ਜੋ ਕੌਮ ਦੀ ਉਸਾਰੀ ਦੇ ਪਹਿਲੇ ਪਲ ਹੁੰਦੇ ਨੇ, ਜਦੋਂ ਦਸਮ ਪਾਤਸ਼ਾਹ ਨੇ ਤਲਵਾਰ ਖਿੱਚ ਕੇ 80,000 ਲੋਕਾਂ ਦੇ ਸਾਹਮਣੇ ਇੱਕ ਸਿਰ ਮੰਗਿਆ ਸੀ, ਉਹ ਪਲ ਕੇਵਲ ਬਾਹਰਲੇ ਨਹੀਂ ਸੀ, ਉਹ ਅੰਦਰਲੇ ਜਲੌਅ ਦੇ ਵੀ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਜਿਹੜਾ ਗੁਰਮੁੱਖ ਸਫਰ ਸੀ, ਗੁਰਮੁੱਖ ਲੋਕਾਂ ਦਾ ਜਿਹੜਾ ਤਜ਼ਰਬਾ ਸੀ, ਜਿਹੜੀ ਉਹਨਾਂ ਦੀ ਉੱਚੀ ਲਿਵ ਸੀ, ਉਹ ਵੀ ਉਸ ਤਲਵਾਰ ਦੇ ਪਿੱਛੇ ਖੜੀ ਸੀ। ਉਹ ਇੱਕ ਪਲ ਜਿਹੜਾ ਸੀ, ਉਹ ਸਿੱਖਾਂ ਨੂੰ ਜਦੋਂ ਉਹ ਹੀਣੇ ਵੀ ਹੋ ਜਾਣਗੇ, ਜਿਹੜਾ ਸਿੱਖਾਂ ਵਿੱਚ ਪਤਿਤਪੁਣਾ ਆਇਆ ਹੈ, ਪਰ ਜਿਹੜੇ ਸਿੱਖਾਂ ਦੇ ਰੂਹਾਨੀਅਤ ਦੇ ਪਲ ਨੇ, ਮੇਰਾ ਯਕੀਨ ਹੈ, ਸਿੱਖਾਂ ਨੂੰ ਅਮਰ ਰੱਖਣਗੇ। ਕੀ ਹੋਇਆ, ਜੇ ਵਕਤ ਦੀਆਂ ਹਕੂਮਤਾਂ ਸਾਡੇ ਉਸ ਸੱਚੇ-ਸੁੱਚੇ ਸੱਭਿਆਚਾਰ, ਸਾਡੀ, ਸਾਦੀ ਅਤੇ ਸਰੋਦੀ ਸੁਰਤ ਦੇ ਵਿੱਚ ਬਿਘਨ ਪਾ ਰਹੇ ਨੇ, ਸਾਡੇ ਉਸ ਮਹਾਂ ਸੰਗੀਤ ਨੂੰ ਤੋੜ ਰਹੇ ਨੇ ਤਾਂ ਗੁਨਾਹਗਾਰ ਉਹ ਨੇ। ਮੈਂ ਤੁਹਾਨੂੰ ਇੱਕ ਇਸਾਈ ਆਦਮੀ ਦੀ ਗੱਲ ਕਹਿੰਨਾ ਵਾਂ, ਬਸ ਇਹ ਕਹਿ ਕੇ ਖਤਮ ਕਰਨ ਵਾਲਾ ਹਾਂ। ਪਿਆਰੇ ਖ਼ਾਲਸਾ ਜੀ! ਇੱਕ ਇਸਾਈ ਮਹਾਨ ਲੇਖਕ, ਦੁਨੀਆ ਦਾ ਸਿਰਮੌਰ ਨਾਵਲਿਸਟ ਦੋਸਤੋਵਸਕੀ ਆਖਦਾ ਹੈ ਜਿੰਨਾ ਚਿਰ ਇੱਕ ਵੀ ਕਰਿਸਚੀਅਨ, ਇੱਕ ਵੀ ਇਸਾਈ ਦੁਨੀਆਂ ਵਿੱਚ ਈਸਾ ਜੀ ਦੀ ਲੋਅ ਵਾਲਾ ਜਿਉਂਦਾ ਹੈ, ਇਸਾਈਅਤ ਨੂੰ ਕੋਈ ਖਤਮ ਨਹੀਂ ਕਰ ਸਕੇਗਾ। ਇਸੇ ਤਰ੍ਹਾਂ ਪਿਆਰੇ ਖ਼ਾਲਸਾ ਜੀ ਮੈਂ ਆਪ ਨੂੰ ਵਿਸ਼ਵਾਸ ਦਵਾਉਂਦਾ ਹਾਂ ਕਿ ਸਿੱਖਾਂ ਦੇ ਵਿੱਚ, ਅਸੀਂ ਤਾਂ ਇੱਕ ਕਿਉਂ, ਘੱਟੋ-ਘੱਟ ਹਜ਼ਾਰਾਂ ਦੀ ਗਿਣਤੀ ਵਿੱਚ ਹਾਂ, ਮੇਰਾ ਇਹ ਵਿਸ਼ਵਾਸ ਹੈ, ਸਿੱਖ ਦੁਨੀਆ ਦੇ ਵਿੱਚ ਰਹਿੰਦੇ ਨੇ, ਓਸ ਲਿਵ ਵਿੱਚ ਜਿਉਂਦੇ ਨੇ, ਜਿਸ ਵਿੱਚ ਦਸਮ ਪਾਤਸ਼ਾਹ ਨੇ ਅਨੰਦਪੁਰ ਦੇ ਵਿੱਚ ਪਹਿਲੀ ਵਾਰ ਤੇਗ ਖਿੱਚ ਕੇ ਸੀਸ ਮੰਗਿਆ ਸੀ।



ਸ. ਹਰਿੰਦਰ ਸਿੰਘ ਮਹਿਬੂਬ

ਮੈਂ ਪੰਜ ਸਾਲ ਪਹਿਲਾਂ ਪ੍ਰਣ ਕੀਤਾ ਸੀ ਕਿ ਮੈਂ 13 ਅਪ੍ਰੈਲ 1999 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਨੂੰ ਇੱਕ ਮਹਾਨ ਗ੍ਰੰਥ ਦੇਵਾਂਗਾ। ਮੈਂ ਉਹ ਗ੍ਰੰਥ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਦੇ ਉੱਤੇ, ਉਹਦੀ ਪਹਿਲੀ ਜ਼ਿਲਦ ਤਿਆਰ ਕਰ ਲਈ ਹੈ, 700 ਸਫੇ ਦਾ ਉਹ ਗ੍ਰੰਥ ਹੈ, ਆਪਣੀ ਪੂਰੀ ਭਗਤੀ ਦੇ ਨਾਲ ਲਿਖਿਆ ਹੈ- ਇਲਾਹੀ ਨਦਰ ਦੇ ਪੈਂਡੇ, ਯਾਅਨੀ ਜਿਸਦਾ ਮਤਲਬ ਹੈ ਰੱਬੀ ਸਫਰ। ਇਸ ਦੇ ਵਿੱਚ ਮੈਂ ਇਕੱਲੇ ਗੁਰੂ ਨਾਨਕ ਸਾਹਿਬ ਨੂੰ ਹੂ-ਬ-ਹੂ ਲਿਵ ਜੋੜ ਕੇ ਪੂਰੀ ਭਗਤੀ ਕਰਕੇ ਪੇਸ਼ ਕਰ ਦਿੱਤਾ ਹੈ। ਤੀਜੀ ਸ਼ਤਾਬਦੀ ਨੂੰ ਘੱਟੋ-ਘੱਟ ਮੇਰਾ ਇੱਕ ਤੋਹਫਾ ਹੈ ਤੇ ਇੱਥੇ ਆਉਣ ਵਾਲੇ ਬਾਬਾ ਸਰਬਜੋਤ ਸਿੰਘ ਬੇਦੀ ਅਤੇ ਭਾਈ ਸਾਹਿਬ ਭਾਈ ਰਣਜੀਤ ਸਿੰਘ ਨੂੰ, ਭਾਵੇਂ ਇਹ ਇੱਕ ਦੋ ਮਹੀਨਿਆਂ ਵਿੱਚ ਛਪੇਗਾ, ਸਮਝ ਲੋ ਇਹ ਇੱਕ ਤੋਹਫਾ ਹੈ, ਤੋਹਫਾ ਹੈ ਛੋਟਾ ਵੀ ਹੈ, ਸਾਰੀ ਸੰਗਤ ਦਾ ਹੈ। ਇਹ ਆਖ ਕੇ ਮੈਂ ਆਪ ਜੀ ਤੋਂ ਖਿਮਾ ਦਾ ਯਾਚਕ ਹਾਂ:

ਵਾਹਿਗੁਰੂ ਜੀ ਕਾ ਖ਼ਾਲਸਾ।।  
ਵਾਹਿਗੁਰੂ ਜੀ ਕੀ ਫ਼ਤਹਿ।।

# ਦਸਤਾਰ ਦੇ ਸੰਘਰਸ਼ ਬਾਰੇ ਸਿੱਖ ਇਤਿਹਾਸ ਤੇ ਮਹਾਨਤਾ

**ਲੇਖਕ : ਬਿਕਰਮਜੀਤ ਸਿੰਘ**



ਸਮੁੱਚੀ ਦੁਨੀਆਂ ਵਿੱਚ ਸਿੱਖ ਆਪਣੀ ਦਸਤਾਰ ਤੋਂ ਪਛਾਣਿਆ ਜਾਂਦਾ ਹੈ। ਸਿੱਖ ਧਰਮ ਵਿੱਚ ਦਸਤਾਰ ਨੂੰ ਸਰੀਰ ਦਾ ਹੀ ਅੰਗ ਮੰਨਿਆ ਜਾਂਦਾ ਹੈ। ਦਸਤਾਰ ਤੋਂ ਬਿਨਾਂ ਸਿੱਖ ਦੀ ਪਛਾਣ ਅਧੂਰੀ ਹੈ। ਦਸਤਾਰ ਨੂੰ ਜਿੱਥੇ ਸਰਦਾਰੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਉੱਥੇ ਹੀ ਇਹ ਰੂਹਾਨੀਅਤ ਦੀ ਵੀ ਪ੍ਰਤੀਕ ਹੈ। ਸਿੱਖ ਧਰਮ ਦੇ ਨਿਯਮਾਂ ਮੁਤਾਬਿਕ ਸਿੱਖ ਦੀ ‘ਸਾਬਤ ਸੂਰਤ’ ਸਿਰ ਉੱਪਰ ਦਸਤਾਰ ਨਾਲ ਹੀ ਪੂਰੀ ਹੰਦੀ ਹੈ। ‘ਦਸਤਾਰ’ ‘ਫ਼ਾਰਸੀ’ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ: ‘ਹੱਥਾਂ ਨਾਲ ਸੰਵਾਰ ਕੇ ਬੰਨ੍ਹਿਆ ਵਸਤਰ।’ ਦਸਤਾਰ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਕਈ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜਿਵੇਂ ਅੰਗਰੇਜ਼ੀ ਭਾਸ਼ਾ ਵਿੱਚ ‘ਟਰਬਨ’, ਫਰੈਂਚ ਵਿੱਚ ‘ਟਲਬੈਂਡ’, ਤੁਰਕੀ ਵਿੱਚ ‘ਸਾਰੀਕ’, ਲਾਤੀਨੀ ਭਾਸ਼ਾ ਵਿੱਚ ‘ਮਾਈਟਰ’, ਫਰਾਂਸੀਸੀ ਵਿੱਚ ‘ਟਬੰਦ’, ਰੁਮਾਨੀ ਵਿੱਚ ‘ਤੁਲੀਪਾਨ’ , ਇਰਾਨੀ ਵਿੱਚ ‘ਸੁਰਬੰਦ’, ਜਰਮਨੀ, ਸਪੇਨ, ਪੁਰਤਗੇਜ਼ੀ ਤੇ ਇਤਾਲਵੀ ਵਿੱਚ ‘ਟਰਬਾਂਦੇ’ ਤੇ ਸੰਸਕ੍ਰਿਤ ਵਿੱਚ ‘ਉਸ਼ਣੀਸ਼’ ਕਿਹਾ ਜਾਂਦਾ ਹੈ। ਸਿੱਖ ਧਰਮ ਵਿੱਚ ਦਸਤਾਰ ਦੀ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਤੋਂ ਹੁੰਦੀ ਹੈ, ਜਿਸ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਸਾਜਣਾ ਪਿੱਛੋਂ ਹਰੇਕ ਸਿੱਖ ਲਈ ਸਜਾਉਣਾ ਲਾਜ਼ਮੀ ਬਣਾ ਦਿੱਤਾ।

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਦੇ ਸਮੇਂ ਜਦੋਂ ਅਖਾੜੇ ਵਿੱਚ ਕੋਈ ਪਹਿਲਵਾਨ ਜਿੱਤ ਪ੍ਰਾਪਤ ਕਰਦਾ ਸੀ ਤਾਂ ਉਸ ਜੇਤੂ ਪਹਿਲਵਾਨ ਨੂੰ ‘ਦੁਮਾਲੇ’ ਨਾਲ ਸਨਮਾਨਿਤ ਕੀਤਾ ਜਾਂਦਾ ਸੀ। ਮੁਗ਼ਲ ਹਕੂਮਤ ਵੱਲੋਂ ਜਦੋਂ ਸ਼ਾਹੀ ਫਰਮਾਨ ਜਾਰੀ ਕਰ ਕੇ ਦਸਤਾਰ ਸਜਾਉਣ ’ਤੇ ਪਾਬੰਦੀ ਲਗਾ ਕੇ ਇੱਕ ਵਿਸ਼ੇਸ਼ ਵਰਗ ਵਾਸਤੇ ਇਸ ਹੱਕ ਨੂੰ ਰਾਖਵਾਂ ਕੀਤਾ ਗਿਆ ਤਾਂ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਹੁਕਮ ਦੀ ਪ੍ਰਵਾਹ ਨਾ ਕਰਦਿਆਂ ਸਿੱਖਾਂ ਨੂੰ ਸੁੰਦਰ ਦਸਤਾਰਾਂ ਸਜਾਉਣ ਦਾ ਹੁਕਮ ਦਿੱਤਾ। ਗੁਰੂ ਜੀ ਖ਼ੁਦ ਵੀ ਸੁੰਦਰ ਦਸਤਾਰ ਸਜਾਉਂਦੇ ਸਨ, ਜਿਸ ਦੀ ਗਵਾਹੀ ਢਾਡੀ ਨੱਥਾ ਮੱਲ ਤੇ ਅਬਦੁੱਲਾ ਦੀ ਵਾਰ ਵਿੱਚੋਂ ਮਿਲਦੀ ਹੈ। ਇਸ ਵਿੱਚ ਗੁਰੂ ਜੀ ਦੀ ਦਸਤਾਰ ਸਬੰਧੀ ਵਡਿਆਈ ਕੀਤੀ ਗਈ ਹੈ: ਦੋ ਤਲਵਾਰਾਂ ਬੱਧੀਆਂ, ਇਕ ਮੀਰ ਦੀ ਇਕ ਪੀਰ ਦੀ। ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।

ਹਿੰਮਤ ਬਾਹਾਂ ਕੋਟ ਗੜ੍ਹ ,ਦਰਵਾਜ਼ਾ ਬਲਖ ਬਖੀਰ ਦੀ। ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਦੀ, ਪੱਗ ਤੇਰੀ ਕੀ ਜਹਾਂਗੀਰ ਦੀ। 1699 ਦੀ ਵਿਸਾਖੀ ਨੂੰ ਜਦੋਂ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਖ਼ਾਲਸਾ ਪੰਥ ਸਾਜਿਆ ਤਾਂ ਗੁਰੂ ਜੀ ਨੇ ਖ਼ਾਲਸੇ ਨੂੰ ਕੇਸਾਂ ਦੀ ਸੰਭਾਲ ਲਈ ਸਿਰ ’ਤੇ ਦਸਤਾਰ ਸਜਾਉਣਾ ਵੀ ਦ੍ਰਿੜ੍ਹ ਕਰਵਾਇਆ। ‘ਰਹਿਤਨਾਮਿਆਂ’ ਵਿੱਚ ਵੀ ਇਸ ਬਾਰੇ ਜ਼ਿਕਰ ਮਿਲਦਾ ਹੈ। ਸਿੱਖ ਨੂੰ ਆਪਣੀ ਦਸਤਾਰ ਨੂੰ ਟੋਪੀ ਵਾਂਗ ਉਤਾਰਨ ਤੇ ਮੁੜ ਉਸ ਉਤਾਰੀ ਹੋਈ ਦਸਤਾਰ ਨੂੰ ਸਿਰ ਉਤੇ ਰੱਖਣ ਤੋਂ ਵੀ ਵਰਜਿਆ ਗਿਆ ਹੈ। ਇਸ ਤੋਂ ਇਲਾਵਾ ਕੇਸਾਂ ਨੂੰ ਦੋ ਵਾਰ ਕੰਘਾ ਕਰ ਕੇ ਦਸਤਾਰ ਨੂੰ ਪੂਣੀ ਕਰ ਕੇ ਬੰਨ੍ਹਣ ਦੀ ਵੀ ਤਾਕੀਦ ‘ਰਹਿਤਨਾਮਿਆਂ’ ਵਿੱਚ ਮਿਲਦੀ ਹੈ।

ਜੇ ਦਸਤਾਰ ਦੇ ਇਤਿਹਾਸਕ ਪਿਛੋਕੜ ਵੱਲ ਤੇ ਸੰਸਾਰ ਦੀਆਂ ਦੂਜੀਆਂ ਕੌਮਾਂ ਦੇ ਇਤਿਹਾਸ ਵੱਲ ਝਾਤੀ ਮਾਰੀ ਜਾਵੇ ਤਾਂ ਕੁਝ ਸ੍ਰੋਤਾਂ ਤੋਂ ਪਤਾ ਲੱਗਦਾ ਹੈ ਕਿ ਦਸਤਾਰ ਨੂੰ ਪਹਿਲਾਂ ਪੱਗ ਜਾਂ ਪਗੜੀ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਜੋ ਵਰਤਮਾਨ ਸਮੇਂ ਵੀ ਪ੍ਰਚੱਲਿਤ ਹੈ। ਦਸਤਾਰ ਜਾਂ ਪੱਗ ਕਈ ਧਰਮਾਂ, ਕੌਮਾਂ, ਦੇਸ਼ਾਂ ਦੇ ਸੱਭਿਆਚਾਰਕ ਰੀਤੀ-ਰਿਵਾਜਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਆਦਿ ਕਾਲ ਤੋਂ ਹੀ ਬੰਨ੍ਹੀ ਜਾਂਦੀ ਰਹੀ ਹੈ। ਦਸਤਾਰ ਜਾਂ ਪੱਗ ਮੁੱਢ ਕਦੀਮ ਤੋਂ ਹੀ ਸਮੁੱਚੇ ਏਸ਼ੀਆ ਤੇ ਦੁਨੀਆਂ ਦੇ ਪੂਰਬਾਰਧ ਹਿੱਸੇ ਵਿਚ ਇੱਜ਼ਤ ਦੀ ਨਿਸ਼ਾਨੀ ਤੇ ਸਿਰ ’ਤੇ ਧਾਰਨ ਕਰਨ ਦੀ ਮੁੱਖ ਪੁਸ਼ਾਕ ਮੰਨੀ ਗਈ ਹੈ।

ਦਸਤਾਰ ਦੀ ਲੰਬਾਈ ਤੇ ਬੰਨ੍ਹਣ ਦੇ ਰੰਗ ਅਤੇ ਢੰਗ ਤੋਂ ਬੰਨ੍ਹਣ ਵਾਲੇ ਦੇ ਰੁਤਬੇ ਦਾ ਅਹਿਸਾਸ ਤੇ ਪ੍ਰਗਟਾਵਾ ਹੁੰਦਾ ਹੈ। ਪੱਗ ਸਬੰਧੀ ਇਹ ਵੀ ਧਾਰਨਾ ਹੈ ਕਿ ਇਹ ਪਹਿਲਾਂ ਮਸ਼ਰਿਕ ਵਿੱਚੋਂ ਸ਼ੁਰੂ ਹੋਈ ਹੈ। ਮੁਸਲਮਾਨਾਂ ਦੇ ਨਬੀ ਹਜ਼ਰਤ ਮੁਹੰਮਦ ਸਾਹਿਬ ਵੀ ਪੱਗ ਬੰਨ੍ਹਦੇ ਸਨ। ਵੱਖ-ਵੱਖ ਸੱਭਿਆਚਾਰਾਂ ਤੇ ਸਮਾਜਾਂ ਵਿੱਚ ਪੱਗ ਜਾਂ ਦਸਤਾਰ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ, ਜੋ ਖ਼ੁਸ਼ੀ-ਗਮੀ ਆਦਿ ਦੇ ਮਨੁੱਖੀ ਸੰਸਕਾਰਾਂ ਤੇ ਵਿਹਾਰਾਂ ਨਾਲ ਵੀ ਜੁੜੀ ਹੋਈ ਹੈ। ਸਿੱਖ ਧਰਮ ਵਿੱਚ ਦਸਤਾਰ ਕਈ ਢੰਗਾਂ ਨਾਲ ਬੰਨ੍ਹੀ ਜਾਂਦੀ ਹੈ। ਨਿਹੰਗ ਸਿੰਘਾਂ ਦੀ ਦਸਤਾਰ ਜਿਸ ਨੂੰ ‘ਦੁਮਾਲਾ’ ਕਿਹਾ ਜਾਂਦਾ ਹੈ, ਕਈ ਗਜ਼ ਲੰਬੀ ਹੁੰਦੀ ਹੈ। ਇਸ ਤੋਂ ਇਲਾਵਾ ਪਟਿਆਲਾ ਸ਼ਾਹੀ, ਅੰਮ੍ਰਿਤਸਰੀ, ਪਿਸ਼ੌਰੀ, ਤੁਰਲੇ ਵਾਲੀ, ਅਫ਼ਗਾਨੀ, ਪ੍ਰੈਜ਼ੀਡੈਂਟ ਗਾਰਡ ਆਦਿ ਦਸਤਾਰਾਂ ਦੇ ਰੂਪ ਪ੍ਰਚੱਲਿਤ ਹਨ। ਸਿੱਖ ਧਰਮ ਵਿਚ ਦਸਤਾਰ, ਸਿੱਖ ਦੇ ਆਚਰਨ ਨੂੰ ਉਚੇਰਾ ਬਣਾਉਂਦੀ ਹੈ। ਸਿੱਖ ਦੀ ਦਸਤਾਰ ਦਿਖਾਵੇ ਦੀ ਨਹੀਂ ਸਗੋਂ ਉਸ ਦੀ ਰਹਿਣੀ-ਬਹਿਣੀ ਤੇ ਉੱਚੇ-ਸੁੱਚੇ ਆਚਰਨ ਦਾ ਪ੍ਰਤੀਕ ਹੈ। ਸਿੱਖ ਹਮੇਸ਼ਾਂ ਆਪਣੀ ਪੱਗ ਦੀ ਲਾਜ ਪਾਲਦਾ ਹੈ। ਉਹ ਸੰਸਾਰ ਵਿੱਚ ਵਿਚਰਦਿਆਂ ਅਜਿਹਾ ਕੋਈ ਕੰਮ ਨਹੀਂ ਕਰਦਾ, ਜਿਸ ਨਾਲ ਉਸ ਦੀ ਦਸਤਾਰ ਨੂੰ ਕੋਈ ਦਾਗ਼ ਜਾਂ ਪ੍ਰਸ਼ਨ-ਚਿੰਨ੍ਹ ਲੱਗੇ। ਸਿੱਖ ਧਰਮ ਵਿੱਚ ਦਸਤਾਰ ਦਾ ਬਹੁਤ ਮਹੱਤਵ ਹੈ। ਦਸਤਾਰ ਜਿੱਥੇ ਸਰਦਾਰੀ ਤੇ ਉੱਚੇ ਇਖਲਾਕ ਦੀ ਪ੍ਰਤੀਕ ਹੈ, ਉਥੇ ਇਹ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਸਿੱਖ ਇਤਿਹਾਸ ਵਿੱਚ ਸਿੰਘ-ਸਿੰਘਣੀਆਂ ਦੀਆਂ ਲਾਸਾਨੀ ਸ਼ਹੀਦੀਆਂ ਦੀ ਵੀ ਗਵਾਹੀ ਭਰਦੀ ਹੈ। ਦਸਤਾਰ ਸਾਨੂੰ ਦਸਮ ਪਾਤਸ਼ਾਹ ਦੇ ਨੀਹਾਂ ਵਿੱਚ ਚਿਣੇ ਗਏ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਵੀ ਯਾਦ ਦਿਵਾਉਂਦੀ ਹੈ। ਕਿਸੇ ਦੀ ਦਸਤਾਰ ਲਾਹੁਣਾ ਸਿੱਖ ਧਰਮ ਵਿੱਚ ਚੰਗਾ ਨਹੀਂ ਸਮਝਿਆ ਜਾਂਦਾ। ਮੁਗ਼ਲ ਕਾਲ ਤੋਂ ਲੈ ਕੇ ਵਰਤਮਾਨ ਸਮੇਂ ਤਕ ਆਪਣੇ ਦੇਸ਼ ਵਿੱਚ ਤੇ ਵਿਦੇਸ਼ਾਂ ਵਿੱਚ ਸਿੱਖ ਕੌਮ ਨੂੰ ਦਸਤਾਰ ਬੰਨ੍ਹਣ ਦੇ ਹੱਕ ਨੂੰ ਕਾਇਮ ਰੱਖਣ ਲਈ ਕਈ ਵਾਰ ਜੱਦੋ-ਜਹਿਦ ਕਰਨੀ ਪਈ ਹੈ, ਜਿਸ ਵਿੱਚ ਕੌਮ ਨੂੰ ਦਸਤਾਰ ਲਈ ਕਾਨੂੰਨੀ ਲੜਾਈ ਲੜਨ ਤੋਂ ਇਲਾਵਾ ਮੋਰਚੇ ਤਕ ਲਗਾ ਕੇ ਸੰਘਰਸ਼ ਕਰਨਾ ਪਿਆ ਹੈ। ਸਿੱਖ ਦੀ ਦਸਤਾਰ ਜਿੱਥੇ ਉਸ ਦੀ ਖ਼ੁਦ ਦੀ ਇੱਜ਼ਤ-ਆਬਰੂ ਦੀ ਪ੍ਰਤੀਕ ਹੈ, ਉੱਥੇ ਲੋੜ ਪੈਣ ’ਤੇ ਸਿੱਖ ਆਪਣੀ ਦਸਤਾਰ ਰਾਹੀਂ ਦੂਜਿਆਂ ਦੀ ਇੱਜ਼ਤ ਨੂੰ ਰੁਲਣ ਤੋਂ ਬਚਾਉਣ ਲਈ ਵੀ ਤਤਪਰ ਰਹਿੰਦਾ ਹੈ। ਅੱਜ ਆਧੁਨਿਕਤਾ ਦੀ ਦੌੜ ਵਿੱਚ ਸਾਡੇ ਆਲੇ-ਦੁਆਲੇ ਅਜਿਹਾ ਸਮਾਜ ਸਿਰਜਿਆ ਜਾ ਰਿਹਾ ਹੈ, ਜਿਸ ਕਾਰਨ ਸਿੱਖ ਨੌਜਵਾਨਾਂ ਵਿੱਚ ਪਤਿਤਪੁਣਾ ਪਸਰ ਰਿਹਾ ਹੈ। ਸਿੱਖ ਨੌਜਵਾਨ ਦਸਤਾਰ ਲਈ ਕੀਤੀਆਂ ਕੁਰਬਾਨੀਆਂ ਭਰਿਆ ਇਤਿਹਾਸ ਭੁੱਲਦੇ ਜਾ ਰਹੇ ਹਨ। ਅੱਜ ਸਾਨੂੰ ਲੋੜ ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਦਸਤਾਰ ਦੀ ਕਾਇਮੀ ਪ੍ਰਤੀ ਕੀਤੇ ਸੰਘਰਸ਼ਾਂ ਬਾਰੇ ਦੱਸਣ ਦੀ ਹੈ ਤਾਂ ਕਿ ਉਹ ਪਤਿਤਪੁਣੇ ਦਾ ਰਾਹ ਛੱਡ ਕੇ ਸਿਰਾਂ ’ਤੇ ਦਸਤਾਰਾਂ ਸਜਾ ਕੇ ਆਪਣੀ ਨਿਵੇਕਲੀ ਪਛਾਣ ਕਾਇਮ ਰੱਖ ਸਕਣ।

# ਇਜ਼ਰਾਈਲ ਦੇ ਜੰਗ ਵਿਰੋਧੀ ਕਾਰਕੁੰਨ ਐਲਨ ਲੀ ਗ੍ਰੀਨ ਨਾਲ ਮੁਲਾਕਾਤ



ਮੁਲਾਕਾਤੀ: ਏਮੀ ਗੁੱਡਮੈਨ, ਡੈਮੋਕਰੇਸੀ ਨਾਉ
ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ

(4 ਅਪ੍ਰੈਲ ਸਨਿੱਚਰਵਾਰ ਨੂੰ ਇਜ਼ਰਾਈਲ ਦੇ ਕਈ ਸ਼ਹਿਰਾਂ ਵਿੱਚ ਇਜ਼ਰਾਈਲ ਵਲੋਂ ਇਰਾਨ, ਗਾਜ਼ਾ ਅਤੇ ਲੈਬਨਾਨ ਵਿਰੁੱਧ ਲੜੀ ਜਾ ਰਹੀ ਜੰਗ ਦੇ ਵਿਰੋਧ ਵਿੱਚ ਲੋਕਾਂ ਵਲੋਂ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਸੰਬੰਧ ਵਿੱਚ ਡੈਮੋਕਰੇਸੀ ਨਾਉ ਦੀ ਪੱਤਰਕਾਰ ਏਮੀ ਗੁੱਡਮੈਨ ਨੇ ਇਜ਼ਰਾਈਲ ਦੇ ਜੰਗ ਵਿਰੋਧੀ ਕਾਰਕੁੰਨ ਅਤੇ ਇਜ਼ਰਾਈਲੀਆਂ ਅਤੇ ਫਲਸਤੀਨੀਆਂ ਦੇ ਸਾਂਝੇ ਗਰੁੱਪ "ਸਟੈਂਡਿੰਗ ਟੂਗੈਦਰ" ਦੇ ਸਹਿ-ਡਾਇਰੈਕਟਰ ਐਲਨ ਲੀ ਗ੍ਰੀਨ ਨਾਲ ਇਕ ਮੁਲਾਕਾਤ ਕੀਤੀ ਹੈ, ਜਿਹੜੀ democracy.org ਦੇ ਸਾਈਟ 'ਤੇ 6 ਅਪ੍ਰੈਲ ਨੂੰ ਪ੍ਰਕਾਸ਼ਤ ਹੋਈ। ਪੰਜਾਬੀ ਪਾਠਕਾਂ ਲਈ ਇਸ ਮੁਲਾਕਾਤ ਦਾ ਪੰਜਾਬੀ ਵਿੱਚ ਅਨੁਵਾਦ ਪੇਸ਼ ਹੈ।)

- ਏਮੀ ਗੁਡਮੈਨ: ਅਸੀਂ ਅੱਜ ਦੇ ਸ਼ੋਅ ਦੀ ਸ਼ੁਰੂਆਤ ਇਜ਼ਰਾਈਲ ਤੋਂ ਕਰ ਰਹੇ ਹਾਂ, ਜਿੱਥੇ ਸਨਿੱਚਰਵਾਰ ਨੂੰ ਤੇਲ ਅਵੀਵ ਵਿੱਚ ਇੱਕ ਜੰਗ-ਵਿਰੋਧੀ ਪ੍ਰਦਰਸ਼ਨ ਨੂੰ ਇਜ਼ਰਾਈਲੀ ਪੁਲੀਸ ਨੇ ਹਿੰਸਕ ਤਰੀਕੇ ਨਾਲ ਕੁਚਲਦਿਆਂ ਘੱਟੋ-ਘੱਟ 17 ਲੋਕਾਂ ਨੂੰ ਗ੍ਰਿਫਤਾਰ ਕੀਤਾ। ਇਸ ਇਕੱਠ ਵਿੱਚ ਇਕੱਤਰ ਹੋਏ ਸੈਂਕੜੇ ਲੋਕ ਅਮਰੀਕਾ ਅਤੇ ਇਜ਼ਰਾਈਲ ਵਲੋਂ ਇਰਾਨ ਵਿਰੁੱਧ ਲੜੀ ਜਾ ਰਹੀ ਜੰਗ ਦੀ ਨਿੰਦਾ ਕਰ ਰਹੇ ਸਨ। ਇਹ ਗ੍ਰਿਫਤਾਰੀਆਂ ਇਜ਼ਰਾਈਲ ਦੀ ਸਿਖਰਲੀ ਅਦਾਲਤ ਦੇ ਉਸ ਆਦੇਸ਼ ਦੇ ਬਾਵਜੂਦ ਕੀਤੀਆਂ ਗਈਆਂ, ਜਿਸ ਵਿੱਚ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਜ਼ਰਾਈਲੀ ਪੁਲੀਸ ਨੇ ਫਿਰ ਵੀ ਇਰਾਨੀ ਮਿਜ਼ਾਈਲਾਂ ਦੇ ਖਤਰਿਆਂ ਦਾ ਹਵਾਲਾ ਦਿੰਦੇ ਹੋਏ ਪ੍ਰਦਰਸ਼ਨ ਨੂੰ ਖਿੰਡਾਉਣ ਦੀ ਕੋਸ਼ਿਸ਼ ਕੀਤੀ। ਹਾਈਫਾ ਅਤੇ ਜੇਰੂਸਲਮ ਵਿੱਚ ਵੀ ਪ੍ਰਦਰਸ਼ਨ ਹੋਏ।
- ਹਾਰੇਟਜ਼ ਅਖਬਾਰ ਦੀ ਇਕ ਰਿਪੋਰਟ ਅਨੁਸਾਰ ਪ੍ਰਦਰਸ਼ਨ ਦੇ ਸਮੇਂ ਦੇ ਕਰੀਬ ਯਮਨ ਦੇ ਹੂਥੀਆਂ ਵੱਲੋਂ ਦਾਗੀ ਗਈ ਇੱਕ ਮਿਜ਼ਾਈਲ ਕਾਰਨ ਤੇਲ ਅਵੀਵ ਵਿੱਚ ਸਾਇਰਨ ਵੱਜਣ ਲੱਗੇ, ਪਰ ਪੁਲੀਸ ਨੇ ਕਥਿਤ ਤੌਰ 'ਤੇ ਗ੍ਰਿਫਤਾਰ ਪ੍ਰਦਰਸ਼ਨਕਾਰੀਆਂ ਨੂੰ ਬੰਬਾਂ ਤੋਂ ਬਚਾਅ ਲਈ ਬਣੇ ਅੰਡਰਗ੍ਰਾਊਂਡ ਸ਼ੈਲਟਰ ਵਿੱਚ ਲਿਜਾਣ ਤੋਂ ਇਨਕਾਰ ਕਰ ਦਿੱਤਾ।
- ਇਜ਼ਰਾਈਲ-ਫਲਸਤੀਨੀ ਗਰਾਸ ਰੂਟ ਗਰੁੱਪ 'ਸਟੈਂਡਿੰਗ ਟੂਗੈਦਰ' ਦਾ ਸਹਿ-ਡਾਇਰੈਕਟਰ ਅਤੇ ਤੇਲ ਅਵੀਵ ਵਿੱਚ ਸਨਿੱਚਰਵਾਰ ਦੇ ਜੰਗ-ਵਿਰੋਧੀ ਪ੍ਰਦਰਸ਼ਨ ਦਾ ਪ੍ਰਬੰਧਕ, ਐਲਨ-ਲੀ ਗ੍ਰੀਨ ਵੀ ਗ੍ਰਿਫਤਾਰ ਕੀਤੇ ਗਏ ਲੋਕਾਂ ਵਿੱਚੋਂ ਇੱਕ ਸੀ। ਗ੍ਰਿਫਤਾਰ ਕਰਨ ਤੋਂ ਬਾਅਦ ਉਸ ਨੂੰ ਲਗਭਗ ਸੱਤ ਘੰਟੇ ਬਾਅਦ ਰਿਹਾ ਕਰ ਦਿੱਤਾ ਗਿਆ। ਉਹ ਹੁਣ 'ਡੈਮੋਕਰੇਸੀ ਨਾਉ' 'ਤੇ ਸਾਡੇ ਨਾਲ ਗੱਲ ਕਰਨਗੇ।
- ਐਲਨ-ਲੀ ਅਸੀਂ ਤੁਹਾਡੇ ਨਾਲ ਪਹਿਲਾਂ ਗੱਲ ਕਰ ਰਹੇ ਹਾਂ ਕਿਉਂਕਿ ਇਸ ਇੰਟਰਵਿਊ ਤੋਂ ਤੁਰੰਤ ਬਾਅਦ ਤੁਸੀਂ ਅਦਾਲਤ ਵਿੱਚ ਪੇਸ਼ ਹੋਣਾ ਹੈ। ਪਹਿਲਾਂ, ਇਹ ਦੱਸੋ ਕਿ ਪਿਛਲੇ ਵੀਕ-ਇੰਡ 'ਤੇ ਸੈਂਕੜੇ ਇਜ਼ਰਾਈਲੀ, ਨਾ ਸਿਰਫ ਤੇਲ ਅਵੀਵ ਵਿੱਚ, ਸਗੋਂ ਹਾਈਫਾ ਅਤੇ ਜੇਰੂਸਲਮ ਵਿੱਚ ਵੀ, ਕਿਉਂ ਪ੍ਰਦਰਸ਼ਨ ਕਰ ਰਹੇ ਸਨ, ਤੁਸੀਂ ਉੱਥੇ ਕਿਉਂ ਸੀ, ਤੁਹਾਨੂੰ ਕਿਉਂ ਗ੍ਰਿਫਤਾਰ ਕੀਤਾ ਗਿਆ ਸੀ?
- ਐਲਨ-ਲੀ ਗ੍ਰੀਨ: ਹਾਏ, ਏਮੀ। ਮੈਨੂੰ ਪ੍ਰੋਗਰਾਮ ਵਿੱਚ ਸ਼ਾਮਲ ਕਰਨ ਲਈ ਤੁਹਾਡਾ ਬਹੁਤ ਧੰਨਵਾਦ।
- ਅਸਲ ਵਿੱਚ ਇਸ ਹਫਤੇ ਹਜ਼ਾਰਾਂ ਇਜ਼ਰਾਈਲੀ ਸੜਕਾਂ 'ਤੇ ਉਤਰ ਆਏ ਹਨ, ਅਤੇ ਇਹ ਇੱਕ ਅਜਿਹਾ ਰੋਸ ਹੈ ਜੋ ਇਜ਼ਰਾਈਲ ਵਿੱਚ ਵਧ ਰਿਹਾ ਹੈ। ਲੋਕ ਜਾਣਦੇ ਹਨ ਕਿ ਇਹ ਜੰਗ ਸਾਨੂੰ ਕੋਈ ਸੁਰੱਖਿਆ ਨਹੀਂ ਦੇਵੇਗੀ, ਕਿ ਇਹ ਜੰਗ ਸਿਰਫ ਮਿਡਲ ਈਸਟ ਦੇ ਲੋਕਾਂ - ਲੈਬਨਾਨੀਆਂ, ਫਲਸਤੀਨੀਆਂ, ਇਰਾਨੀਆਂ ਅਤੇ ਇਜ਼ਰਾਈਲੀਆਂ- ਨੂੰ ਨੁਕਸਾਨ ਪਹੁੰਚਾ ਰਹੀ ਹੈ। ਅਸੀਂ ਕੀਮਤ ਅਦਾ ਕਰ ਰਹੇ ਹਾਂ -ਟੁੱਟੇ ਪਰਿਵਾਰਾਂ, ਮਾਰੇ ਜਾ ਰਹੇ ਲੋਕਾਂ, ਢਾਹੇ ਜਾ ਰਹੇ ਘਰਾਂ ਨਾਲ। ਇਹ ਜੰਗ ਦੀ ਅਸਲੀਅਤ ਹੈ।
- ਅਤੇ ਇਹ ਜੰਗ ਟਰੰਪ ਅਤੇ ਨੇਤਨਯਾਹੂ ਦੁਆਰਾ ਸ਼ੁਰੂ ਕੀਤੀ ਗਈ ਜੰਗ ਹੈ। ਅਸੀਂ ਇਸ ਜੰਗ ਦਾ ਵਿਰੋਧ ਕਰਦੇ ਹਾਂ ਕਿਉਂਕਿ ਇਹ ਇੱਕ ਅਣਮੁੱਕਣ ਵਾਲੀ ਜੰਗ ਹੈ। ਇਜ਼ਰਾਈਲ ਗਾਜ਼ਾ ਤੋਂ ਲੈਬਨਾਨ ਤੋਂ ਵੈਸਟ ਬੈਂਕ ਤੋਂ ਈਰਾਨ ਵੱਲ ਵਧ ਰਿਹਾ ਹੈ, ਅਤੇ ਫਿਰ ਉਹਨਾਂ ਹੀ ਮੋਰਚਿਆਂ 'ਤੇ ਵਾਪਸ ਆ ਜਾਂਦਾ ਹੈ। ਉਹ ਸਾਨੂੰ ਦੱਸਦੇ ਹਨ ਕਿ ਇਹ ਸਾਡੀ ਸੁਰੱਖਿਆ ਲਈ ਹੈ। ਪਰ ਅਸਲੀਅਤ ਵਿੱਚ, ਅਸੀਂ ਸਾਰੇ ਕੀਮਤ ਅਦਾ ਕਰ ਰਹੇ ਹਾਂ, ਅਤੇ ਅਸੀਂ ਸਾਰੇ ਇਸ ਜੰਗ ਵਿੱਚ ਹਾਰ ਰਹੇ ਹਾਂ।
- ਏਮੀ ਗੁਡਮੈਨ: ਐਲਨ-ਲੀ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ ਬੱਚਿਆਂ ਦੀਆਂ ਤਸਵੀਰਾਂ ਫੜੀਆਂ ਹੋਈਆਂ ਸਨ ਜੋ ਇਰਾਨ, ਲੈਬਨਾਨ, ਇਜ਼ਰਾਈਲ, ਗਾਜ਼ਾ ਅਤੇ ਵੈਸਟ ਬੈਂਕ ਵਿੱਚ ਮਾਰੇ ਗਏ ਹਨ। ਕੀ ਤੁਸੀਂ ਇਰਾਨ ਵਿਰੁੱਧ ਇਜ਼ਰਾਈਲ ਦੀ ਜੰਗ ਅਤੇ ਲੈਬਨਾਨ ਉੱਤੇ ਹਮਲਿਆਂ ਦੇ ਨਾਲ-ਨਾਲ ਵੈਸਟ ਬੈਂਕ ਵਿੱਚ ਇਜ਼ਰਾਈਲ ਦੀਆਂ ਬਸਤੀਆਂ ਵਸਾਉਣ ਵਾਲਿਆਂ (ਇਜ਼ਰਾਈਲ ਦੇ ਸੈਟਲਰਾਂ) ਦੀ ਹਿੰਸਾ ਅਤੇ ਗਾਜ਼ਾ ਵਿੱਚ ਲਗਾਤਾਰ ਮਾਰੇ ਜਾ ਰਹੇ ਫਲਸਤੀਨੀਆਂ ਵਿਚਕਾਰ ਸਬੰਧਾਂ ਬਾਰੇ ਗੱਲ ਕਰ ਸਕਦੇ ਹੋ?
- ਐਲਨ-ਲੀ ਗ੍ਰੀਨ: ਮੈਨੂੰ ਲਗਦਾ ਹੈ ਕਿ ਇਹ ਸਾਰੇ ਵੱਖ-ਵੱਖ ਮੋਰਚੇ, ਇਹ ਸਾਰੇ ਵੱਖ-ਵੱਖ ਦ੍ਰਿਸ਼ ਇੱਕ ਅਣਮੁੱਕਣ ਵਾਲੀ ਜੰਗ ਵਿੱਚ ਰਲ ਰਹੇ ਹਨ ਜਿਸ ਜੰਗ ਨੂੰ ਸਾਡੀ ਸਰਕਾਰ ਅਤੇ ਸਰਕਾਰਾਂ ਨੇ ਸੱਤਾ ਵਿੱਚ ਬਣੇ ਰਹਿਣ ਲਈ, ਸਾਡੇ ਸਮਾਜ ਵਿੱਚ ਲੋਕਾਂ ਨੂੰ ਕਾਲਪਨਿਕ ਦੁਸ਼ਮਣਾਂ ਵਿਰੁੱਧ ਭੜਕਾਉਣ ਲਈ ਜ਼ਿੰਦਾ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਵਿਸ਼ਵਾਸ ਕਰਦੇ ਹਨ ਕਿ ਜੇਕਰ ਉਹ ਗਾਜ਼ਾ ਵਿੱਚ ਲੋਕਾਂ ਨੂੰ ਮਾਰਨਗੇ ਅਤੇ ਫਿਰ ਸੈਟਲਰਾਂ (ਬਸਤੀਆਂ ਵਸਾਉਣ ਵਾਲਿਆਂ) ਨੂੰ ਵੈਸਟ ਬੈਂਕ ਵਿੱਚ ਲੋਕਾਂ ਦੀ ਹੱਤਿਆ ਕਰਨ ਦੀ ਇਜਾਜ਼ਤ ਦੇਣਗੇ ਅਤੇ ਫਿਰ ਇਰਾਨ ਅਤੇ ਲੈਬਨਾਨ ਉੱਤੇ ਹਮਲਾ ਕਰਨਗੇ, ਤਾਂ ਇਜ਼ਰਾਈਲੀ ਜਨਤਾ ਚੁੱਪ ਰਹੇਗੀ ਅਤੇ ਉਹ ਸੋਚੇਗੀ ਕਿ ਇਹ ਸਮਾਂ ਪ੍ਰਦਰਸ਼ਨ ਕਰਨ ਦਾ ਸਮਾਂ ਨਹੀਂ ਹੈ। ਪਰ ਮੇਰੇ ਖਿਆਲ ਵਿੱਚ ਇਜ਼ਰਾਈਲੀ ਜਨਤਾ ਜਾਗ ਰਹੀ ਹੈ। ਬਹੁਤ ਸਾਰੇ ਲੋਕ ਗੁੱਸੇ ਵਿੱਚ ਹਨ। ਜੰਗ ਨੂੰ ਚਲਦਿਆਂ ਤਿੰਨ ਸਾਲ ਹੋ ਗਏ ਹਨ। ਲੋਕ ਥੱਕ ਗਏ ਹਨ। ਲੋਕ ਆਪਣੇ ਪਰਿਵਾਰਾਂ ਲਈ ਵੱਖਰੀਆਂ ਹਕੀਕਤਾਂ ਚਾਹੁੰਦੇ ਹਨ। ਲੋਕ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਗੁਆ ਰਹੇ ਹਨ ਜੋ ਫੌਜ ਵਿੱਚ ਮਾਰਨ ਅਤੇ ਮਾਰੇ ਜਾਣ ਲਈ ਭੇਜੇ ਜਾਂਦੇ ਹਨ।
- ਅਤੇ ਮੈਂ ਮੰਨਦਾ ਹਾਂ ਕਿ ਇਹ ਇਜ਼ਰਾਈਲ ਵਿੱਚ ਖੱਬੇ ਪੱਖੀਆਂ ਕੋਲ ਸੰਘਰਸ਼ ਨੂੰ ਫਲਸਤੀਨੀਆਂ, ਲੈਬਨਾਨੀਆਂ, ਮਿਡਲ ਈਸਟ ਦੇ ਲੋਕਾਂ ਦੇ ਹਿੱਤਾਂ, ਇਜ਼ਰਾਈਲੀ ਲੋਕਾਂ ਦੇ ਹਿੱਤਾਂ ਨਾਲ ਜੋੜਨ ਦਾ ਵੀ ਇੱਕ ਮੌਕਾ ਹੈ, ਕਿਉਂਕਿ ਲੋਕ ਜੋ ਕੀਮਤ ਅਦਾ ਕਰ ਰਹੇ ਹਨ, ਉਹ ਸਾਰਿਆਂ ਲਈ ਇੱਕੋ ਜਿਹੀ ਕੀਮਤ ਨਹੀਂ ਹੈ। ਮੈਂ ਜਾਣਦਾ ਹਾਂ ਕਿ ਇੱਕ ਇਜ਼ਰਾਈਲੀ ਨਾਗਰਿਕ ਹੋਣ ਦੇ ਨਾਤੇ, ਮੈਂ ਗਾਜ਼ਾ ਜਾਂ ਵੈਸਟ ਬੈਂਕ ਵਿੱਚ ਰਹਿ ਰਹੇ ਫਲਸਤੀਨੀ ਜਿੰਨੀ ਕੀਮਤ ਨਹੀਂ ਅਦਾ ਕਰ ਰਿਹਾ। ਪਰ ਵੱਖ-ਵੱਖ ਡਿਗਰੀਆਂ ਵਿੱਚ ਲੋਕਾਂ ਦਾ ਦੁੱਖ ਫਿਰ ਵੀ ਦੁੱਖ ਹੀ ਹੈ। ਅਤੇ ਗਾਜ਼ਾ, ਵੈਸਟ ਬੈਂਕ, ਲੈਬਨਾਨ, ਇਰਾਨ ਅਤੇ ਇਜ਼ਰਾਈਲ ਵਿੱਚ ਮਾਰੇ ਗਏ ਬੱਚਿਆਂ ਦੀਆਂ ਤਸਵੀਰਾਂ ਫੜਨਾ ਇਹ ਦਿਖਾਉਣ ਦਾ ਇੱਕ ਤਰੀਕਾ ਹੈ ਕਿ ਹਰ ਕੋਈ ਜੰਗ ਵਿੱਚ ਹਾਰ ਰਿਹਾ ਹੈ। ਜਿਨ੍ਹਾਂ ਲੋਕਾਂ ਨੂੰ ਕੁਝ ਫਾਇਦਾ ਹੋ ਰਿਹਾ ਹੈ, ਉਹ ਸਿਰਫ ਟਰੰਪ ਅਤੇ ਨੇਤਨਯਾਹੂ ਵਰਗੇ ਲੋਕ ਹਨ, ਹੋ ਸਕਦਾ ਹੈ ਕਿ ਫਾਇਦਾ ਉਠਾਉਣ ਵਾਲਿਆਂ ਵਿੱਚ ਕੁਝ ਤੇਲ ਕੰਪਨੀਆਂ ਹੋਣ ਜੋ ਇਨ੍ਹਾਂ ਜੰਗਾਂ ਤੋਂ ਬਹੁਤ ਮੁਨਾਫਾ ਕਮਾ ਰਹੀਆਂ ਹਨ।
- ਏਮੀ ਗੁਡਮੈਨ: ਕੀ ਇਜ਼ਰਾਈਲ ਵਿੱਚ ਜੰਗ-ਵਿਰੋਧੀ ਲਹਿਰ ਵਧ ਰਹੀ ਹੈ?
- ਐਲਨ-ਲੀ ਗ੍ਰੀਨ: ਹਾਂ। ਇਹ ਪਹਿਲੇ ਹਫਤੇ ਕੁਝ ਦਰਜਨ ਲੋਕਾਂ ਨਾਲ ਸ਼ੁਰੂ ਹੋਈ ਸੀ ਅਤੇ ਹੁਣ ਸਾਡੀ ਗਿਣਤੀ ਕੁਝ ਹਜ਼ਾਰ ਹੋ ਗਈ ਹੈ। ਪਹਿਲੇ ਹਫਤੇ, ਇਜ਼ਰਾਈਲੀ ਯਹੂਦੀ ਅਬਾਦੀ ਵਿੱਚ ਜੰਗ ਦਾ 90% ਸਮਰਥਨ ਸੀ, ਅਤੇ ਹੁਣ ਇਹ ਪੰਜ ਹਫਤਿਆਂ ਵਿੱਚ ਘਟ ਕੇ 60 ਪ੍ਰਤੀਸ਼ਤ ਦੇ ਕਰੀਬ ਆ ਗਿਆ ਹੈ। ਇਹ ਤੇਜ਼ੀ ਨਾਲ ਘਟ ਰਿਹਾ ਹੈ।
- ਅਤੇ ਮੇਰਾ ਖਿਆਲ ਹੈ ਕਿ ਲੋਕ ਸਮਝ ਰਹੇ ਹਨ ਕਿ ਇਹ ਉਸ ਤਰ੍ਹਾਂ ਨਹੀਂ ਹੈ ਜਿਵੇਂ ਸਰਕਾਰ ਸਾਨੂੰ ਵੇਚਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਨੇ ਸਾਨੂੰ ਦੱਸਿਆ ਸੀ ਕਿ ਇਹ ਇੱਕ ਛੋਟੀ ਜੰਗ ਹੋਵੇਗੀ; ਅਸੀਂ ਲੋਕਤੰਤਰ ਪ੍ਰਾਪਤ ਕਰ ਲਵਾਂਗੇ ਜਾਂ ਇਰਾਨ ਦੀ ਸਰਕਾਰ ਦਾ ਡਿੱਗਣਾ ਪੱਕਾ ਕਰ ਲਵਾਂਗੇ। ਅਸੀਂ ਦੇਖ ਰਹੇ ਹਾਂ ਕਿ ਇਹ ਸੱਚ ਨਹੀਂ ਹੈ, ਨਾ ਸਿਰਫ ਇਹ ਕਿ ਉਹ ਨਹੀਂ ਜਿੱਤ ਰਹੇ, ਬਲਕਿ ਇਹ ਵੀ ਕਿ ਜੇਕਰ ਤੁਸੀਂ ਇਰਾਨੀ ਲੋਕਾਂ ਲਈ ਲੜਨ ਦਾ ਦਾਅਵਾ ਕਰਦੇ ਹੋ, ਤਾਂ ਤੁਸੀਂ ਉਨ੍ਹਾਂ ਦੇ ਤੇਲ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਸੀਂ ਉਨ੍ਹਾਂ ਦੇ ਬੁਨਿਆਦੀ ਢਾਂਚੇ, ਆਰਥਕਤਾ 'ਤੇ ਹਮਲਾ ਕਿਉਂ ਕਰ ਰਹੇ ਹੋ? ਤੁਸੀਂ ਇਰਾਨ ਵਿੱਚ ਇੰਨੇ ਸਾਰੇ ਲੋਕ ਕਿਉਂ ਮਾਰ ਰਹੇ ਹੋ? ਤੁਸੀਂ 40 ਲੱਖ ਇਰਾਨੀਆਂ ਨੂੰ ਸ਼ਰਨਾਰਥੀ ਕਿਉਂ ਬਣਾ ਰਹੇ ਹੋ? ਮੇਰਾ ਖਿਆਲ ਹੈ ਕਿ ਇਹ ਝੂਠ ਹੌਲੀ-ਹੌਲੀ ਬੇਨਕਾਬ ਹੋ ਰਹੇ ਹਨ।
- ਏਮੀ ਗੁਡਮੈਨ: ਕੀ ਬਹੁਤ ਸਾਰੇ ਇਜ਼ਰਾਈਲੀ ਫੌਜ ਵਿੱਚ ਸੇਵਾ ਕਰਨ ਤੋਂ ਇਨਕਾਰ ਕਰ ਰਹੇ ਹਨ?
- ਐਲਨ-ਲੀ ਗ੍ਰੀਨ: ਇਸ ਜੰਗ ਵਿੱਚ, ਅਸੀਂ ਅਜੇ ਤੱਕ ਕਿਸੇ ਇਨਕਾਰੀ ਦਾ ਕੇਸ ਨਹੀਂ ਦੇਖਿਆ ਜੋ ਕਹਿੰਦਾ ਹੋਵੇ ਕਿ ਉਹ ਇਰਾਨੀ ਜੰਗ ਵਿੱਚ ਸੇਵਾ ਨਹੀਂ ਕਰੇਗਾ। ਪਰ ਤੁਸੀਂ ਰਿਜ਼ਰਵ ਫੌਜ ਵਿਚਲੇ ਬਹੁਤ ਸਾਰੇ ਲੋਕਾਂ ਨੂੰ ਇਹ ਕਹਿੰਦੇ ਦੇਖ ਸਕਦੇ ਹੋ ਕਿ ਬੱਸ ਹੋ ਗਿਆ। ਉਹ ਲੈਬਨਾਨ ਨਹੀਂ ਜਾ ਰਹੇ। ਉਹ ਗਾਜ਼ਾ ਵਾਪਸ ਨਹੀਂ ਜਾ ਰਹੇ। ਉਹ ਇਨਕਾਰ ਕਰ ਰਹੇ ਹਨ। ਸਾਡੀ ਲਹਿਰ ਨੇ ਰਿਜ਼ਰਵਿਸਟਾਂ ਅਤੇ ਸੈਨਿਕਾਂ ਨੂੰ ਮਨੁੱਖੀ ਜਾਨਾਂ, ਪਰਿਵਾਰਾਂ, ਗਾਜ਼ਾ, ਵੈਸਟ ਬੈਂਕ, ਲੈਬਨਾਨ ਵਿੱਚ ਬੱਚਿਆਂ ਦੀ ਸੁਰੱਖਿਆ ਦੀ ਨੈਤਿਕਤਾ ਅਪਨਾਉਣ ਲਈ ਕਿਹਾ ਹੈ।
- ਮੇਰੇ ਵਿਚਾਰ ਵਿੱਚ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜੰਗ ਦਾ ਵਿਰੋਧ ਕਰਨ ਵਾਲਾ ਇਜ਼ਰਾਈਲੀ ਹੋਣ ਲਈ ਇੱਕ ਔਖਾ ਮਾਹੌਲ ਹੈ। ਮੈਂ ਇਸ ਸਮੇਂ ਅਦਾਲਤ ਵਿੱਚ ਖੜ੍ਹਾ ਹਾਂ। ਮੇਰੇ ਸਾਹਮਣੇ, ਸੱਜੇ-ਪੱਖੀ ਭੀੜ ਦੇ ਕਾਰਕੁਨਾਂ ਦਾ ਇੱਕ ਸਮੂਹ ਹੈ ਜੋ ਮੈਨੂੰ ਗ੍ਰਿਫਤਾਰ ਕਰਨ ਲਈ ਇੱਥੇ ਆਇਆ ਹੈ, ਅਤੇ ਉਹ ਮੇਰਾ ਧਿਆਨ ਖਿੱਚਣ ਦੀ ਕੋਸ਼ਿਸ਼ ਕਰ ਰਹੇ ਹਨ। ਅਤੇ ਲੋਕ ਮੇਰੇ ਘਰ ਆਏ। ਸਾਨੂੰ ਗ੍ਰਿਫਤਾਰ ਕੀਤਾ ਗਿਆ। ਅਸੀਂ ਜੋ ਕਰ ਰਹੇ ਹਾਂ, ਉਹ ਕਰਨਾ ਅਸਾਨ ਨਹੀਂ ਹੈ, ਪਰ ਅਸੀਂ ਇਹ ਸੰਭਵ ਬਣਾਉਣ, ਇਸ ਨੂੰ ਆਮ ਬਣਾਉਣ, ਇਸ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਆਕੂਪੇਸ਼ਨ (ਕਬਜ਼ੇ) ਦਾ ਵਿਰੋਧ ਕਰਨਾ, ਇਜ਼ਰਾਈਲ-ਫਲਸਤੀਨੀ ਸ਼ਾਂਤੀ ਦਾ ਸਮਰਥਨ ਕਰਨਾ, ਲੈਬਨਾਨ ਜਾਂ ਇਰਾਨ ਜਾਂ ਵੈਸਟ ਬੈਂਕ ਵਿੱਚ ਇਸ ਅਣਮੁੱਕਣ ਵਾਲੀ ਜੰਗ ਦੇ ਅੰਤ ਦਾ ਸਮਰਥਨ ਕਰਨਾ ਦੇਸ਼ ਭਗਤੀ ਵਾਲਾ ਕੰਮ ਹੈ। ਅਤੇ ਮੈਨੂੰ ਲਗਦਾ ਹੈ ਕਿ ਅਸੀਂ ਸਫਲ ਹੋ ਰਹੇ ਹਾਂ ਅਤੇ ਵਧ ਰਹੇ ਹਾਂ।
- ਏਮੀ ਗੁਡਮੈਨ: ਕਿਉਂਕਿ ਤੁਸੀਂ ਇਹ ਗੱਲ ਕੀਤੀ ਹੈ ਕਿ ਤੁਸੀਂ ਇਸ ਸਮੇਂ ਅਦਾਲਤ ਵਿੱਚ ਜਾਣ ਲਈ ਖੜ੍ਹੇ ਹੋ। ਅਸਲ ਵਿੱਚ ਇਹ ਕੇਸ ਇਸ ਵੀਕ-ਇੰਡ 'ਤੇ ਤੁਹਾਡੀ ਗ੍ਰਿਫਤਾਰੀ ਦੇ ਕੇਸ ਤੋਂ ਵੱਖਰਾ ਹੈ। ਕੀ ਤੁਸੀਂ ਦੱਸ ਸਕਦੇ ਹੋ ਕਿ ਪਿਛਲੇ ਹਫਤੇ ਕੀ ਵਾਪਰਿਆ ਸੀ ਜਦੋਂ ਸੱਜੇ-ਪੱਖੀ ਕਾਰਕੁਨਾਂ ਦਾ ਇੱਕ ਸਮੂਹ ਤੁਹਾਡਾ ਪਿੱਛਾ ਕਰਦਾ ਹੋਇਆ ਤੁਹਾਡੇ ਘਰ ਤੱਕ ਪਹੁੰਚ ਗਿਆ ਸੀ, ਅਤੇ ਤੁਸੀਂ ਅੱਜ ਅਦਾਲਤ ਵਿੱਚ ਕਿਉਂ ਹੋ?
- ਐਲਨ-ਲੀ ਗ੍ਰੀਨ: ਜ਼ਰੂਰ। ਸਾਡੇ ਉੱਤੇ ਜ਼ੁਲਮ ਕਰਨ ਅਤੇ ਸਾਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਨ ਵਾਲੀ ਰਾਜ ਦੀ ਇੱਕ ਹੋਰ ਬਾਂਹ ਸਿਰਫ ਪੁਲੀਸ ਹੀ ਨਹੀਂ ਹੈ ਜੋ ਬਹੁਤ ਹੀ ਹਿੰਸਕ ਅਤੇ ਧੱਕੜ ਤਰੀਕੇ ਨਾਲ ਸਾਨੂੰ ਖਿੰਡਾਉਂਦੀ ਹੈ। ਇਹ ਸੰਗਠਿਤ ਸੱਜੇ-ਪੱਖੀ ਸਮੂਹ ਵੀ ਹਨ ਜੋ ਸਾਡਾ ਪਿੱਛਾ ਕਰਦੇ ਹਨ, ਸਾਡੇ ਪਤੇ ਲੱਭਦੇ ਹਨ, ਸਾਡੇ ਘਰਾਂ ਵਿੱਚ ਆਉਂਦੇ ਹਨ, ਸਾਡੇ ਉੱਤੇ ਹਮਲਾ ਕਰਦੇ ਹਨ, ਅਚਾਨਕ ਅੱਧੀ ਰਾਤ ਨੂੰ, ਤੁਹਾਡੇ ਅਪਾਰਟਮੈਂਟ ਦੇ ਦਰਵਾਜ਼ੇ ਦੇ ਬਾਹਰ ਕੁਝ ਦਰਜਨ ਲੋਕਾਂ ਨੂੰ ਲੈ ਕੇ ਆਉਂਦੇ ਹਨ, ਆ ਕੇ ਤੁਹਾਡੀ ਕਾਰ ਨੂੰ ਰੋਕਦੇ ਹਨ, ਤੁਹਾਨੂੰ ਸੜਕ ਦੇ ਵਿਚਕਾਰ ਲੱਭ ਲੈਂਦੇ ਹਨ। ਅਤੇ ਇਹ ਇੱਕ ਹਕੀਕਤ ਹੈ ਜੋ ਵਧ ਰਹੀ ਹੈ। ਉਨ੍ਹਾਂ ਨੂੰ ਪੁਲਿਸ ਦਾ ਸਮਰਥਨ ਪ੍ਰਾਪਤ ਹੈ। ਉਨ੍ਹਾਂ ਨੂੰ ਕਦੇ ਗ੍ਰਿਫਤਾਰ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਕਦੇ — ਆਪਣੀਆਂ ਕਾਰਵਾਈਆਂ ਦੀ ਕੀਮਤ ਨਹੀਂ ਚੁਕਾਉਣੀ ਪੈਂਦੀ। ਇਸ ਲਈ, ਮੈਂ ਅਦਾਲਤ ਤੋਂ ਉਨ੍ਹਾਂ ਵਿੱਚੋਂ ਕੁਝ ਦੇ ਖਿਲਾਫ ਪਾਬੰਦੀ ਦਾ ਹੁਕਮ (ਰਿਸਟ੍ਰੇਨਿੰਗ ਆਰਡਰ) ਲੈਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਅਤੇ ਇਹ ਸ਼ਾਇਦ ਸੰਗਠਿਤ ਹੋਣ ਅਤੇ ਆਪਣੇ ਆਪ ਦੀ ਰੱਖਿਆ ਕਰਨ ਤੋਂ ਇਲਾਵਾ ਸਾਡੇ ਕੋਲ ਹੋਣ ਵਾਲੇ ਉਹਨਾਂ ਥੋੜ੍ਹੇ ਜਿਹੇ ਸਾਧਨਾਂ ਵਿੱਚੋਂ ਇੱਕ ਹੈ।
- ਏਮੀ ਗੁਡਮੈਨ: ਮੈਨੂੰ ਦੱਸੋ, ਸਨਿੱਚਰਵਾਰ ਨੂੰ ਉਸ ਸਮੇਂ ਕੀ ਵਾਪਰਿਆ ਜਦੋਂ ਤੁਹਾਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੂੰ ਕਿਹਾ ਗਿਆ ਸੀ ਕਿ ਤੁਸੀਂ ਜਨਤਕ ਸੁਰੱਖਿਆ ਦੇ ਕਾਰਨ ਪ੍ਰਦਰਸ਼ਨ ਨਹੀਂ ਕਰ ਸਕਦੇ। ਪਰ ਜਦੋਂ ਸਾਇਰਨ ਵੱਜੇ, ਉਦੋਂ ਤੁਸੀਂ ਇੱਕ ਪੁਲੀਸ ਦੀ ਬੱਸ ਵਿੱਚ ਸੀ ਅਤੇ ਜਦੋਂ ਬਾਕੀ ਸਾਰੇ ਸ਼ੈਲਟਰਾਂ ਵੱਲ ਦੌੜ ਗਏ, ਤੁਸੀਂ ਉਹਨਾਂ ਵਿੱਚ ਨਹੀਂ ਜਾ ਸਕਦੇ ਸੀ ਕਿਉਂਕਿ ਪੁਲੀਸ ਨੇ ਤੁਹਾਨੂੰ ਬੱਸ ਵਿੱਚੋਂ ਬਾਹਰ ਨਹੀਂ ਜਾਣ ਦਿੱਤਾ?
- ਐਲਨ-ਲੀ ਗ੍ਰੀਨ: ਸਾਨੂੰ ਜਾਣ ਨਹੀਂ ਦਿੱਤਾ ਗਿਆ। ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਲਈ ਗ੍ਰਿਫਤਾਰ ਕੀਤਾ ਗਿਆ ਸੀ ਕਿ ਅਸੀਂ ਹੋਮ ਫਰੰਟ ਕਮਾਂਡ ਦੇ ਐਮਰਜੈਂਸੀ ਉਪਾਵਾਂ ਦੀ ਉਲੰਘਣਾ ਕਰ ਰਹੇ ਸੀ ਅਤੇ ਅਸੀਂ ਖੁਦ ਆਪਣੇ ਆਪ ਨੂੰ ਖਤਰੇ ਵਿੱਚ ਪਾਇਆ ਸੀ। ਪਰ ਉਦੋਂ ਅਸੀਂ ਪੁਲੀਸ ਦੀ ਬੱਸ ਵਿੱਚ ਸੀ। ਸਾਨੂੰ ਗ੍ਰਿਫਤਾਰ ਕੀਤਾ ਗਿਆ ਸੀ। ਮੈਨੂੰ ਹੱਥਕੜੀਆਂ ਲਾਈਆਂ ਗਈਆਂ ਸਨ। ਅਤੇ ਫਿਰ ਅਸੀਂ ਸਾਰਿਆਂ ਨੇ ਸਾਇਰਨ ਸੁਣੇ, ਅਤੇ ਅਸੀਂ ਪੁਲੀਸ ਨੂੰ ਕਿਹਾ, "ਸਾਨੂੰ ਸ਼ੈਲਟਰਾਂ ਵਿੱਚ ਜਾਣ ਦਿਉ। ਅਸੀਂ ਤੇਲ ਅਵੀਵ ਦੇ ਸਭ ਤੋਂ ਵੱਡੇ ਸ਼ੈਲਟਰ ਦੇ ਉੱਪਰ ਹਾਂ। ਸਾਨੂੰ ਬੱਸ ਵਿੱਚੋਂ ਉਤਰਨ ਅਤੇ ਸ਼ੈਲਟਰ ਵਿੱਚ ਜਾਣ ਦਿਉ।" ਅਤੇ ਉਨ੍ਹਾਂ ਨੇ ਕਿਹਾ, "ਇਹ ਤੁਹਾਡੀ ਸਮੱਸਿਆ ਹੈ। ਤੁਸੀਂ ਜੰਗ ਦੇ ਵਿਚਕਾਰ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।" ਅਤੇ ਅਸੀਂ ਉਨ੍ਹਾਂ 'ਤੇ ਚੀਕਣਾ ਸ਼ੁਰੂ ਕਰ ਦਿੱਤਾ ਅਤੇ ਮੰਗ ਕੀਤੀ ਕਿ ਸਾਨੂੰ ਮਿਜ਼ਾਈਲ ਤੋਂ ਬਚਾਇਆ ਜਾਵੇ ਜੋ ਸਾਡੇ 'ਤੇ ਡਿਗ ਸਕਦੀ ਸੀ। ਅਤੇ ਉਨ੍ਹਾਂ ਨੇ ਸੱਚਮੁੱਚ ਇਹ ਕਰਨ ਤੋਂ ਇਨਕਾਰ ਕਰ ਦਿੱਤਾ।
- ਆਖਰਕਾਰ, ਜਦੋਂ ਸਾਇਰਨ ਵੱਜਣੋਂ ਹੱਟ ਗਿਆ — ਸ਼ਾਇਦ ਸਾਡੇ ਕੋਲ ਹਮਲੇ ਤੋਂ ਪਹਿਲਾਂ ਕੁਝ ਸਕਿੰਟ ਸਨ — ਉਨ੍ਹਾਂ ਨੇ ਸਾਨੂੰ ਸ਼ੀਸ਼ੇ ਦੀਆਂ ਖਿੜਕੀਆਂ ਵਾਲੀ ਇੱਕ ਇਮਾਰਤ ਦੀ ਲਾਬੀ ਵਿੱਚ ਜਾਣ ਦੀ ਇਜਾਜ਼ਤ ਦਿੱਤੀ, ਜੋ ਕਿ ਇੱਕ ਸੁਰੱਖਿਅਤ ਸਥਿਤੀ ਨਹੀਂ ਸੀ, ਅਤੇ ਉਨ੍ਹਾਂ ਨੇ ਸਾਨੂੰ ਜ਼ਮੀਨ 'ਤੇ ਲੇਟਣ ਲਈ ਕਿਹਾ ਤਾਂ ਜੋ ਸਾਡਾ ਬਚਾਅ ਹੋ ਸਕੇ। ਇਹ ਸਾਡੀਆਂ ਜਾਨਾਂ ਲਈ ਖਤਰਾ ਸੀ। ਇਹ ਕੁਝ ਅਜਿਹਾ ਹੈ ਜੋ ਕਾਨੂੰਨ ਨੂੰ ਵੀ ਤੋੜਦਾ ਹੈ। ਸਾਇਰਨ ਵੱਜਣ ਦੌਰਾਨ ਕਿਸੇ ਨੂੰ ਵੀ ਤੁਹਾਨੂੰ ਸ਼ੈਲਟਰ ਵਿੱਚ ਜਾਣ ਤੋਂ ਰੋਕਣ ਦੀ ਇਜਾਜ਼ਤ ਨਹੀਂ ਹੈ। ਅਤੇ ਪੁਲੀਸ ਇਜ਼ਰਾਈਲ ਵਿੱਚ ਕਾਨੂੰਨ ਤੋੜ ਰਹੀ ਹੈ।

- ਬਾਕੀ ਅਗਲੇ ਸਫ਼ੇ 'ਤੇ

- ਏਮੀ ਗੁਡਮੈਨ: ਐਤਵਾਰ ਨੂੰ, ਹਦਾਸ਼-ਤਾਅਲ ਦੇ ਚੇਅਰਮੈਨ, ਨੇਸੇਟ (ਇਜ਼ਰਾਈਲ ਦੀ ਪਾਰਲੀਮੈਂਟ) ਦੇ ਮੈਂਬਰ ਅਯਮਾਨ ਓਦੇਹ ਨੇ ਸੋਸ਼ਲ ਮੀਡੀਆ 'ਤੇ ਲਿਖਿਆ "ਕੱਲ੍ਹ ਜੰਗ-ਵਿਰੋਧੀ ਪ੍ਰਦਰਸ਼ਨ ਵਿੱਚ ਪੁਲੀਸ ਦਾ ਵਤੀਰਾ, ਹਾਈ ਕੋਰਟ ਆਫ਼ ਜਸਟਿਸ ਦੇ ਫੈਸਲੇ ਦੀ ਖੁੱਲ੍ਹੇਆਮ ਉਲੰਘਣਾ ਦੇ ਨਾਲ, ਇਸ ਗੱਲ ਦਾ ਇੱਕ ਹੋਰ ਸਬੂਤ ਹੈ ਕਿ ਅਸੀਂ ਇੱਕ ਇਤਿਹਾਸਕ ਮੋੜ 'ਤੇ ਹਾਂ। ਇਹ ਇੱਥੇ ਭਵਿੱਖ, ਬੋਲਣ ਦੀ ਆਜ਼ਾਦੀ, ਲੋਕਤਾਂਤਰਿਕ ਕਦਰਾਂ-ਕੀਮਤਾਂ, ਅਤੇ ਮਾਣ, ਸੁਰੱਖਿਆ ਅਤੇ ਸਮਾਨਤਾ ਨਾਲ ਜੀਉਣ ਦੇ ਅਧਿਕਾਰ, ਅਤੇ ਸਭ ਤੋਂ ਵੱਧ, ਤਲਵਾਰ ਨਾਲ ਜੀਉਣਾ ਬੰਦ ਕਰਨ ਅਤੇ ਸੱਚੀ ਸ਼ਾਂਤੀ ਲਈ ਯਤਨ ਕਰਨ ਨੂੰ ਬਰਕਰਾਰ ਰੱਖਣ ਲਈ ਸੰਘਰਸ਼ ਹੈ। ਮੈਂ ਉਨ੍ਹਾਂ ਹਜ਼ਾਰਾਂ ਨਾਗਰਿਕਾਂ ਦੀ ਹਿੰਮਤ ਵਧਾਉਂਦਾ ਅਤੇ ਉਨ੍ਹਾਂ ਨਾਲ ਇੱਕਜੁੱਟਤਾ ਜ਼ਾਹਰ ਕਰਦਾ ਹਾਂ




ਪਿਛਲੇ ਸਫ਼ੇ ਦਾ ਬਾਕੀ

- ਜੋ ਕੱਲ੍ਹ ਸਭ ਕੁਝ ਦੇ ਬਾਵਜੂਦ ਪ੍ਰਦਰਸ਼ਨ ਕਰਨ ਲਈ ਨਿਕਲੇ, ਅਤੇ ਜੋ ਫਾਸ਼ੀਵਾਦੀਆਂ ਦੇ ਸਾਹਮਣੇ ਡਟੇ ਰਹੇ। ਅਗਲੇ ਹਫਤੇ, ਸਾਡੀ ਗਿਣਤੀ ਦਹਿ-ਹਜ਼ਾਰਾਂ ਵਿੱਚ ਹੋਵੇਗੀ। ਕਿਉਂਕਿ ਉਹ ਸਾਨੂੰ ਜਿੰਨਾ ਦਬਾਉਣਗੇ ਅਤੇ ਚੁੱਪ ਕਰਾਉਣਗੇ ਉਨਾ ਹੀ ਸਾਡੀ ਗਿਣਤੀ ਵਧੇਗੀ ਅਤੇ ਉਨਾ ਹੀ ਜ਼ਿਆਦਾ ਅਸੀਂ ਸਫਲ ਹੋਵਾਂਗੇ।" ਐਲਨ-ਲੀ ਕੀ ਤੁਸੀਂ ਦੱਸ ਸਕਦੇ ਹੋ ਕਿ ਹਦਾਸ਼-ਤਾਅਲ ਪਾਰਟੀ ਕੀ ਹੈ, ਅਯਮਾਨ ਉਦੇਹ ਕੌਣ ਹੈ— ਅਤੇ ਉਸ ਵਲੋਂ ਹਾਈ ਕੋਰਟ ਦਾ ਹਵਾਲਾ ਦੇਣ ਦਾ ਕੀ ਮਤਲਬ ਹੈ ਕਿ ਤੁਸੀਂ ਪ੍ਰਦਰਸ਼ਨ ਕਰ ਸਕਦੇ ਹੋ?
- ਐਲਨ-ਲੀ ਗ੍ਰੀਨ: ਅਯਮਾਨ ਓਦੇਹ ਨੇਸੇਟ (ਪਾਰਲੀਮੈਂਟ) ਵਿੱਚ ਇਜ਼ਰਾਈਲ ਵਿੱਚ ਫਲਸਤੀਨੀ ਘੱਟ ਗਿਣਤੀ ਦੀ ਨੁਮਾਇੰਦਗੀ ਕਰਨ ਵਾਲੀ ਹਦਾਸ਼-ਤਾਅਲ ਪਾਰਟੀ ਦਾ ਮੁਖੀ ਹੈ। ਇਜ਼ਰਾਈਲ ਵਿੱਚ ਇਜ਼ਰਾਈਲ ਦੇ ਕੁੱਲ ਨਾਗਰਿਕਾਂ ਦਾ 20% ਫਲਸਤੀਨੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਲਗਭਗ ਚਾਰ ਰਾਜਨੀਤਿਕ ਪਾਰਟੀਆਂ ਹਨ, ਅਤੇ ਉਹ ਇਨ੍ਹਾਂ ਪਾਰਟੀਆਂ ਵਿੱਚੋਂ ਖੱਬੇ-ਪੱਖੀ ਪਾਰਟੀ ਦਾ ਆਗੂ ਹੈ।
- ਅਤੇ ਉਹ ਇਜ਼ਰਾਈਲ ਦੀ ਸੁਪਰੀਮ ਕੋਰਟ ਵਿੱਚ ਇੱਕ ਸੁਣਵਾਈ ਦਾ ਹਵਾਲਾ ਦੇ ਰਿਹਾ ਹੈ — ਜਿੱਥੇ ਇਹ ਸਵਾਲ ਪੁੱਛਿਆ ਗਿਆ ਸੀ ਕਿ ਕੀ ਜੰਗ ਹੋਣ ਦੇ ਬਾਵਜੂਦ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੋਣਾ ਕਾਨੂੰਨੀ ਹੈ। ਅਸੀਂ ਸੁਪਰੀਮ ਕੋਰਟ ਵਿੱਚ ਗਏ, ਅਤੇ ਅਸੀਂ ਉਨ੍ਹਾਂ ਨੂੰ ਦੱਸਿਆ, "ਇਜ਼ਰਾਈਲ ਵਿੱਚ ਹਮੇਸ਼ਾਂ ਜੰਗ ਰਹਿੰਦੀ ਹੈ। ਤੁਸੀਂ ਕਹਿੰਦੇ ਹੋ ਕਿ ਇਹ ਮਹੀਨਿਆਂ, ਸਾਲਾਂ ਤੱਕ ਰਹਿ ਸਕਦੀ ਹੈ। ਕੀ ਇਸ ਦਾ ਮਤਲਬ ਹੈ ਕਿ ਸਾਨੂੰ ਕਦੇ ਵੀ ਜੰਗ ਦੇ ਵਿਰੁੱਧ ਪ੍ਰਦਰਸ਼ਨ ਕਰਨ ਦਾ ਅਧਿਕਾਰ ਨਹੀਂ ਹੈ?" ਇਸ ਲਈ ਅਸੀਂ ਇਸ ਨੂੰ ਇੱਕ ਸੰਵਿਧਾਨਕ ਸਵਾਲ ਵਜੋਂ ਸੁਪਰੀਮ ਕੋਰਟ ਵਿੱਚ ਲੈ ਕੇ ਗਏ, ਅਤੇ ਸੁਪਰੀਮ ਕੋਰਟ ਹੁਣ ਇਸ 'ਤੇ ਵਿਚਾਰ ਕਰ ਰਹੀ ਹੈ। ਉਹ ਵੀਰਵਾਰ ਨੂੰ ਇਸ ਸਵਾਲ ਬਾਰੇ ਫੈਸਲਾ ਸੁਣਾਏਗੀ ਕਿ ਕੀ ਇਹ ਅਜੇ ਵੀ ਕਾਨੂੰਨੀ ਹੈ ਅਤੇ ਸਾਨੂੰ ਅਜੇ ਵੀ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ, ਭਾਵੇਂ ਕਿ ਇਜ਼ਰਾਈਲ ਵਿੱਚ ਹੋਮ ਫਰੰਟ ਕਮਾਂਡ ਦੇ ਵਿਸ਼ੇਸ਼ ਸੁਰੱਖਿਆ ਅਤੇ ਐਮਰਜੈਂਸੀ ਉਪਾਅ ਲਾਗੂ ਹਨ। ਉਨ੍ਹਾਂ ਨੇ ਪੁਲੀਸ ਨੂੰ ਕਿਹਾ ਕਿ ਜਦੋਂ ਤੱਕ ਵਿਚਾਰ ਚਰਚਾ ਨਹੀਂ ਹੁੰਦੀ, ਜਦੋਂ ਤੱਕ ਫੈਸਲਾ ਨਹੀਂ ਆ ਜਾਂਦਾ, ਉਦੋਂ ਤੱਕ ਉਹ ਸਾਨੂੰ ਖਿੰਡਾਉਣ ਦੇ ਹੱਕਦਾਰ ਨਹੀਂ ਹਨ। ਪਰ ਪੁਲੀਸ ਨੇ ਮੰਤਰੀ ਬੇਨ-ਗਵੀਰ ਦੀ ਮੰਗ 'ਤੇ ਅਮਲ ਕੀਤਾ, ਜਿਸ ਨੇ ਗ੍ਰਿਫਤਾਰੀਆਂ ਕਰਨ ਦੀ ਮੰਗ ਕੀਤੀ ਸੀ।
- ਏਮੀ ਗੁਡਮੈਨ: ਕਿਉਂਕਿ ਤੁਸੀਂ ਅਦਾਲਤ ਵਿੱਚ ਜਾਣਾ ਹੈ, ਇਸ ਲਈ ਮੈਂ ਅੰਤ ਵਿੱਚ ਓਫਰ ਕੈਸਿਫ ਬਾਰੇ ਗੱਲ ਕਰਨਾ ਚਾਹੁੰਦੀ ਹਾਂ, ਜੋ ਅਯਮਾਨ ਓਦੇਹ ਵਾਂਗ, ਹਦਾਸ਼-ਤਾਅਲ ਗੱਠਜੋੜ ਨਾਲ ਸੰਬੰਧਿਤ ਇਜ਼ਰਾਈਲੀ ਨੇਸੇਟ (ਪਾਰਲੀਮੈਂਟ) ਦਾ ਇੱਕ ਮੈਂਬਰ ਹੈ। ਉਹ ਕਹਿੰਦਾ ਹੈ ਕਿ ਸ਼ਨੀਵਾਰ ਦੇ ਜੰਗ-ਵਿਰੋਧੀ ਪ੍ਰਦਰਸ਼ਨ ਨੂੰ ਖਿੰਡਾਉਣ ਦੌਰਾਨ ਪੁਲਿਸ ਨੇ ਉਸ ਨਾਲ ਕੁੱਟਮਾਰ ਕੀਤੀ। ਪਿਛਲੇ ਮਹੀਨੇ ਡੈਮੋਕਰੇਸੀ ਨਾਉ ਨਾਲ ਗੱਲ ਕਰਦਿਆਂ, ਉਸ ਨੇ ਜੰਗ ਦੇ ਵਿਰੋਧ ਵਿੱਚ ਇਹ ਕਿਹਾ ਸੀ:
- ਓਫਰ ਕੈਸਿਫ: ਪਰ ਉਨ੍ਹਾਂ ਸਰਕਾਰਾਂ, ਉਨ੍ਹਾਂ ਸਾਮਰਾਜਵਾਦੀਆਂ ਅਤੇ ਉਨ੍ਹਾਂ ਦੇ ਭਾਈਵਾਲਾਂ ਦਾ ਅਸਲੀ ਹਿਤ - ਅਸਲ ਕਾਰਨ ਇਹ ਹੈ ਕਿ ਉਹ ਆਪਣੇ ਆਰਥਿਕ ਅਤੇ ਰਾਜਨੀਤਕ ਹਿਤਾਂ ਨੂੰ ਪ੍ਰਾਪਤ ਕਰਨ ਲਈ, ਲੋਕਾਂ ਦੀ ਕੀਮਤ 'ਤੇ, ਜੋ ਕੁਝ ਵੀ ਕਰ ਸਕਦੇ ਹਨ, ਕਰਨਗੇ। ਇਹਨਾਂ ਲੋਕਾਂ ਵਿੱਚ ਇਰਾਨ ਦੇ ਲੋਕ ਅਤੇ ਇਜ਼ਰਾਈਲ ਦੇ ਲੋਕ ਵੀ ਸ਼ਾਮਲ ਹਨ। ਬਦਕਿਸਮਤੀ ਨਾਲ, ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਾਡੀ ਭਲਾਈ ਜਾਂ ਇਰਾਨ ਦੇ ਲੋਕਾਂ ਜਾਂ ਅਮਰੀਕੀ ਲੋਕਾਂ ਦੀ ਭਲਾਈ ਅਤੇ ਹਿੱਤ ਵਿੱਚ ਸੱਚੀ ਦਿਲਚਸਪੀ ਨਹੀਂ ਹੈ, ਅਤੇ ਇਹ ਮੁੱਖ ਮਸਲਾ ਹੈ। ਇਹ ਇਰਾਨੀ ਲੋਕਾਂ ਦੇ ਵਿਰੁੱਧ ਇੱਕ ਸਾਮਰਾਜਵਾਦੀ ਹਮਲਾ ਹੈ। ਇਹ ਨਿਜ਼ਾਮ ਦੇ ਵਿਰੁੱਧ ਨਹੀਂ ਹੈ। ਉਹ ਚਾਹੁੰਦੇ ਹਨ ਕਿ ਅਸੀਂ ਵਿਸ਼ਵਾਸ ਕਰੀਏ ਕਿ ਇਹ ਨਿਜ਼ਾਮ ਦੇ ਵਿਰੁੱਧ ਹੈ। ਆਖਰਕਾਰ ਇਹ ਇਰਾਨ ਦੇ ਲੋਕਾਂ ਦੇ ਵਿਰੁੱਧ ਹੈ। ਅਤੇ ਇਤਿਹਾਸ ਇਹ ਸਾਬਤ ਕਰਦਾ ਹੈ।
- ਅਤੇ ਅਸੀਂ, ਇਜ਼ਰਾਈਲ ਵਿੱਚ ਆਕੂਪੇਸ਼ਨ-ਵਿਰੋਧੀ, ਨਸਲਕੁਸ਼ੀ-ਵਿਰੋਧੀ, ਸ਼ਾਂਤੀ ਅੰਦੋਲਨ ਵਿੱਚ ਹੁੰਦੇ ਹੋਏ ਇਹ ਜਾਣਦੇ ਹਾਂ। ਇਸ ਸਮੇਂ ਮਿਜ਼ਾਈਲਾਂ ਦੇ ਕਾਰਨ ਅਤੇ ਐਮਰਜੈਂਸੀ ਸਥਿਤੀ ਦੀ ਆੜ ਵਿੱਚ ਸਰਕਾਰ ਵੱਲੋਂ ਲਗਾਈਆਂ ਗਈਆਂ ਪਾਬੰਦੀਆਂ ਦੇ ਕਾਰਨ ਸੜਕਾਂ 'ਤੇ ਉਤਰਨਾ ਅਤੇ ਪ੍ਰਦਰਸ਼ਨ ਕਰਨਾ ਬਹੁਤ ਮੁਸ਼ਕਲ ਹੈ। ਪਰ ਅਸੀਂ ਜਾਣਦੇ ਹਾਂ ਕਿ ਦਾਅ 'ਤੇ ਕੀ ਲੱਗਿਆ ਹੋਇਆ ਹੈ। ਅਸੀਂ ਜਾਣਦੇ ਹਾਂ ਕਿ ਸਰਕਾਰਾਂ ਦੇ ਅਸਲ ਹਿੱਤ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹਨ, ਅਤੇ ਅਸੀਂ ਵਿਰੋਧ ਕਰਨ ਅਤੇ ਇਸ ਖੂਨ-ਖਰਾਬੇ ਨੂੰ ਰੋਕਣ ਲਈ ਜੋ ਕੁਝ ਵੀ ਕਰ ਸਕਦੇ ਹਾਂ, ਕਰਦੇ ਹਾਂ।
- ਏਮੀ ਗੁਡਮੈਨ: ਤਾਂ, ਇਹ ਸੀ ਓਫਰ ਕੈਸਿਫ, ਇਜ਼ਰਾਈਲੀ ਨੇਸੇਟ (ਪਾਰਲੀਮੈਂਟ) ਅਤੇ ਖੱਬੇ-ਪੱਖੀ ਹਦਾਸ਼-ਤਾਅਲ ਪਾਰਟੀ ਦਾ ਮੈਂਬਰ। ਉਹ ਵੀ ਪ੍ਰਦਰਸ਼ਨ ਵਿੱਚ ਸੀ ਅਤੇ ਕਹਿੰਦਾ ਹੈ ਕਿ ਉਸ ਨਾਲ ਕੁੱਟਮਾਰ ਕੀਤੀ ਗਈ ਸੀ । ਮੈਂ ਇਜ਼ਰਾਇਲੀ-ਫਲਸਤੀਨੀ ਗਰਾਸ ਰੂਟ ਗਰੁੱਪ "ਸਟੈਂਡਿੰਗ ਟੂਗੈਦਰ" ਦੇ ਸਹਿ-ਡਾਇਰੈਕਟਰ, ਇਜ਼ਰਾਈਲ ਵਿੱਚ ਸਨਿੱਚਰਵਾਰ ਨੂੰ ਜੰਗ-ਵਿਰੋਧੀ ਪ੍ਰਦਰਸ਼ਨ ਦੇ ਪ੍ਰਬੰਧਕ ਅਤੇ ਤੇਲ ਅਵੀਵ ਵਿੱਚ ਜੰਗ ਵਿਰੋਧੀ ਪ੍ਰਦਰਸ਼ਨ ਵਿੱਚ ਗ੍ਰਿਫਤਾਰ ਕੀਤੇ ਗਏ ਐਲਨ-ਲੀ ਗ੍ਰੀਨ ਦਾ ਸਾਡੇ ਨਾਲ ਗੱਲਬਾਤ ਕਰਨ ਲਈ ਧੰਨਵਾਦ ਕਰਦੀ ਹਾਂ। ਇਕ ਹੋਰ ਕੇਸ ਦੇ ਸੰਬੰਧ ਵਿੱਚ ਇਸ ਸਮੇਂ ਉਹ ਅਦਾਲਤ ਵਿੱਚ ਹਾਜ਼ਰ ਹੈ।






# ਦੇਸੀ ਤੜਕਾ

## ਪੰਜਾਬੀ ਸਟਾਈਲ ਰਾਜਮਾਂਹ



**ਸਮੱਗਰੀ**

- ਰਾਜਮਾਂਹ - 1/2 ਕੱਪ,
- 2 ਕੱਟੇ ਹੋਏ ਟਮਾਟਰ,
- 2 ਕੱਟੀਆਂ ਹਰੀਆਂ ਮਿਰਚਾਂ,
- 1 ਪਿਆਜ਼,
- 1/2 ਚਮਚ ਲਾਲ ਮਿਰਚ ਪਾਊਡਰ,
- 2 ਚਮਚ ਧਨੀਆ ਪਾਊਡਰ,
- 1 ਚਮਚ ਗਰਮ ਮਸਾਲਾ,
- 1 ਟੁਕੜਾ ਅਦਰਕ,
- 2 ਤੇਜ ਪੱਤੇ,
- 2 ਵੱਡੀ ਇਲਾਇਚੀ,
- 1/4 ਚਮਚ ਅਮਚੂਰ,
- ਕੱਟਿਆ ਹੋਇਆ ਹਰਾ ਧਨੀਆ,
- 3 ਚਮਚ ਤੇਲ,
- ਲੂਣ- ਸੁਆਦ ਅਨੁਸਾਰ

**ਬਣਾਉਣ ਦਾ ਤਰੀਕਾ :** ਰਾਜਮਾਂਹ ਬਣਾਉਣ ਲਈ ਡੇਢ ਕੱਪ ਰਾਜਮਾਂਹ ਵਿੱਚ ਚਾਰ ਕੱਪ ਪਾਣੀ ਮਿਲਾ ਕੇ ਰਾਤ ਭਰ ਭਿਓਂ ਕੇ ਰੱਖੋ। ਜੇਕਰ ਤੁਸੀਂ ਘੱਟ ਸਮੇਂ 'ਚ ਰਾਜਮਾਂਹ ਬਣਾਉਣਾ ਚਾਹੁੰਦੇ ਹੋ ਤਾਂ ਰਾਜਮਾਂਹ ਨੂੰ ਗਰਮ ਪਾਣੀ 'ਚ 2-3 ਘੰਟੇ ਲਈ ਭਿਓ ਕੇ ਰੱਖੋ। ਇਸ ਤੋਂ ਬਾਅਦ ਪ੍ਰੈਸ਼ਰ ਕੁੱਕਰ 'ਚ ਰਾਜਮਾਂਹ, ਤੇਜ ਪੱਤਾ, ਵੱਡੀ ਇਲਾਇਚੀ ਅਤੇ ਇਕ ਚਮਚ ਨਮਕ ਪਾ ਕੇ ਘੱਟ ਅੱਗ 'ਤੇ ਉਬਾਲਣ ਲਈ ਰੱਖੋ। ਇਨ੍ਹਾਂ ਨੂੰ ਉਬਾਲਣ 'ਚ 15 ਤੋਂ 20 ਮਿੰਟ ਲੱਗਣਗੇ। ਪਿਆਜ਼, ਅਦਰਕ ਅਤੇ ਹਰੀ ਮਿਰਚ ਨੂੰ ਮਿਕਸਰ 'ਚ ਪਾ ਕੇ ਬਰੀਕ ਪੇਸਟ ਬਣਾ ਲਓ। ਇਸ ਤੋਂ ਬਾਅਦ ਟਮਾਟਰ ਨੂੰ ਕੱਟ ਲਓ ਅਤੇ ਮਿਕਸਰ 'ਚ ਪੀਸ ਲਓ। ਹੁਣ ਇਕ ਕੜਾਹੀ ਲੈ ਕੇ ਇਸ ਵਿਚ ਤੇਲ ਪਾ ਕੇ ਮੱਧਮ ਅੱਗ 'ਤੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਪਿਆਜ਼ ਦਾ ਪੇਸਟ ਪਾ ਕੇ ਸੁਨਹਿਰੀ ਹੋਣ ਤੱਕ ਭੁੰਨ ਲਓ। ਜਦੋਂ ਪਿਆਜ਼ ਸੁਨਹਿਰੀ ਹੋ ਜਾਵੇ ਤਾਂ ਇਸ 'ਚ ਲਾਲ ਮਿਰਚ ਪਾਊਡਰ, ਧਨੀਆ, ਗਰਮ ਮਸਾਲਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਲਗਭਗ 1 ਮਿੰਟ ਤੱਕ ਭੁੰਨ ਲਓ। ਇਸ ਤੋਂ ਬਾਅਦ ਇਸ 'ਚ ਟਮਾਟਰ ਦੀ ਪਿਊਰੀ ਪਾਓ ਅਤੇ ਮਸਾਲਾ ਤੇਲ ਛੱਡਣ ਤੱਕ ਪਕਾਓ। ਇਸ ਤੋਂ ਬਾਅਦ ਉਬਲੇ ਹੋਏ ਰਾਜਮਾਂਹ ਨੂੰ ਇਸ ਭੁੰਨੇ ਹੋਏ ਮਸਾਲੇ 'ਚ ਪਾਓ। ਰਾਜਮਾਂਹ ਨੂੰ ਮਸਾਲੇ ਦੇ ਨਾਲ ਚੰਗੀ ਤਰ੍ਹਾਂ ਮਿਲਾਓ। ਹੁਣ ਇਸ ਨੂੰ ਕਰੀਬ 10 ਮਿੰਟ ਹੋਰ ਪੱਕਣ ਦਿਓ। ਇਸ ਤੋਂ ਬਾਅਦ ਗੈਸ ਬੰਦ ਕਰ ਦਿਓ। ਇਸ ਤਰ੍ਹਾਂ ਤੁਹਾਡਾ ਸੁਆਦੀ ਰਾਜਮਾਂਹ ਤਿਆਰ ਹੈ। ਇਸ ਨੂੰ ਹਰੇ ਧਨੀਏ ਨਾਲ ਗਾਰਨਿਸ਼ ਕਰੋ। ਤੁਸੀਂ ਰਾਜਮਾਂਹ ਨੂੰ ਰੋਟੀ ਜਾਂ ਚੌਲਾਂ ਨਾਲ ਖਾ ਸਕਦੇ ਹੋ।

## ਦੱਖਣੀ ਭਾਰਤ ਦਾ ਮਸ਼ਹੂਰ ਮੇਦੂ ਵੜਾ



**ਸਮੱਗਰੀ**

- ਉੜਦ ਦੀ ਦਾਲ - 1 ਕੱਪ
- ਸੁੱਕਾ ਨਾਰੀਅਲ - 1 ਚਮਚ
- ਚੌਲਾਂ ਦਾ ਆਟਾ - 1 ਚਮਚ
- ਅਦਰਕ ਬਾਰੀਕ ਕੱਟਿਆ - 1 ਚਮਚ
- ਹਿੰਗ - 1 ਚੂੰਡੀ
- ਕੱਟੀਆਂ ਹੋਈਆਂ ਹਰੀਆਂ ਮਿਰਚਾਂ - 2
- ਕਰੀ ਪੱਤੇ - 7-8
- ਧਨੀਆ ਪੱਤੇ ਕੱਟੇ ਹੋਏ - 2 ਚਮਚ
- ਤੇਲ - ਲੋੜ ਅਨੁਸਾਰ
- ਲੂਣ - ਸੁਆਦ ਅਨੁਸਾਰ

**ਬਣਾਉਣ ਦਾ ਤਰੀਕਾ :** ਮੇਦੂ ਵੜਾ ਬਣਾਉਣ ਲਈ ਸਭ ਤੋਂ ਪਹਿਲਾਂ ਉੜਦ ਦੀ ਦਾਲ ਲਓ ਅਤੇ ਇਸ ਨੂੰ ਪਾਣੀ 'ਚ ਭਿਓ ਕੇ ਘੱਟੋ-ਘੱਟ 3 ਘੰਟੇ ਲਈ ਰੱਖ ਦਿਓ। ਨਿਰਧਾਰਤ ਸਮੇਂ ਤੋਂ ਬਾਅਦ, ਦਾਲ 'ਚੋਂ ਪਾਣੀ ਕੱਢ ਕੇ ਮਿਕਸਰ ਦੀ ਮਦਦ ਨਾਲ ਪੀਸ ਕੇ ਪੇਸਟ ਬਣਾ ਲਓ। ਧਿਆਨ ਰਹੇ ਕਿ ਦਾਲ ਦਾ ਬਹੁਤ ਪਤਲਾ ਪੇਸਟ ਬਣਾਉਣ ਦੀ ਬਜਾਏ ਪੇਸਟ ਨੂੰ ਥੋੜ੍ਹਾ ਮੋਟਾ ਰੱਖੋ। ਹੁਣ ਇਸ ਪੇਸਟ ਨੂੰ ਕਟੋਰੀ 'ਚ ਕੱਢ ਲਓ ਅਤੇ ਇਕ ਪਾਸੇ ਰੱਖ ਦਿਓ। ਇਸ ਤੋਂ ਬਾਅਦ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ ਅਤੇ ਇਸ ਨੂੰ ਉਦੋਂ ਤੱਕ ਹਿਲਾਉਂਦੇ ਰਹੋ ਜਦੋਂ ਤੱਕ ਕਿ ਬੈਟਰ ਹਲਕਾ ਨਾ ਹੋ ਜਾਵੇ। ਇਸ ਤੋਂ ਬਾਅਦ ਇਸ ਵਿਚ ਕੱਟਿਆ ਹੋਇਆ ਅਦਰਕ, ਕੜੀ ਪੱਤਾ, ਹਰਾ ਧਨੀਆ, ਸੁੱਕਾ ਨਾਰੀਅਲ, ਹੀਂਗ, ਚੌਲਾਂ ਦਾ ਆਟਾ ਅਤੇ ਸਵਾਦ ਅਨੁਸਾਰ ਨਮਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਕਸ ਕਰ ਲਓ। ਇੱਕ ਵਾਰ ਫਿਰ ਆਟੇ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ।

ਹੁਣ ਇੱਕ ਕੜਾਹੀ ਲੈ ਕੇ ਇਸ ਵਿੱਚ ਤੇਲ ਪਾ ਕੇ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਆਪਣੇ ਹੱਥਾਂ ਨੂੰ ਗਿੱਲਾ ਕਰੋ ਅਤੇ ਇੱਕ ਛੋਟਾ ਬਾਲ ਸਾਈਜ਼ ਬੈਟਰ ਲੈ ਕੇ ਪਹਿਲਾਂ ਗੋਲ ਕਰੋ, ਫਿਰ ਇਸ ਨੂੰ ਹਥੇਲੀ 'ਤੇ ਚਪਟਾ ਕਰੋ ਅਤੇ ਵਿਚਕਾਰ ਇੱਕ ਸੁਰਾਖ ਬਣਾ ਲਓ। ਇਸੇ ਤਰ੍ਹਾਂ ਆਟੇ ਤੋਂ ਮੇਦੂ ਵੜਾ ਤਿਆਰ ਕਰੋ। ਹੁਣ ਇਨ੍ਹਾਂ ਨੂੰ ਪੈਨ 'ਚ ਪਾ ਕੇ ਫਰਾਈ ਕਰੋ। ਮੇਦੂ ਵੜਾ ਨੂੰ ਮੱਧਮ ਅੱਗ 'ਤੇ ਤਲਣ ਦਿਓ। ਇਨ੍ਹਾਂ ਨੂੰ ਦੋਹਾਂ ਪਾਸਿਆਂ ਤੋਂ ਗੋਲਡਨ ਬਰਾਊਨ ਹੋਣ ਤੱਕ ਫਰਾਈ ਕਰੋ। ਜਦੋਂ ਮੇਦੂ ਕੁਰਕੁਰਾ ਹੋ ਜਾਵੇ ਤਾਂ ਇਨ੍ਹਾਂ ਨੂੰ ਵੱਖ ਪਲੇਟ 'ਚ ਕੱਢ ਲਓ। ਇਸੇ ਤਰ੍ਹਾਂ ਸਾਰੇ ਮੇਦੂ ਵੜੇ ਨੂੰ ਤਲ ਲਓ। ਨਾਸ਼ਤੇ ਲਈ ਸੁਆਦੀ ਮੇਦੂ ਵੜਾ ਤਿਆਰ ਹੈ। ਇਨ੍ਹਾਂ ਨੂੰ ਸਾਂਬਰ ਜਾਂ ਚਟਨੀ ਨਾਲ ਪਰੋਸੋ।

# ਤਕਨਾਲੋਜੀ ਟਾਈਮਜ਼

## ਡਿਜੀਟਲ ਮਾਰਕੀਟ ਐਕਟ: ਕੀ ਗੂਗਲ ਨੂੰ ਆਪਣੀ ਗੁਪਤ ਜਾਣਕਾਰੀ ਦੂਜੇ ਸਰਚ ਇੰਜਣਾਂ ਨੂੰ ਦੇਣੀ ਪਵੇਗੀ?

ਸਰੀ, (ਦਿਵਰੂਪ ਕੌਰ): ਯੂਰਪੀ ਕਮਿਸ਼ਨ ਨੇ ਵੀਰਵਾਰ ਨੂੰ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਦੂਰਗਾਮੀ ਪ੍ਰਸਤਾਵ ਪੇਸ਼ ਕਰਦਿਆਂ ਗੂਗਲ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੇ ਸਰਚ ਡਾਟਾ ਤੱਕ ਤੀਜੀ ਧਿਰ ਦੇ ਸਰਚ ਇੰਜਣਾਂ ਦੀ ਪਹੁੰਚ ਯਕੀਨੀ ਬਣਾਏ। ਇਸ ਪ੍ਰਸਤਾਵ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਇਸ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ 'ਤੇ ਆਧਾਰਿਤ ਚੈਟਬੋਟਸ ਦੀ ਜਾਣਕਾਰੀ ਵੀ ਸ਼ਾਮਲ ਕੀਤੀ ਗਈ ਹੈ। ਇਹ ਸਾਰੀ ਕਾਰਵਾਈ ਯੂਰਪ ਦੇ ਨਵੇਂ ਡਿਜੀਟਲ ਮਾਰਕੀਟ ਐਕਟ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਕੀਤੀ ਜਾ ਰਹੀ ਹੈ। ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਇਸ ਕਦਮ ਦਾ ਮੁੱਖ ਮਕਸਦ ਹੋਰਨਾਂ ਸਰਚ ਇੰਜਣਾਂ ਨੂੰ ਆਪਣੀਆਂ ਸੇਵਾਵਾਂ ਵਿੱਚ ਸੁਧਾਰ ਕਰਨ ਅਤੇ ਗੂਗਲ ਸਰਚ ਦੀ ਮਜ਼ਬੂਤ ਸਥਿਤੀ ਨੂੰ ਚੁਣੌਤੀ ਦੇਣ ਵਿੱਚ ਮਦਦ ਕਰਨਾ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਡਾਟਾ ਸਾਂਝਾ ਕਰਨ ਨਾਲ ਬਾਜ਼ਾਰ ਵਿੱਚ ਸਿਹਤਮੰਦ ਮੁਕਾਬਲੇਬਾਜ਼ੀ ਵਧੇਗੀ।




ਦੂਜੇ ਪਾਸੇ ਗੂਗਲ ਨੇ ਇਸ ਪ੍ਰਸਤਾਵ ਦਾ ਸਖ਼ਤ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਗੂਗਲ ਦੀ ਸੀਨੀਅਰ ਕੰਪੀਟੀਸ਼ਨ ਕੌਂਸਲ ਕਲੇਅਰ ਕੈਲੀ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਤਕਨੀਕੀ ਦਿੱਗਜ ਕੰਪਨੀ ਇਨ੍ਹਾਂ ਉਪਾਵਾਂ ਵਿਰੁੱਧ ਕਾਨੂੰਨੀ ਲੜਾਈ ਲੜੇਗੀ। ਉਨ੍ਹਾਂ ਦਾ ਤਰਕ ਹੈ ਕਿ ਇਹ ਕਦਮ ਸਰਕਾਰ ਦੀਆਂ ਸੀਮਾਵਾਂ ਤੋਂ ਬਾਹਰ ਹੈ ਅਤੇ ਇਸ ਨਾਲ ਉਪਭੋਗਤਾਵਾਂ ਦੀ ਨਿੱਜਤਾ ਨੂੰ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ। ਕਲੇਅਰ ਕੈਲੀ ਨੇ ਚਿੰਤਾ ਪ੍ਰਗਟਾਈ ਕਿ ਲੱਖਾਂ ਯੂਰਪੀਅਨ ਨਾਗਰਿਕ ਆਪਣੀਆਂ ਬੇਹੱਦ ਨਿੱਜੀ ਜਾਣਕਾਰੀਆਂ ਜਿਵੇਂ ਕਿ ਸਿਹਤ, ਪਰਿਵਾਰ ਅਤੇ ਵਿੱਤੀ ਮਾਮਲਿਆਂ ਬਾਰੇ ਗੂਗਲ 'ਤੇ ਸਰਚ ਕਰਦੇ ਹਨ। ਉਨ੍ਹਾਂ ਅਨੁਸਾਰ ਕਮਿਸ਼ਨ ਦਾ ਇਹ ਪ੍ਰਸਤਾਵ ਕੰਪਨੀ ਨੂੰ ਇਹ ਸਾਰਾ ਸੰਵੇਦਨਸ਼ੀਲ ਡਾਟਾ ਤੀਜੀ ਧਿਰ ਨੂੰ ਸੌਂਪਣ ਲਈ ਮਜਬੂਰ ਕਰੇਗਾ, ਜਿਸ ਕੋਲ ਨਿੱਜਤਾ ਦੀ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਨਹੀਂ ਹਨ।

ਯੂਰਪੀ ਸੰਘ ਵੱਲੋਂ ਪ੍ਰਸਤਾਵਿਤ ਇਨ੍ਹਾਂ ਉਪਾਵਾਂ ਵਿੱਚ ਡਾਟਾ ਸਾਂਝਾ ਕਰਨ ਦੇ ਦਾਇਰੇ, ਸਾਧਨਾਂ ਅਤੇ ਵਾਰ-ਵਾਰ ਡਾਟਾ ਦੇਣ ਦੀ ਪ੍ਰਕਿਰਿਆ ਨੂੰ ਵਿਸਥਾਰ ਵਿੱਚ ਦੱਸਿਆ ਗਿਆ ਹੈ। ਕਮਿਸ਼ਨ ਨੇ ਇਹ ਵੀ ਕਿਹਾ ਹੈ ਕਿ ਨਿੱਜੀ ਡਾਟਾ ਨੂੰ ਗੁਪਤ ਰੱਖਣ ਲਈ ਉਸ ਨੂੰ ਗੁੰਮਨਾਮ ਬਣਾਉਣ ਦੇ ਉਪਾਅ ਕੀਤੇ ਜਾਣਗੇ। ਇਸ ਦੇ ਨਾਲ ਹੀ ਡਾਟਾ ਪ੍ਰਾਪਤ ਕਰਨ ਵਾਲੀਆਂ ਕੰਪਨੀਆਂ ਲਈ ਪਹੁੰਚ ਦੀ ਪ੍ਰਕਿਰਿਆ ਅਤੇ ਡਾਟਾ ਦੀਆਂ ਕੀਮਤਾਂ ਨਿਰਧਾਰਿਤ ਕਰਨ ਲਈ ਵੀ ਪੈਰਾਮੀਟਰ ਤੈਅ ਕੀਤੇ ਜਾਣਗੇ। ਕਮਿਸ਼ਨ ਦਾ ਮੁੱਖ ਟੀਚਾ ਇਹ ਹੈ ਕਿ 'ਡਾਟਾ ਲਾਭਪਾਤਰੀ' ਕੰਪਨੀਆਂ ਆਪਣੇ ਸਰਚ ਇੰਜਣਾਂ ਨੂੰ ਬਿਹਤਰ ਬਣਾ ਸਕਣ ਤਾਂ ਜੋ ਉਹ ਗੂਗਲ ਦੇ ਮੁਕਾਬਲੇ ਬਾਜ਼ਾਰ ਵਿੱਚ ਆਪਣੀ ਜਗ੍ਹਾ ਬਣਾ ਸਕਣ।

ਇਸ ਪ੍ਰਸਤਾਵ 'ਤੇ ਵਿਚਾਰ ਕਰਨ ਲਈ ਸਾਰੀਆਂ ਸਬੰਧਿਤ ਧਿਰਾਂ ਕੋਲ 1 ਮਈ ਤੱਕ ਦਾ ਸਮਾਂ ਹੈ। ਉਹ ਆਪਣੇ ਵਿਚਾਰ ਅਤੇ ਇਤਰਾਜ਼ ਕਮਿਸ਼ਨ ਕੋਲ ਜਮ੍ਹਾਂ ਕਰਵਾ ਸਕਦੇ ਹਨ। ਇਸ ਸਾਰੀ ਪ੍ਰਕਿਰਿਆ ਤੋਂ ਬਾਅਦ ਜੁਲਾਈ ਵਿੱਚ ਅੰਤਿਮ ਫੈਸਲਾ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਗੂਗਲ ਨੂੰ ਮਾਰਚ 2025 ਵਿੱਚ ਡਿਜੀਟਲ ਮਾਰਕੀਟ ਐਕਟ ਦੀ ਉਲੰਘਣਾ ਦੇ ਦੋਸ਼ਾਂ ਵਿੱਚ ਨਾਮਜ਼ਦ ਕੀਤਾ ਗਿਆ ਸੀ। ਹਾਲਾਂਕਿ ਗੂਗਲ ਨੇ ਯੂਰਪੀ ਰੈਗੂਲੇਟਰਾਂ ਅਤੇ ਵਿਰੋਧੀ ਕੰਪਨੀਆਂ ਨੂੰ ਸ਼ਾਂਤ ਕਰਨ ਲਈ ਆਪਣੇ ਪੱਧਰ 'ਤੇ ਕੁਝ ਪ੍ਰਸਤਾਵ ਪੇਸ਼ ਕੀਤੇ ਸਨ, ਪਰ ਵਿਰੋਧੀ ਕੰਪਨੀਆਂ ਨੇ ਉਨ੍ਹਾਂ ਨੂੰ ਨਾਕਾਫ਼ੀ ਦੱਸਦਿਆਂ ਰੱਦ ਕਰ ਦਿੱਤਾ ਸੀ।

ਗੂਗਲ ਲਈ ਇਹ ਕਾਨੂੰਨੀ ਲੜਾਈ ਬਹੁਤ ਮਹਿੰਗੀ ਸਾਬਤ ਹੋ ਸਕਦੀ ਹੈ। 2017 ਤੋਂ ਲੈ ਕੇ ਹੁਣ ਤੱਕ ਗੂਗਲ ਨੂੰ ਯੂਰਪ ਵਿੱਚ ਵੱਖ-ਵੱਖ ਐਂਟੀ-ਟਰਸਟ ਉਲੰਘਣਾਵਾਂ ਲਈ 9.71 ਬਿਲੀਅਨ ਯੂਰੋ ਯਾਨੀ ਲਗਭਗ 11.43 ਬਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਜਾ ਚੁੱਕਾ ਹੈ। ਡਿਜੀਟਲ ਮਾਰਕੀਟ ਐਕਟ ਦੀਆਂ ਸ਼ਰਤਾਂ ਇੰਨੀਆਂ ਸਖ਼ਤ ਹਨ ਕਿ ਜੇਕਰ ਕੋਈ ਕੰਪਨੀ ਨਿਯਮਾਂ ਦੀ ਉਲੰਘਣਾ ਕਰਦੀ ਪਾਈ ਜਾਂਦੀ ਹੈ, ਤਾਂ ਉਸ ਨੂੰ ਆਪਣੀ ਵਿਸ਼ਵਵਿਆਪੀ ਸਾਲਾਨਾ ਆਮਦਨ ਦਾ 10% ਤੱਕ ਜੁਰਮਾਨਾ ਭਰਨਾ ਪੈ ਸਕਦਾ ਹੈ। ਇਹ ਸਥਿਤੀ ਗੂਗਲ ਵਰਗੀ ਵੱਡੀ ਕੰਪਨੀ ਲਈ ਆਰਥਿਕ ਅਤੇ ਪ੍ਰਤਿਸ਼ਠਾ ਦੇ ਪੱਖੋਂ ਇੱਕ ਵੱਡੀ ਚੁਣੌਤੀ ਬਣੀ ਹੋਈ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਜੁਲਾਈ ਵਿੱਚ ਆਉਣ ਵਾਲਾ ਫੈਸਲਾ ਤਕਨੀਕੀ ਜਗਤ ਦੀ ਤਸਵੀਰ ਨੂੰ ਕਿਵੇਂ ਬਦਲਦਾ ਹੈ। This report was written by Divroop Kaur as part of the Local Journalism Initiative.

ਬਰਾੜ-ਭਗਤਾ ਭਾਈ ਕਾ
+1-604-751-1113

# ਜੰਨ ਦਾ ਕੁਟਾਪਾ



ਗੁੜ੍ਹੇ ਸਿਆਲ ਦੇ ਦਿਨਾਂ 'ਚ ਗਹਿਰੀ ਧੁੰਦ ਜਦ ਕੁਝ ਹਲਕੀ ਹੋਈ ਤਾਂ ਪਿੰਡ ਦੇ ਲੋਕ ਰਾਤ ਦੇ ਬਣੇ ਸਰੋਂ ਦੇ ਸਾਗ ਨਾਲ ਅੰਨ੍ਹੇ ਦੀ ਹਿੱਕ ਵਰਗੀਆਂ ਰੋਟੀਆਂ ਖਾ ਕੇ ਗਿਆਰਾਂ ਕੁ ਵਜਦੇ ਨੂੰ ਸੱਥ 'ਚ ਜੁੜਣੇ ਸ਼ੁਰੂ ਹੋ ਗਏ। ਨੀਲੀਆਂ, ਲਾਲ, ਹਰੀਆਂ ਡੱਬੀਆਂ ਵਾਲੇ ਮੋਟੇ ਖੇਸ ਦੀ ਬੁੱਕਲ ਮਾਰੀ ਸੱਥ 'ਚ ਬੈਠੇ ਬਾਬੇ ਗੰਡਾ ਸਿਉਂ ਨੂੰ ਪ੍ਰਤਾਪੇ ਭਾਊ ਨੇ ਆ ਕੇ ਪੁੱਛਿਆ,

"ਕੀ ਗੱਲ ਬਾਬਾ ਤੂੰ ਨ੍ਹੀ ਗਿਆ ਸਰਪੈਂਚਾਂ ਦੀ ਜੰਨ ਬਈ। ਤੂੰ ਤਾਂ ਪਿੰਡ ਦੇ ਕਹਿੰਦੇ ਕਹਾਉਂਦੇ ਗਿਣਮੇਂ ਚੋਨਮੇਂ ਬੰਦਿਆਂ 'ਚ ਆਉਨੈ। ਜਿਹੜੇ ਪੰਜ ਸੱਤ ਸਾਲ ਰਹਿੰਦੇ ਐ, ਜਾ ਆਇਆ ਕਰ ਜੰਨ ਜੁੰਨ। ਜਦੋਂ ਜਲੇਬੀਆਂ ਦਾ ਟੈਮ ਨੇੜੇ ਆ ਗਿਆ ਫੇਰ ਤਾਂ ਪਤਾ ਈ ਐ ਬਈ ਦੇਵਪੁਰੀ ਨੂੰ ਜਾਣਾ ਈ ਐਂ।" ਬਾਬੇ ਗੰਡਾ ਸਿਉਂ ਨੇ ਵੀ ਲਿਆ ਫਿਰ ਭਾਊ ਦੇ ਝੱਗੇ ਦਾ ਮੇਚ, "ਤੂੰ ਕਿਹੜਾ ਘਿਉ ਕਪੂਰੀ ਰੰਗ ਦੀ ਪੱਗ ਬੰਨ੍ਹ ਕੇ ਜੰਨ ਚੜ੍ਹਿਐਂ। ਨਾਲੇ ਸਾਡੇ ਅਰਗੇ ਬੁੜ੍ਹੇ ਬੰਦਿਆਂ ਦੀਆਂ ਕਾਹਦੀਆਂ ਜੰਨਾਂ। ਇਹ ਤਾਂ ਸੋਡੇ ਅਰਗੇ ਖਾਣ ਪੀਣ ਆਲਿਆਂ ਦਾ ਮੇਲਾ ਹੁੰਦਾ। ਅਸੀਂ ਤਾਂ ਹੁਣ ਨੱਬਿਆਂ ਨੂੰ ਅੱਪੜਣ ਆਲੇ ਐਂ, ਹੁਣ ਤਾਂ ਫੋਕਾ ਪਾਣੀ ਵੀ ਹਾਜਮੇ 'ਤੇ ਇਉਂ ਲੜਦਾ ਜਿਮੇਂ ਰੇਲੋ ਮਾਈ ਭਮੱਕੜਾ ਦਾ ਨਾਂਅ ਸੁਣ ਕੇ ਸ਼ਰਾਬੀ ਹੋਈ ਬਾਂਦਰੀ ਆਂਗੂੰ ਬੁੱੜਕਦੀ ਹੁੰਦੀ ਐ। ਓੱਥੇ ਜੰਨ ਬਗਾਹੇ ਤਾਂ ਤੈਨੂੰ ਪਤਾ ਈ ਐ ਬਈ ਦਾਰੂ ਤੇ ਝਟਕੇ ਝੁਟਕੇ ਤੋਂ ਬਿਨਾਂ ਹੋਰ ਕੁਸ ਹੁੰਦਾ ਨ੍ਹੀ ਬਹੁਤਾ। ਮਿੱਠੇ ਤੋਂ ਮੈਂ ਊਂ ਈਂ ਚਾਲੂ ਆਂ। ਨਾਲੇ ਹੁਣ ਤਾਂ ਜਾਏ ਈ ਖੜ੍ਹੇ ਐਂ ਜੰਨ।"

ਬਾਬੇ ਦੇ ਨਾਲ ਬੈਠਾ ਬੰਤਾ ਬੁੜ੍ਹਾ ਕਹਿੰਦਾ, "ਮੁੰਡਾ ਤਾਂ ਗੰਡਾ ਸਿਆਂ ਕੋਈ ਗਿਆ ਈ ਹੋਣੈ। ਨਾਲੇ ਸਰਪੈਂਚਾਂ ਦਾ ਲਾਣਾ ਤਾਂ ਸੋਡੇ ਸਕਿਆਂ 'ਚੋਂ ਐਂ।"

ਬਾਬਾ ਕਹਿੰਦਾ, "ਮੁੰਡੇ ਤਾਂ ਜੰਨ ਗਏ ਸੀ। ਮੈਂ ਤਾਂ ਵੱਸ ਐਮੇਂ ਘਰੇ ਈ ਦੋ ਕੁ ਵਾਰੀ ਜਾ ਜੂ ਆਇਆ ਸੀ। ਜੰਨ ਨ੍ਹੀ ਮੈਂ ਗਿਆ। ਨਾਲੇ ਬੰਤ ਸਿਆਂ ਹੁਣ ਸਫਰ ਸੁਫਰ ਮਨ੍ਹੀ ਹੁੰਦਾ। ਹੁਣ ਤਾਂ ਹੱਡ ਵੀ ਜਵਾਬ ਦੇਈ ਖੜ੍ਹੇ ਐ। ਮੈਂ ਤਾਂ ਵਾਘਰੂ ਦਾ ਸ਼ੁਕਰ ਕਰਦਾਂ ਬਈ ਏਨਾ ਈਂ ਬਥੇਰਾ ਜਿਹੜਾ ਸੱਥ 'ਚ ਆਉਣ ਜੋਗੇ ਤਾਂ ਹੈਗੇ ਆਂ।"

ਪ੍ਰਤਾਪਾ ਭਾਊ ਫੇਰ ਬੋਲਿਆ ਬਾਬੇ ਨੂੰ, "ਇਨ੍ਹਾਂ ਦੀ ਜੰਨ ਤਾਂ ਬਾਬਾ ਵੇਖਣ ਆਲੀ ਸੀ। ਐਮੇ ਈਂ ਰਹਿ ਗਿਆ ਤੂੰ ਤਾਂ।"

ਮਾਹਲੇ ਨੰਬਰਦਾਰ ਨੇ ਭਾਊ ਨੂੰ ਪੁੱਛਿਆ, "ਤੂੰ ਗਿਆ ਸੀ ਭਾਊ ਜੰਨ?" ਭਾਊ ਕਹਿੰਦਾ, "ਮੈਂ ਤਾਂ ਆਪ ਨ੍ਹੀ ਗਿਆ।" ਭਾਊ ਦੀ ਗੱਲ ਸੁਣ ਕੇ ਬਾਬਾ ਭਾਊ ਨੂੰ ਕਤਾੜ ਕੇ ਪੈ ਗਿਆ, "ਜੰਨ ਤੂੰ ਗਿਆ ਨ੍ਹੀ, ਜੰਨ ਚੜ੍ਹਦੀ ਨ੍ਹੀ ਤੂੰ ਵੇਖੀ, ਮੇਰੇ ਨਾਲ ਜੰਨ ਦੀਆਂ ਗੱਲਾਂ ਇਉਂ ਮਾਰਦੈਂ ਜਿਮੇਂ ਵਚੋਲੇ ਆਲੇ ਜੀਪੂ 'ਚ ਬਹਿ ਕੇ ਗਿਆ ਹੁੰਨੈ।"

ਸੀਤਾ ਮਰਾਸੀ ਬਾਬੇ ਦੀ ਗੱਲ ਤੋਂ ਹੱਸ ਕੇ ਕਹਿੰਦਾ, "ਆਹ ਕੀ ਹੁੰਦਾ ਬਾਬਾ ਜਿਹੜਾ ਤੂੰ ਜੀਪੂ ਕਹਿਨੈਂ। ਜੀਪ ਤਾਂ ਭਲਾਂ ਹੁੰਦੀ ਐ ਆਹ ਜੀਪੂ ਕੀ ਐ। ਇਹ ਕਿਹੜਾ ਸੰਦ ਐ ਬਈ?" ਨਾਥਾ ਅਮਲੀ ਵੀ ਮਰਾਸੀ ਨੂੰ ਵੱਢ ਖਾਣੀ ਬਾਂਦਰੀ ਵਾਂਗੂੰ ਭੱਜ ਕੇ ਪੈ ਗਿਆ, "ਤੈਨੂੰ ਐਨਾ ਮਨ੍ਹੀ ਪਤਾ ਬਈ ਜੀਪੂ ਕਾਸਨੂੰ ਕਹਿੰਦਾ ਬਾਬਾ। ਆਹ ਛਕੜੇ ਜੇ ਨੂੰ ਜੀਪੂ ਕਹਿੰਦਾ ਜਿਹੜਾ ਆਪਣੇ ਪਿੰਡ ਆਲੇ ਕਰਤਾਰੇ ਝਿੱਫ ਦਾ ਮੁੰਡਾ ਤੋਗਾ ਲਈ ਫਿਰਦਾ।"

ਬਾਬਾ ਹੱਸ ਕੇ ਕਹਿੰਦਾ, "ਹਾਂ-ਹਾਂ ਉਹੋ ਜੀਪੂ ਈ ਐ ਹੋਰ ਕੀਅ੍ਹਾ ਓਹੋ। ਅੰਗਾਂ ਵੰਗਾਂ ਜੀਆਂ 'ਕੱਠੀਆਂ ਕਰਕੇ ਜਗਾੜ ਜਾ ਜੋੜਿਆ ਵਿਆ। ਨਾ ਤਾਂ ਉਹ ਪੀਟਰ ਇੰਜਨ ਈ ਐਂ, ਨਾ ਈ ਕੋਈ ਚੱਜ ਦੀ ਬਾਡੀ ਐ। ਬੁੜ੍ਹਿਆਂ ਵੇਲੇ ਦਾ ਲੱਕੜ ਆਲਾ ਗੱਡਾ ਸੀ ਉਹੋ, ਜੂਲਾ ਵੱਢ ਕੇ ਚੁੱਲ੍ਹੇ 'ਚ ਢਾਹ 'ਤਾ, ਲੱਕੜ ਆਲੇ ਪਹੀਏ ਲਾਹ ਕੇ ਟੈਰ ਪਾ ਲੇ। ਵੱਸ! ਚਲਾ 'ਤੀ ਘੜੁੱਕਾ ਟਰਾਂਸਫੋਟ। ਪਿੰਡੋਂ ਭਿੱਖੀ ਤੇ ਭਿਖੀਉਂ ਪਿੰਡ। ਆਥਣ ਨੂੰ ਦਾਲ ਭਾਜੀ ਜੋਗੇ ਬਣਾ ਲੈਂਦਾ। ਜੀਪੂ ਨ੍ਹੀ ਤਾਂ ਹੋਰ ਕੀਅ੍ਹੈ।" ਮਾਹਲਾ ਨੰਬਰਦਾਰ ਕਹਿੰਦਾ, "ਗੰਡਾ ਸਿਆਂ ਇਹ ਤਾਂ ਜੰਨ ਦੀਆਂ ਸੁਣੀਆਂ ਸਣਾਈਆਂ ਗੱਲਾਂ ਦੱਸਦੈ। ਜਿਹੜੇ ਜੰਨ ਗਏ ਐ, ਪਤਾ ਤਾਂ ਉਨ੍ਹਾਂ ਨੂੰ ਐਂ ਬਈ ਕੀ ਖੱਲਰ੍ਹ ਪਾ ਕੇ ਆਏ ਐ ਜਾਨੀ।"

ਬਾਬੇ ਨੇ ਮਾਹਲੇ ਨੰਬਰਦਾਰ ਨੂੰ ਪੁੱਛਿਆ, "ਕੀ ਕੋਈ ਗੱਲ ਹੋ ਗੀ ਓੱਥੇ ਨੰਬਰਦਾਰਾ?"

ਨੰਬਰਦਾਰ ਕਹਿੰਦਾ, "ਕੁੜੀ ਆਲਿਆਂ ਨੇ ਕੁੱਟ ਕੁੱਟ ਕੇ ਜੰਨ ਦੇ ਪਾ 'ਤੇ ਰੋਂਭੜੇ। ਆਹ ਖੇਤ ਆਲਿਆ ਦਾ ਪੀਤਾ ਤੁਰਦਾ ਨ੍ਹੀ ਵੇਖਿਆ ਜਿਮੇਂ ਬੱਕਰੀ ਦੇ ਲੱਤਾਂ 'ਚ ਡਹਾ ਪਾਇਆ ਹੁੰਦਾ। ਇਹਦੇ ਵੀ ਖਾਸੀ ਕੁੱਟ ਪਈ ਲੱਗਦੀ ਐ।" ਬੱਗਾ ਕਾਮਰੇਡ ਕਹਿੰਦਾ, "ਕਰੀ ਤਾਂ ਇੱਕ ਨੇ ਐਂ, ਭਰੀ ਸਾਰੀ ਜੰਨ ਨੇ ਐਂ। ਨਾਲੇ ਅਗਲਿਆਂ ਨੇ ਕੁੜੀ ਨ੍ਹੀ ਤੋਰੀ। ਜੰਨ ਬਰੰਗ ਚਿੱਠੀ ਆਂਗੂੰ ਮੋੜ 'ਤੀ ਅਗਲਿਆਂ ਨੇ।"




ਨਾਥਾ ਅਮਲੀ ਕਹਿੰਦਾ, "ਕਾਮਰੇਟਾ ਤੂੰ ਜੰਨ ਮੁੜਣ ਦੀਆਂ ਗੱਲਾਂ ਕਰਦੈਂ। ਜੇ ਕਿਤੇ ਪੁਲਸ ਨੂੰ 'ਤਲਾਹ ਹੋ ਜਾਂਦੀ, ਫੇਰ ਵੇਂਹਦਾ ਪੁਲਸ ਕੁੱਟ ਕੁੱਟ ਕੇ ਕਿਮੇਂ ਢਹੇ ਗੀਰ੍ਹੇ ਆਂਗੂੰ ਕਰਦੀ। ਇਹ ਤਾਂ ਹਜੇ ਇਨ੍ਹਾਂ ਦੇ ਕਰਮ ਚੰਗੇ ਸੀ ਬਚਕੇ ਆ ਗੇ। ਜਦੋਂ ਖਲਪਾੜਾਂ ਚੱਲਣ ਲੱਗੀਆਂ ਇਹ ਜਾਨੀ ਜੇ ਖਿੰਡ ਪੁੰਡ ਕੇ ਈ ਆਏ ਐ ਪਿੰਡ। ਪਤਾ ਨ੍ਹੀ ਆਪਣੇ ਪਿੰਡ 'ਚ ਕੀ ਭੂਤ ਵੜਿਆ ਵਿਆ। ਆਪਣੇ ਪਿੰਡ ਦੀਆਂ ਏਦੂੰ ਪਹਿਲਾਂ ਅੱਠ ਨੌ ਜੰਨਾਂ ਕੁੱਟੀਆਂ ਗਈਆਂ। ਆਹ ਪਿਛਲੇ ਸਿਆਲ 'ਚ ਸੱਜਣ ਪਾਹੜੇ ਦੇ ਮੁੰਡੇ ਦੀ ਜੰਨ ਨਾਲ ਕੁੜੀ ਆਲਿਆਂ ਨੇ ਉਹ ਕੀਤੀ, ਜਿਹੜੀ ਰਹੇ ਰੱਬ ਦਾ ਨਾਂਅ। ਜਿਹੜੇ ਓਸ ਪਿੰਡ ਆਪਣੇ ਪਿੰਡ ਦੇ ਮੁੰਡੇ ਕੁੜੀਆਂ ਮੰਗੇ ਵੇ ਸੀ ਉਨ੍ਹਾਂ ਨੂੰ ਵੀ ਇੱਕ ਦੂਜੇ ਪਾਸਿਉਂ ਜਵਾਬ ਮਿਲ ਗਿਆ। ਸਾਲ ਨ੍ਹੀ ਪੈਂਦਾ, ਕਿਸੇ ਨਾ ਕਿਸੇ ਦੀ ਜੰਨ ਦਾ ਬੂੱਘਦੂ ਵੱਜ ਈ ਜਾਂਦਾ।"

ਬਾਬੇ ਗੰਡਾ ਸਿਉਂ ਪੁੱਛਿਆ, "ਆਹ ਹੁਣ ਸਰਪੈਂਚਾਂ ਦੀ ਜੰਨ ਨੇ ਕੀ ਚੰਦ ਚਾੜ੍ਹਿਆ, ਉਹ ਤਾਂ ਦੱਸੋ।"

ਬੁੱਘਰ ਦਖਾਣ ਕਹਿੰਦਾ, "ਕੀ ਦੱਸੀਏ ਬਾਬਾ! ਕਲਯੁਗ ਆ ਗਿਆ। ਅੱਗੇ ਤਾਂ ਸੁਣਦੇ ਹੁੰਦੇ ਸੀ ਬਈ ਆਹ ਪਾਹੜੇ ਮੁੰਡੇ ਛੇੜਦੇ ਹੁੰਦੇ ਸੀ ਕੁੜੀਆਂ, ਹੁਣ ਬੁੜ੍ਹੇ ਛੇੜਣ ਲੱਗ ਪੇ। ਕੁੱਟੀ ਖਾਣੀ ਸੀ ਹੋਰ ਕੀ ਹੋਣਾ ਸੀ।"

ਸੀਤੇ ਮਰਾਸੀ ਨੇ ਪੁੱਛਿਆ, "ਕਿਹੜੇ ਬੁੜ੍ਹੇ ਨੇ ਛੇੜ 'ਤੀ ਕੁੜੀ?" ਨਾਥਾ ਅਮਲੀ ਕਹਿੰਦਾ, "ਘਾਹ ਚੁਗਣਿਆਂ ਦੇ ਬੁੜ੍ਹੇ ਬੀਰੂ ਨੇ ਕਹਿੰਦੇ ਐ।" ਬਾਬੇ ਗੰਡਾ ਸਿਉਂ ਨੇ ਪੌਣੀ ਸਦੀ ਨੂੰ ਪਹੁੰਚੇ ਬੁੜ੍ਹੇ ਬੀਰੂ ਦੀ ਗੱਲ ਸੁਣ ਕੇ ਮੱਥੇ 'ਤੇ ਹੱਥ ਮਾਰਿਆ, "ਲੋਹੜਾ ਆ ਗਿਆ ਯਾਰ। ਬੁੱਘਰ ਸਿਉਂ ਦੀ ਤਾਂ ਫਿਰ ਸੱਚੀ ਗੱਲ ਈ ਐ ਬਈ ਕਲਯੁਗ ਈ ਆ ਗਿਆ ਹੋਰ ਕੀ ਹੋਇਆ। ਕੁੜੀ ਛੇੜਣ ਆਲਾ ਤਾਂ ਬੀਰੂ ਹੈਨ੍ਹੀ। ਇਹ ਤਾਂ ਹੋ ਸਕਦਾ ਬਈ ਸ਼ਰਾਬੀ ਸ਼ਰੂਬੀ ਹੋਇਆ ਡਿੱਕ ਡੋਲੇ ਖਾਂਦਾ ਜੰਨ 'ਚ ਕਿਸੇ ਬੁੜ੍ਹੀ ਕੁੜੀ 'ਚ ਵੱਜ ਗਿਆ ਹੋਵੇ। ਗੱਲ ਕੀ ਬਣੀ ਨਾਥਾ ਸਿਆਂ?" ਨਾਥਾ ਅਮਲੀ ਕਹਿੰਦਾ, "ਗੱਲ ਕੀ ਬਣਨੀ ਸੀ ਬਾਬਾ। ਬਾਬੇ ਬੀਰੂ ਦਾ ਇਹਦੇ 'ਚ ਕਸੂਰ ਤਾਂ ਕੋਈ ਨ੍ਹੀ, ਪਰ ਗੱਲ ਖਾਹ ਮਖਾਹ ਈ ਵੱਡੀ ਬਣ ਗੀ।"

ਸੀਤਾ ਮਰਾਸੀ ਕਹਿੰਦਾ, "ਜੇ ਬੀਰੂ ਨੇ ਨ੍ਹੀ ਕੁੜੀ ਛੇੜੀ ਫੇਰ ਓਹਨੇ ਛੇੜੀ ਹੋਣੀ ਐ ਜੀਹਦੇ ਬਾਹਲ਼ੇ ਕੁੱਢਣ ਪਏ ਐ।? ਬਾਬੇ ਗੰਡਾ ਸਿਉਂ ਨੇ ਪੁੱਛਿਆ, "ਕੀਹਦੇ ਬਈ?"

ਸੀਤਾ ਮਰਾਸੀ ਕਹਿੰਦਾ, "ਬੁੜ੍ਹੇ ਬੀਰੂ ਤੇ ਪਿੱਛੂ ਕੇ ਤੇਜ ਦੇ ਈ ਘੀਸ ਵਲ਼ ਬਾਹਲੇ ਕੱਢੇ ਐ। ਘਸੁੰਨਬਾਜੀ ਸ਼ੁਰੂ ਈ ਇਨ੍ਹਾਂ ਤੋਂ ਹੋਈ ਐ।"

ਸੂਬੇਦਾਰ ਰਤਨ ਸਿਉਂ ਕਹਿੰਦਾ, "ਓ ਯਾਰ ਗੱਲ ਤਾਂ ਦੱਸੋ। ਹੋਰ ਈ ਅੜਿੰਗ ਬੜਿੰਗ ਜੇ ਕਰੀ ਜਾਨੇ ਐ। ਕੁੱਟ ਕੱਟ ਕਿਸੇ ਦੇ ਪਈ ਵੀ ਐ ਕੁ ਊਈਂ ਚੁਟਕਲੇ ਛੱਡੀ ਜਾਨੇਂ ਐ?"

ਨਾਥਾ ਅਮਲੀ ਸੂਬੇਦਾਰ ਨੂੰ ਕਹਿੰਦਾ, "ਜੇ ਤਾਂ ਫੌਜੀਆ ਤੂੰ ਵੀ ਜੰਨ ਗਿਆ ਹੁੰਦਾ, ਫੇਰ ਤਾਂ ਤੈਨੂੰ ਵੀ ਪਤਾ ਲੱਗ ਜਾਣਾ ਸੀ। ਤੇਰੇ ਵੀ ਇਉਂ ਠੁਕਣੀਆਂ ਸੀ ਜਿਮੇਂ ਉੱਖਲੀ 'ਚ ਮੂਹਲੀ ਵੱਜਦੀ ਹੁੰਦੀ ਐ। ਹੁਣ ਐਥੇ ਸੱਥ 'ਚ ਬੈਠਾ ਅਗਲਿਆਂ 'ਤੇ ਪਏ ਵਖਤ ਦੇ ਖਰੀਂਢ ਚੇੜਦੈਂ।"

ਬਾਬੇ ਗੰਡਾ ਸਿਉਂ ਨੇ ਪਲੋਸਿਆ ਅਮਲੀ ਨੂੰ, "ਨਾਥਾ ਸਿਆਂ ਕਿਸੇ ਮੇਲਣ ਮੂਲਣ ਨੂੰ ਬੁੜ੍ਹੇ ਨੇ ਕੁਸ ਕਹਿ ਕੂਹ ਦਿੱਤਾ ਸੀ ਕੁ ਕੋਈ ਹੋਰ ਗੱਲ ਐ?"

ਨਾਥਾ ਅਮਲੀ ਕਹਿੰਦਾ, "ਲੈ ਸੁਣ ਲਾ ਫਿਰ ਬਾਬਾ ਗੱਲ। ਬੀਰੂ ਬੁੜ੍ਹੇ ਦਾ ਤਾਂ ਤੈਨੂੰ ਪਤਾ ਈ ਐ ਬਈ ਸ਼ਰਾਬ ਤਾਂ ਜਰੂਰ ਬਾਹ਼ਲੀ ਪੀ ਪੂ ਲੈਂਦੈ, ਪਰ ਆਹ ਕੁੜੀ ਕੱਤਰੀ ਛੇੜਣ ਛੂੜਣ ਆਲੀ ਗੱਲ ਨ੍ਹੀ ਇਹਦੇ 'ਚ। ਨਾਲੇ ਐਸ ਉਮਰ 'ਚ! ਅੱਗੇ ਨਾ ਪਿੱਛੇ। ਇਹ ਤਾਂ ਗੱਲ ਇਉਂ ਹੋਈ ਐ ਬਈ ਬੁੜ੍ਹੇ ਨੇ ਜੰਨ 'ਚ ਪੀ ਬਾਹਲੀ ਲਈ ਕਿਤੇ। ਇਹ ਜੰਨ ਬਗਾਹੇ ਜਦੋਂ ਰੋਟੀ ਖਾ ਕੇ ਬੁੜ੍ਹਾ ਬੀਰੂ ਬਾਹਰ ਨਿਕਲਣ ਲੱਗਿਆ ਤਾਂ ਸ਼ਰਾਬੀ ਹੋਏ ਦੀਆਂ ਲੱਤਾਂ ਨਾ ਖੜ੍ਹਣ। ਪਿੱਛੂ ਕੇ ਤੇਜ ਨੇ ਸੋਚਿਆ ਬਈ ਜੇ ਬੁੜ੍ਹਾ ਡਿੱਗ ਪਿਆ ਤਾਂ ਇਹਦੇ ਵੱਜਣੀ ਐ ਸੱਟ, ਹੋਰ ਨਾ ਕਿਤੇ ਕੋਈ ਜਾਹ ਜਾਂਦੀ ਹੋ ਜੇ। ਤੇਜ ਬੀਰੂ ਬੁੜ੍ਹੇ ਨੂੰ ਸਾਂਭਣ ਲੱਗ ਗਿਆ। ਮੂਹਰੋਂ ਕਿਤੇ ਦਸ ਬਾਰਾਂ ਸਾਲ ਦੀ ਇੱਕ ਕੁੜੀ ਭੱਜੀ ਆਉਂਦੀ ਬੁੜ੍ਹੇ ਬੀਰੂ 'ਚ ਠਾਹ ਦੇਣੇ ਆ ਕੇ ਵੱਜੀ। ਤੇਜ ਦਾ ਫੜ੍ਹਿਆ ਵਿਆ ਕਰਕੇ ਬੁੜ੍ਹੇ ਨੇ ਡਿਗਣਾ ਤਾਂ ਕੀ ਸੀ, ਪਰ ਜਦੋਂ ਕੁੜੀ ਵਿੱਚ ਵੱਜੀ ਤਾਂ ਬੁੜ੍ਹਾ ਕਹਿੰਦਾ 'ਕਿਹੜੀ ਐਂ ਕੁੜੇ ਤੂੰ'। ਉਹ ਕੁੜੀ ਕਹਿੰਦੀ 'ਮੈਂ ਘੋਨੀ ਆਂ ਬਾਬਾ'। ਜਦੋਂ ਕੁੜੀ ਨੇ ਆਵਦਾ ਨਾਂਅ ਘੋਨੀ ਦੱਸਿਆ ਤਾਂ ਬੁੜ੍ਹਾ ਸ਼ਰਾਬੀ ਹੋਇਆ ਕੁੜੀ ਨੂੰ ਕਹਿੰਦਾ 'ਜਾਹ ਕੁੜੇ ਘੋਨੀਏਂ, ਮੇਰੇ ਆਲਾ ਤਾਂ ਪੂਰ 'ਤਾ ਸੀ ਨਾ ਸੰਖ ਤੂੰ ਜੇ ਕਿਤੇ ਸਿੰਗ ਹੁੰਦੇ ਤੇਰੇ। ਸਾਡੇ ਦੋਨਾਂ ਦੇ ਢਿੱਡ ਵਿੱਚਦੀ ਨਿੱਕਲੇ ਸਿੰਗ ਇਉਂ ਲੱਗਣੇ ਸੀ ਜਿਮੇਂ ਬਲਦਾਂ ਆਲੀ ਪੰਜਾਲੀ 'ਚ ਅਰਲੀਆਂ ਫਸਾਈਆਂ ਹੁੰਦੀਆਂ'। ਓੱਥੇ ਕਿਤੇ ਕੁੜੀ ਆਲਿਆਂ 'ਚੋਂ ਕਿਸੇ ਨੇ ਇਹ ਗੱਲ ਸੁਣ ਲੀ। ਉਨ੍ਹਾਂ ਨੇ ਸੋਚਿਆ ਬਈ ਬੁੜ੍ਹੇ ਤੇ ਤੇਜ ਨੇ ਜਾਣ ਬੁੱਝ ਕੇ ਕੁੜੀ ਨੂੰ ਛੇੜਿਆ। ਉਨ੍ਹਾਂ ਨੇ ਭਾਈ ਚੱਕ ਲੇ ਘੈਂਸ਼ਲੇ। ਪਹਿਲਾਂ ਤਾਂ ਉਨ੍ਹਾਂ ਨੇ ਤੇਜ ਦੀ ਕੱਢੀ ਪਿੱਛ। ਕੁੱਟ ਕੁੱਟ ਕੇ ਸਾਨ੍ਹ ਦੇ ਫਰੋਲੇ ਤੂੜੀ ਦੇ ਕੁੱਪ ਅਰਗਾ ਕਰ 'ਤਾ ਤੇਜ। ਝਟਕੇ ਦੀ ਤਰੀ ਪਾ ਪਾ ਬੜਘੰਜਿਆ। ਮੂੰਹ ਸੁੱਜ ਕੇ ਇਉਂ ਹੋਇਆ ਪਿਆ ਤੇਜ ਦਾ ਜਿਮੇਂ ਬੋਸ਼ਕੀ ਦੀ ਡੱਫਲ ਜੀ ਨੀਕਰ 'ਚ ਝੋਨੇ ਦੀ ਪਰਾਲੀ ਥੁੰਨੀ ਹੁੰਦੀ ਐ। ਫੇਰ ਬੁੜ੍ਹੇ ਨੂੰ ਢਾਹ ਲਿਆ ਜਿਮੇਂ ਭੂਸਰੇ ਵੇ ਬੋਕ ਨੇ ਕਤੂਰਾ ਮਧੋਲਿਆ ਹੁੰਦਾ। ਜਦੋਂ ਰੌਲਾ ਪੈ ਗਿਆ, ਵੱਸ ਫੇਰ ਤਾਂ ਬਾਬਾ ਸਦੀਕ ਦੇ 'ਖਾੜੇ ਆਲੀ ਚੱਕ ਲੋ ਚੱਕ ਲੋ ਹੋ ਗੀ। ਜਿਹੜੇ ਤਾਂ ਭੱਜ ਗੇ, ਉਹ ਤਾਂ ਬਾਬਾ ਗਏ ਬਚ। ਬਾਕੀ ਦੇ ਤਾਂ ਬੇ ਸਿਆਣ ਕਰ ਕਰ ਦਬੱਲੇ। ਪਈਆਂ ਬਾਹ਼ਲੀਆਂ ਬੀਰੂ ਬੁੜ੍ਹੇ ਤੇ ਪਿੱਛੂ ਕੇ ਤੇਜ ਦੇ ਐ। ਆਹ ਗੱਲ ਬਾਬਾ ਆਹ ਬਾਤ ਐ।"

ਬਾਬਾ ਗੰਡਾ ਸਿਉਂ ਕਹਿੰਦਾ, "ਤਾਹੀਂ ਨ੍ਹੀ ਬੀਰੂ ਕੱਲ੍ਹ ਦਾ ਸੱਥ 'ਚ ਆਇਆ। ਐਥੇ ਬੀਰੂ ਦੇ ਮੁੰਡੇ ਨੂੰ ਨੰਘੇ ਜਾਂਦੇ ਨੂੰ ਮੈਂ ਪੁੱਛਿਆ ਵੀ ਬਈ ਤੇਰਾ ਬਾਪੂ ਨ੍ਹੀ ਆਇਆ ਸੱਥ ਓਏ। ਮੁੰਡਾ ਕਹਿੰਦਾ 'ਸਰਪੈਂਚਾਂ ਦੀ ਜੰਨ ਗਿਆ ਵਿਆ ਓੱਥੋਂ ਈਂ ਗਾਹਾਂ ਮੇਰੀ ਭੂਆ ਕੋਲੇ ਉੱਠ ਗਿਆ। ਲਾਊਗਾ ਪੰਜ ਸੱਤ ਦਿਨ ਓੱਥੇ'। ਮੈਨੂੰ ਨ੍ਹੀ ਪਤਾ ਸੀ ਬਈ ਆਹ ਗੱਲ ਕਰਕੇ ਨ੍ਹੀ ਆਇਆ ਸੱਥ 'ਚ।"

ਦੱਮਣ ਕਾ ਸੁੱਖਾ ਕਹਿੰਦਾ, "ਘਰੇ ਪਿਆ ਬੁੜ੍ਹਾ। ਕਾਹਨੂੰ ਕਿਤੇ ਗਿਆ।"

ਸੁੱਖੇ ਦੀ ਗੱਲ ਸੁਣ ਕੇ ਨਾਥਾ ਅਮਲੀ ਸੁੱਖੇ ਨੂੰ ਭਾਂਬੜ ਆਂਗੂੰ ਪਿਆ ਭੱਜ ਕੇ, "ਓਏ ਪਤੈ ਸਾਨੂੰ। ਓਹਨੇ ਤਾਂ ਸੰਗ ਦੇ ਮਾਰੇ ਨੇ ਬਹਾਨਾ ਜਾ ਬਣਾਇਆ ਭੂਆ ਦਾ। ਤੂੰ ਸਮਝਿਆ ਕਿਤੇ ਸੱਚੀਉਂ ਈ ਭੂਆ ਕੋਲੇ ਰਹਿ ਪਿਆ।"

ਬੀਰੂ ਬੁੜ੍ਹੇ ਤੇ ਤੇਜ 'ਤੇ ਹੋਈ ਛਿਤਰੌਲ ਬਾਰੇ ਸੁਣ ਕੇ ਬਾਬਾ ਗੰਡਾ ਸਿਉਂ ਕਹਿੰਦਾ, "ਚੱਲੋ ਯਾਰ ਫੇਰ ਤਾਂ ਵਚਾਰੇ ਬੇਕਸੂਰਾਂ ਦਾ ਪਤਾ ਲਿਆਈਏ। ਪਹਿਲਾਂ ਬੀਰੂ ਦੇ ਘਰੇ ਚਲਦੇ ਆਂ। ਨੇੜੇ ਐ ਘਰ। ਫੇਰ ਤੇਜ ਕੇ ਵੀ ਜਾ ਈ ਆਮਾਂਗੇ।" ਬਾਬੇ ਗੰਡਾ ਸਿਉਂ ਦਾ ਕਿਹਾ ਸੁਣ ਕੇ ਸੱਥ ਵਾਲੇ ਕੁਝ ਬੰਦੇ ਤਾਂ ਬੁੜ੍ਹੇ ਤੇ ਤੇਜ ਦਾ ਪਤਾ ਲੈਣ ਤੁਰ ਪਏ, ਬਾਕੀ ਦੀ ਸੱਥ ਵਾਲੇ ਆਪਣੇ ਘਰਾਂ ਨੂੰ ਉੱਠ ਖੜ੍ਹੇ।


AMAR MUSIC ACADEMY
INDIAN CLASSICAL LIGHT MUSIC, GURMAT SANGEET & TABLA
ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ
Prof. Gurdev Singh Phull,
Prof. Amrik Singh Phull

To Learn Indian Classical, Light Music & Tabla
Free Lessons for Blind & Handicapped

604-599-4628, 778-898-5052 | 13376-80 Ave, Surrey

# ਸੱਚੀ ਵਰਿਆਮਗੀ

## ਪ੍ਰੋਫੈਸਰ ਪੂਰਨ ਸਿੰਘ



ਸੱਚੇ ਵਰਿਆਮ-ਮਨੁੱਖ ਧੀਰ; ਗੰਭੀਰ ਤੇ ਆਜ਼ਾਦ ਹੁੰਦੇ ਹਨ। ਉਨ੍ਹਾਂ ਦੇ ਮਨ ਦੀ ਗੰਭੀਰਤਾ ਸਮੁੰਦਰ ਵਾਂਗ ਵਿਸ਼ਾਲ ਤੇ ਡੂੰਘੀ ਜਾਂ ਆਕਾਸ਼ ਵਾਂਗ ਅਡੋਲ ਤੇ ਅਚਲ ਹੁੰਦੀ ਹੈ। ਉਹ ਕਦੀ ਚੰਚਲ ਨਹੀਂ ਹੁੰਦੇ। ਰਾਮਾਇਣ ਵਿਚ ਬਾਲਮੀਕ ਜੀ ਨੇ ਕੁੰਭਕਰਣ ਦੀ ਗੂੜ੍ਹੀ ਨੀਂਦ ਵਿਚ ਸੂਰਮਗਤੀ ਦਾ ਇਕ ਨਮੂਨਾ ਦਿਖਾਇਆ ਹੈ। ਸੱਚ ਹੈ, ਬਹਾਦਰਾਂ ਦੀ ਨੀਂਦ ਸੌਖਿਆਂ ਨਹੀਂ ਖੁੱਲ੍ਹਦੀ, ਉਹ ਸਤੋਗੁਣ ਦੇ ਸ਼ੀਰ-ਸਾਗਰ ਵਿਚ ਅਜੇਹੇ ਪਏ ਰਹਿੰਦੇ ਹਨ ਕਿ ਉਨ੍ਹਾਂ ਨੂੰ ਦੁਨੀਆਂ ਦੀ ਖਬਰ ਨਹੀਂ ਹੁੰਦੀ। ਉਹ ਸੰਸਾਰ ਦੇ ਸੱਚੇ ਪਰਉਪਕਾਰੀ ਹੁੰਦੇ ਹਨ। ਅਜੇਹੇ ਲੋਕ ਸੰਸਾਰ ਦਾ ਭਵਿੱਖ ਆਪਣੀ ਪਲਕ ਦੀ ਝਮਕਣੀ ਨਾਲ ਬਦਲ ਸਕਦੇ ਹਨ। ਜਦ ਇਹ ਸ਼ੇਰ ਜਾਗ ਕੇ ਗਰਜਦੇ ਹਨ ਤਾਂ ਸਦੀਆਂ ਬੱਧੀ, ਇਨ੍ਹਾਂ ਦੀ ਆਵਾਜ਼ ਦੀ ਗੂੰਜ ਸੁਣਾਈ ਦੇਂਦੀ ਰਹਿੰਦੀ ਹੈ। ਹੋਰ ਸਭ ਆਵਾਜ਼ਾਂ ਬੰਦ ਹੋ ਜਾਂਦੀਆਂ ਹਨ। ਵੀਰ ਦੇ ਪੈਰਾਂ ਦੀ ਬਿੜਕ ਕੰਨਾਂ ਵਿਚ ਆਉਂਦੀ ਰਹਿੰਦੀ ਹੈ ਤੇ ਕਦੀ ਮੈਨੂੰ ਕਦੀ ਤੁਹਾਨੂੰ ਮਸਤ ਕਰਦੀ ਰਹਿੰਦੀ ਹੈ। ਕਦੇ ਕਿਸੇ ਦੀ ਜੀਵਨ-ਸਾਰੰਗੀ ਯੋਧੇ ਦੇ ਹੱਥੀਂ ਵੱਜਣ ਲਗਦੀ ਹੈ।

ਦੇਖੋ ਹਰਾ ਦੀਆਂ ਕੰਦਰਾਂ ਵਿਚ ਇਕ ਅਨਾਥ, ਸੰਸਾਰ ਤੋਂ ਲੁਕ ਕੇ, ਇਕ ਨਿਰਾਲੀ ਨੀਂਦ ਸੌਂਦਾ ਹੈ। ਜਿਵੇਂ ਗਲੀ ਵਿਚ ਪਏ ਪੱਥਰ ਵਲ ਕਿਸੇ ਦਾ ਧਿਆਨ ਨਹੀਂ ਜਾਂਦਾ ਉਵੇਂ ਹੀ ਆਮ ਆਦਮੀਆਂ ਵਾਂਗ ਇਸ ਅਨਾਥ ਨੂੰ ਕੋਈ ਨਹੀਂ ਸੀ ਜਾਣਦਾ। ਇਕ ਦਿਲ ਵਾਲੀ ਧਨਾਢ ਇਸਤ੍ਰੀ ਦੀ ਉਹ ਨੌਕਰੀ ਕਰਦਾ ਹੈ। ਉਸ ਦੀ ਸੰਸਾਰੀ ਹੈਸੀਅਤ ਕੇਵਲ ਇਕ ਮਾਮੂਲੀ ਗੋਲੇ ਜੇਹੀ ਹੈ ਪਰ ਕੋਈ ਅਜੇਹਾ ਇਲਾਹੀ ਕਾਰਣ ਹੋਇਆ ਜਿਸ ਤੋਂ ਸੰਸਾਰ ਵਿਚ ਇਸ ਅਣਜਾਣੇ ਗੁਲਾਮ ਦੀ ਵੀ ਵਾਰੀ ਆਈ। ਉਸ ਦੀ ਨੀਂਦ ਖੁੱਲ੍ਹੀ। ਸੰਸਾਰ ਉੱਤੇ ਜਿਵੇਂ ਹਜ਼ਾਰ ਬਿਜਲੀਆਂ ਡਿਗੀਆਂ। ਅਰਬ ਦੇ ਮਾਰੂਥਲ ਵਿਚ ਬਾਰੂਦ ਦੀ ਝੱਲ ਉਠੀ। ਉਸੇ ਸੂਰਮੇ ਦੇ ਨੈਣਾਂ ਦੀ ਜਵਾਲਾ ਇੰਦਰ-ਪ੍ਰਸਥ ਤੋਂ ਲੈ ਕੇ ਸਪੇਨ ਤਕ ਭੜਕੀ। ਉਸ ਅਣਜਾਣੇ ਤੇ ਗੁਪਤ, ਹਰਾ ਦੀਆਂ ਖੁੰਦਰਾਂ ਵਿਚ ਸੌਣ ਵਾਲੇ ਨੇ ਇਕ ਆਵਾਜ਼ ਕੀਤੀ। ਸਾਰੀ ਧਰਤੀ ਡਰ ਨਾਲ ਕੰਬਣ ਲੱਗੀ। ਹਾਂ ਜਦੋਂ ਪੈਗੰਬਰ ਮੁਹੰਮਦ ਨੇ 'ਅੱਲ੍ਹਾ ਹੂ ਅਕਬਰ' ਦੀ ਆਵਾਜ਼ ਦਿੱਤੀ ਤਾਂ ਸਾਰਾ ਸੰਸਾਰ ਚੁੱਪ ਹੋ ਗਿਆ ਤੇ ਕੁਝ ਸਮੇਂ ਪਿਛੋਂ ਸ੍ਰਿਸ਼ਟੀ ਉਸ ਦੀ ਆਵਾਜ਼ ਦੀ ਗੂੰਜ ਨੂੰ ਸਾਰੀਆਂ ਨੁੱਕਰਾਂ ਵਿਚ ਲੈ ਉੱਡੀ। ਪੰਛੀ 'ਅੱਲ੍ਹਾ ਹੂ ਅਕਬਰ' ਗਾਉਣ ਲੱਗੇ ਤਾਂ ਮੁਹੰਮਦ ਦਾ ਸੁਨੇਹਾ ਏਧਰ ਓਧਰ ਲੈ ਉਡੇ। ਪਰਬਤ ਉਸ ਦੇ ਬੋਲਾਂ ਨਾਲ ਪਿਘਲ ਗਏ ਤੇ ਨਦੀਆਂ 'ਅੱਲ੍ਹਾ ਅੱਲ੍ਹਾ' ਦਾ ਅਲਾਪ ਕਰਦੀਆਂ ਵਹਿ ਟੁਰੀਆਂ। ਜੋ ਲੋਕ ਉਸ ਦੇ ਸਾਮ੍ਹਣੇ ਆਏ ਦਾਸ ਬਣ ਗਏ। ਚੰਦ ਸੂਰਜ ਨੇ ਵਾਰੀ ਵਾਰੀ ਉਠ ਕੇ ਸਲਾਮ ਕੀਤਾ। ਉਸ ਵਰਿਆਮ ਦਾ ਬਲ ਦੇਖੋ ਕਿ ਸਦੀਆਂ ਪਿਛੋਂ ਵੀ ਸੰਸਾਰ ਦੇ ਲੋਕਾਂ ਦਾ ਬਹੁਤ ਸਾਰਾ ਹਿੱਸਾ ਉਸ ਦੇ ਪਵਿੱਤਰ ਨਾਉਂ ਤੇ ਜਿਉਂਦਾ ਹੈ ਤੇ ਆਪਣੇ ਛੋਟੇ ਜੇਹੇ ਜੀਵਨ ਨੂੰ ਅਤੀ ਤੁੱਛ ਜਾਣ ਕੇ ਉਸ ਅਣਦੇਖੇ ਤੇ ਅਣਜਾਣੇ ਪੁਰਖ ਦੇ ਕੇਵਲ ਸੁਣੇ ਸੁਣਾਏ ਨਾਉਂ ਤੋਂ ਕੁਰਬਾਨ ਹੋ ਜਾਣਾ ਆਪਣੇ ਜੀਵਨ ਦਾ ਸਭ ਤੋਂ ਉੱਤਮ ਫਲ ਸਮਝਦਾ ਹੈ।

ਸਤੋਗੁਣ ਦੇ ਸਾਗਰ ਵਿਚ ਜਿਨ੍ਹਾਂ ਦਾ ਅੰਦਰਲਾ ਭਿੱਜ ਗਿਆ ਉਹੀ ਮਹਾਤਮਾ, ਸਾਧੂ ਤੇ ਸੂਰਮੇ ਹਨ। ਉਹ ਲੋਕ ਆਪਣੇ ਤੁੱਛ ਜੀਵਨ ਨੂੰ ਤਿਆਗ ਅਜੇਹਾ ਈਸ਼ਵਰੀ ਜੀਵਨ ਪ੍ਰਾਪਤ ਕਰਦੇ ਹਨ ਕਿ ਸੰਸਾਰ ਦੀਆਂ ਸਾਰੀਆਂ ਅਗਾਹ ਰਾਹਾਂ ਉਨ੍ਹਾਂ ਲਈ ਖੁੱਲ੍ਹ ਜਾਂਦੀਆਂ ਹਨ। ਅਕਾਸ਼ ਉਨ੍ਹਾਂ ਤੇ ਬੱਦਲਾਂ ਦੇ ਛੱਤਰ ਤਾਣਦਾ ਹੈ। ਕੁਦਰਤ ਉਨ੍ਹਾਂ ਦੇ ਸੁੰਦਰ ਮੱਥੇ 'ਤੇ ਰਾਜ ਤਿਲਕ ਦੇਂਦੀ ਹੈ, ਅਸਲੀ ਤੇ ਸੱਚੇ ਰਾਜੇ ਸਾਡੇ ਇਹੋ ਸਾਧ ਪੁਰਖ ਹਨ। ਹੀਰਿਆਂ ਲਾਲਾਂ ਜੜੇ, ਸੋਨੇ ਚਾਂਦੀ ਦੇ ਲਿਸ਼ ਲਿਸ਼ ਕਰਦੇ ਤਖ਼ਤਾਂ 'ਤੇ ਬੈਠਣ ਵਾਲੇ ਦੁਨੀਆਂ ਦੇ ਰਾਜਿਆਂ ਨੂੰ ਤਾਂ, ਜੋ ਗਰੀਬ ਕਿਸਾਨਾਂ ਦੀ ਕਮਾਈ ਹੋਈ ਪੂੰਜੀ 'ਤੇ ਪਲਦੇ ਹਨ-ਲੋਕਾਂ ਨੇ ਆਪਣੀ ਮਨੁੱਖਤਾ ਨਾਲ, ਬਹਾਦਰ ਬਣਾ ਰੱਖਿਆ ਹੈ। ਇਹ ਜ਼ਰੀ, ਮਖਮਲ ਤੇ ਗਿਹਣਿਆਂ ਨਾਲ ਲੱਦੇ ਮਾਸ ਦੇ ਪੁਤਲੇ ਤਾਂ ਹਰ ਵੇਲੇ ਕੰਬਦੇ ਰਹਿੰਦੇ ਹਨ। ਇੰਦਰ ਜੇਹੇ ਪ੍ਰਤਾਪੀ ਤੇ ਬਲਵਾਨ ਹੋ ਕੇ ਵੀ ਦੁਨੀਆਂ ਦੇ ਇਹ ਛੋਟੇ 'ਜਾਰਜ' ਬੜੇ ਕਾਇਰ ਹੁੰਦੇ ਹਨ। ਹੋਣ ਕਿਵੇਂ ਨਾ, ਇਨ੍ਹਾਂ ਦੀ ਹਕੂਮਤ ਲੋਕਾਂ ਦੇ ਦਿਲਾਂ 'ਤੇ ਨਹੀਂ ਹੁੰਦੀ। ਦੁਨੀਆਂ ਦੇ ਰਾਜਿਆਂ ਦੀ ਤਾਕਤ ਦੀ ਦੌੜ ਲੋਕਾਂ ਦੇ ਸਰੀਰ ਤਕ ਹੈ। ਹਾਂ, ਜਦ ਕਦੀ ਕਿਸੇ ਅਕਬਰ ਦਾ ਰਾਜ ਲੋਕਾਂ ਦੇ ਦਿਲਾਂ 'ਤੇ ਹੁੰਦਾ ਹੈ ਤਾਂ ਇਨ੍ਹਾਂ ਕਾਇਰਾਂ ਦੀ ਬਸਤੀ ਵਿਚ ਸਮਝੋ ਇਕ ਸੱਚਾ ਵਰਿਆਮ ਪੈਦਾ ਹੁੰਦਾ ਹੈ।

ਇਕ ਬਾਗ਼ੀ ਗ਼ੁਲਾਮ ਤੇ ਇਕ ਬਾਦਸ਼ਾਹ ਦੀ ਗੱਲਬਾਤ ਹੋਈ। ਇਹ ਗ਼ੁਲਾਮ ਕੈਦੀ ਦਿਲ ਦਾ ਅਜ਼ਾਦ ਸੀ। ਬਾਦਸ਼ਾਹ ਨੇ ਕਿਹਾ, ”ਮੈਂ ਤੈਨੂੰ ਹੁਣੇ ਜਾਨੋਂ ਮਾਰ ਦਿਆਂਗਾ। ਤੂੰ ਕੀ ਕਰ ਸਕਦਾ ਹੈਂ।” ”ਮੈਂ ਫਾਸੀ ਲਟਕ ਜਾਵਾਂਗਾ ਪਰ ਤੇਰੀ ਨਿਰਾਦਰੀ ਤਦ ਹੀ ਕਰਾਂਗਾ।” ਬੱਸ ਇਸ ਗ਼ੁਲਾਮ ਨੇ ਦੁਨੀਆਂ ਦੇ ਬਾਦਸ਼ਾਹਾਂ ਦੀ ਤਾਕਤ ਦੀ ਹੱਦ ਦੱਸ ਦਿੱਤੀ, ਬਸ ਇੰਨੇ ਕੁ ਜ਼ੋਰ ਤੇ ਇੰਨੀ ਕੁ ਸ਼ੇਖੀ ਨਾਲ ਇਹ ਝੂਠੇ ਰਾਜੇ ਸਰੀਰ ਨੂੰ ਤਸੀਹੇ ਦੇ ਕੇ ਅਤੇ ਮਾਰ ਕੁੱਟ ਕਰ ਕੇ ਭੋਲੇ ਭਾਲੇ ਲੋਕਾਂ ਨੂੰ ਡਰਾਉਂਦੇ ਹਨ। ਭੋਲੇ ਲੋਕੀਂ ਡਰਦੇ ਰਹਿੰਦੇ ਹਨ ਕਿਉਂਕਿ ਇਹ ਸਾਰੇ ਲੋਕ ਸਰੀਰ ਨੂੰ ਆਪਣੇ ਜੀਵਨ ਦਾ ਧੁਰਾ ਮੰਨਦੇ ਹਨ ? ਇਸੇ ਲਈ ਕਿ ਜਦੋਂ ਕਿਸੇ ਨੇ ਉਨ੍ਹਾਂ ਦੇ ਸਰੀਰ ਨੂੰ ਜ਼ਰਾ ਕਰੜਾ ਹੱਥ ਲਾਇਆ ਨਹੀਂ ਕਿ ਉਹ ਡਰ ਨਾਲ ਹੀ ਅਧਮੋਏ ਹੋ ਗਏ। ਕੇਵਲ ਸਰੀਰਕ ਰੱਖਿਆ ਲਈ ਹੀ ਭੋਲੇ ਲੋਕੀਂ ਰਾਜਿਆਂ ਦੀ ਤਨੋ ਮਨੋ ਪੂਜਾ ਕਰਦੇ ਹਨ। ਜੇਹੋ ਜਹੇ ਰਾਜੇ ਉਹੋ ਜਿਹਾ ਉਨ੍ਹਾਂ ਦਾ ਸਤਿਕਾਰ। ਜਿਨ੍ਹਾਂ ਦਾ ਜ਼ੋਰ ਕੇਵਲ ਦੇਹ ਨੂੰ ਜਰਾ ਜਿੰਨੀ ਰੱਸੀ ਨਾਲ ਲਟਕਾ ਕੇ ਮਾਰ ਦੇਣ ਤਕ ਦਾ ਹੈ, ਭਲਾ ਉਨ੍ਹਾਂ ਦਾ, ਉਨ੍ਹਾਂ ਸੱਚੇ ਬਲਵਾਨ ਰਾਜਿਆਂ ਨਾਲ ਕੀ ਮੁਕਾਬਲਾ, ਜਿਨ੍ਹਾਂ ਦਾ ਸਿੰਘਾਸਣ ਲੋਕਾਂ ਦੇ ਮਨ ਕੰਵਲ ਦੀਆਂ ਪੰਖੜੀਆਂ ਤੇ ਹੈ ? ਸੱਚੇ ਰਾਜੇ, ਆਪਣੇ ਪ੍ਰੇਮ ਦੇ ਜ਼ੋਰ ਨਾਲ, ਲੋਕਾਂ ਦਾ ਮਨ ਸਦਾ ਲਈ ਬੰਨ੍ਹ ਲੈਂਦੇ ਹਨ। ਦਿਲਾਂ ਤੇ ਰਾਜ ਕਰਨ ਵਾਲੇ ਤੋਪ ਬੰਦੂਕ, ਫੌਜ ਆਦਿ ਬਿਨਾਂ ਹੀ ਉਸ ਸੰਸਾਰ ਦੇ ਸ਼ਹਿਨਸ਼ਾਹ ਹੁੰਦੇ ਹਨ। ਮਨਸੂਰ ਨੇ ਆਪਣੀ ਮੌਜ ਵਿਚ ਪੁਕਾਰਿਆ, ”ਮੈਂ ਰੱਬ ਹਾਂ।” ਦੁਨੀਆਂ ਦੇ ਬਾਦਸ਼ਾਹ ਨੇ ਕਿਹਾ, ”ਇਹ ਕਾਫਿਰ ਹੈ।” ਪਰ ਮਨਸੂਰ ਨੇ ਆਪਣਾ ਬੋਲ ਨਾ ਬਦਲਿਆ ਪੱਥਰ ਮਾਰ ਮਾਰ ਕੇ ਦੁਨੀਆਂ ਵਾਲਿਆਂ ਨੇ ਉਸ ਦੇ ਸਰੀਰ ਦਾ ਬੁਰਾ ਹਾਲ ਕਰ ਦਿੱਤਾ; ਐਪਰ, ਉਸ ਦੇ ਮਰਦਾਨਗੀ ਭਰੇ ਬੋਲਾਂ ਵਿਚੋਂ ਇਹ ਸ਼ਬਦ ਨਿਕਲੇ 'ਅਨਲਹੱਕ' (ਅਹੰ ਬ੍ਰਹਮਾਸੀ) ਅਰਥਾਤ ਮੈਂ ਹੀ ਬ੍ਰਹਮ ਹਾਂ। ਸੂਲੀ 'ਤੇ ਚੜ੍ਹਨਾ 'ਮਨਸੂਰ' ਲਈ ਖੇਡ ਸੀ। ਸ਼ਹਿਨਸ਼ਾਹ ਨੇ ਸਮਝਿਆ 'ਮਨਸੂਰ' ਮਾਰਿਆ ਗਿਆ।

ਸ਼ਮਸ ਤਬਰੇਜ਼ ਨੂੰ ਵੀ ਇਵੇਂ ਹੀ ਕਾਫਿਰ ਸਮਝ ਕੇ ਬਾਦਸ਼ਾਹ ਨੇ ਹੁਕਮ ਦਿੱਤਾ, ਇਸ ਦੀ ਖੱਲ ਉਤਾਰ ਲਵੋ। ਸ਼ਮਸ ਨੇ ਖੱਲ ਉਤਾਰੀ ਤੇ ਬਾਦਸ਼ਾਹ ਨੂੰ ਦਰ 'ਤੇ ਆਏ ਕੁੱਤੇ ਵਾਂਗ, ਭਿਖਾਰੀ ਜਾਣ ਕੇ ਖਾਣ ਲਈ ਦੇ ਦਿੱਤੀ। ਖੱਲ ਦੇ ਕੇ ਉਹ ਆਪਣੀ ਇਹ ਗਜ਼ਲ ਮੁੜ ਮੁੜ ਗਾਂਦਾ ਰਿਹਾ, ”ਭਿਖਾਰੀ ਤੇਰੇ ਦੁਆਰੇ ਆਇਆ ਹੈ, ਸ਼ਾਹ ਦਿਲ! ਕੁਝ ਇਸ ਨੂੰ ਖੈਰ ਪਾ।” ਖੱਲ ਲਾਹ ਕੇ ਸੁੱਟ ਦਿੱਤੀ, ਵਾਹ! ਸਤਪੁਰਖਾ, ਵਾਹ!!

ਭਗਵਾਨ ਸ਼ੰਕਰ ਜਦੋਂ ਗੁਜਰਾਤ ਵਲ ਯਾਤਰਾ ਕਰ ਰਹੇ ਸਨ ਤਾਂ ਇਕ ਕਪਾਲਿਕ ਹੱਥ ਜੋੜ ਸਾਹਮਣੇ ਆ ਖੜ੍ਹਾ ਹੋਇਆ ਭਗਵਾਨ ਨੇ ਕਿਹਾ, 'ਮੰਗ ਕੀ ਮੰਗਦਾ ਹੈਂ?' ਕਪਾਲਿਕ ਬੋਲਿਆ, 'ਹੇ ਭਗਵਾਨ! ਅੱਜ ਕੱਲ੍ਹ ਦੇ ਰਾਜੇ ਬੜੇ ਕੰਗਾਲ ਹਨ, ਉਨ੍ਹਾਂ ਪਾਸੋਂ ਹੁਣ ਸਾਨੂੰ ਦਾਨ ਨਹੀਂ ਮਿਲਦਾ। ਇਸ ਲਈ ਆਪ ਦੀ ਸ਼ਰਨ ਆਇਆ ਹਾਂ। ਤੁਸੀਂ ਕਿਰਪਾ ਕਰਕੇ ਮੈਨੂੰ ਆਪਣਾ ਸਿਰ ਦਾਨ ਕਰੋ.. ਮੈਂ ਭੇਟ ਚੜ੍ਹਾ ਕੇ ਦੇਵੀ ਨੂੰ ਪ੍ਰਸੰਨ ਕਰਾਂਗਾ ਤੇ ਆਪਣਾ ਯੱਗ ਪੂਰਾ ਕਰ ਲਵਾਂਗਾ। ਭਗਵਾਨ ਨੇ ਮੌਜ ਵਿਚ ਆ ਕੇ ਕਿਹਾ, 'ਅੱਛਾ, ਸਵੇਰੇ ਇਹ ਸਿਰ ਲਾਹ ਕੇ ਲੈ ਜਾਵੀਂ ਤੇ ਆਪਣਾ ਕਾਰਜ ਸਿੱਧ ਕਰ ਲਵੀਂ।'

ਇਕ ਵਾਰੀ ਦੋ ਯੋਧੇ ਅਕਬਰ ਦੇ ਦਰਬਾਰ ਵਿਚ ਆਏ। ਉਹ ਰੋਜ਼ਗਾਰ ਦੀ ਭਾਲ ਵਿਚ ਸਨ। ਅਕਬਰ ਕਹਿ ਬੈਠਾ 'ਆਪਣੀ ਆਪਣੀ ਬਹਾਦਰੀ ਦਾ ਸਬੂਤ ਦਿਓ।' ਬਾਦਸ਼ਾਹ ਨੇ ਕਿੰਨੀ ਮੂਰਖਤਾ ਕੀਤੀ। ਬਹਾਦਰੀ ਦਾ ਭਲਾ ਉਹ ਕੀ ਸਬੂਤ ਦੇਂਦੇ ? ਪਰ, ਦੋਹਾਂ ਨੇ ਤਲਵਾਰਾਂ ਸੂਤ ਲਈਆਂ ਤੇ ਇਕ ਦੂਜੇ ਦਾ ਸਾਹਮਣਾ ਕਰਕੇ ਪਲ ਭਰ ਵਿਚ ਉਸੇ ਥਾਂ ਬਾਦਸ਼ਾਹ ਦੇ ਸਾਹਮਣੇ ਹੀ ਢੇਰ ਹੋ ਗਏ।

ਅਜੇਹੇ ਕਰਤਾਰੀ ਵੀਰ ਰੁਪਿਆ, ਪੈਸਾ, ਮਾਲ, ਧਨ ਆਦਿ ਦਾਨ ਨਹੀਂ ਕੀਤਾ ਕਰਦੇ। ਜਦੋਂ ਇਹ ਦਾਨ ਦੇਣਾ ਲੋੜਦੇ ਹਨ ਤਾਂ ਆਪਣਾ ਆਪ ਹੀ ਅਰਪ ਦੇਂਦੇ ਹਨ। ਬੁੱਧ ਮਹਾਰਾਜ ਨੇ ਇਕ ਰਾਜੇ ਨੂੰ ਹਿਰਨ ਮਾਰਦੇ ਵੇਖ ਆਪਣਾ ਸਰੀਰ ਅੱਗੇ ਕਰ ਦਿੱਤਾ ਤਾਂ ਜੋ ਹਿਰਨ ਬਚ ਜਾਏ, ਬੁੱਧ ਦਾ ਸਰੀਰ ਭਾਵੇਂ ਚਲਿਆ ਜਾਏ। ਅਜੇਹੇ ਬੰਦੇ ਕਦੀ ਵੱਡੇ ਸਮਿਆਂ ਦੀ ਉਡੀਕ ਨਹੀਂ ਕਰਦੇ ਉਹ ਤਾਂ ਛੋਟੇ ਸਮਿਆਂ ਨੂੰ ਹੀ ਵੱਡਾ ਬਣਾ ਦੇਂਦੇ ਹਨ।

ਜਦ ਕਿਸੇ ਦਾ ਭਾਗ ਜਾਗਿਆ ਤੇ ਉਸ ਨੂੰ ਜੋਸ਼ ਆਇਆ ਤਾਂ ਜਾਣ ਲਵੋ ਦੁਨੀਆਂ ਵਿਚ ਤੂਫਾਨ ਆ ਗਿਆ। ਉਸ ਦੀ ਚਾਲ ਸਾਹਮਣੇ ਫੇਰ ਕੋਈ ਰੁਕਾਵਟ ਨਹੀਂ ਆ ਸਕਦੀ। ਪਹਾੜਾਂ ਦੀਆਂ ਪਸਲੀਆਂ ਤੋੜ ਕੇ ਇਹ ਲੋਕ ਵਾ ਵਰੋਲੇ ਵਾਂਗ ਨਿਕਲ ਜਾਂਦੇ ਹਨ। ਉਨ੍ਹਾਂ ਦੀ ਤਾਕਤ ਦਾ ਇਸ਼ਾਰਾ ਭੁਚਾਲ ਦੱਸਦਾ ਹੈ। ਕੁਦਰਤ ਦੀ ਹੋਰ ਕੋਈ ਤਾਕਤ ਉਨ੍ਹਾਂ ਦੇ ਸਾਹਮਣੇ ਫਟਕ ਨਹੀਂ ਸਕਦੀ। ਸਭ ਚੀਜ਼ਾਂ ਰੁਕ ਜਾਂਦੀਆਂ ਹਨ। ਪਰਮਾਤਮਾ ਵੀ ਸਾਹ ਰੋਕ ਕੇ ਉਨ੍ਹਾਂ ਦਾ ਰਾਹ ਵੇਖਦਾ ਹੈ। ਯੂਰਪ ਵਿਚ ਜਦੋਂ ਰੋਮ ਦੇ ਪੋਪ ਦਾ ਜ਼ੋਰ ਵਧ ਗਿਆ ਸੀ ਤੇ ਉਸ ਨਾਲ ਕੋਈ ਵੀ ਬਾਦਸ਼ਾਹ ਟੱਕਰ ਲੈਣ ਤੇ ਸਮਰਥ ਨਹੀਂ ਸੀ। ਪੋਪ ਦੇ ਅੱਖ ਦੇ ਇਸ਼ਾਰੇ ਤੇ ਬਾਦਸ਼ਾਹਾਂ ਦੇ ਸਿਰ ਲਾਹੇ ਜਾ ਸਕਦੇ ਸਨ। ਪੋਪ ਦਾ ਸਿੱਕਾ ਲੋਕਾਂ 'ਤੇ ਅਜਿਹਾ ਬੈਠ ਗਿਆ ਸੀ ਕਿ ਉਸ ਦੀ ਗਲ ਰੱਬੀ ਬਾਣੀ ਤੋਂ ਵੀ ਵਧੇਰੀ ਮੰਨੀ ਜਾਂਦੀ ਸੀ। ਪੋਪ ਨੂੰ ਲੋਕ ਈਸ਼ਵਰ ਦਾ ਨਾਇਕ ਮੰਨਦੇ ਸਨ। ਲੱਖਾਂ ਈਸਾਈ ਸਾਧੂ, ਸੰਨਿਆਸੀ ਤੇ ਯੂਰਪ ਦੇ ਗਿਰਜੇ, ਪੋਪ ਦੇ ਹੁਕਮ ਵਿਚ ਬੱਧੇ ਸਨ। ਜਿਵੇਂ ਚੂਹੇ ਦੀ ਜਾਨ ਬਿੱਲੀ ਦੇ ਹੱਥ ਹੁੰਦੀ ਹੈ, ਉਸੇ ਤਰ੍ਹਾਂ ਯੂਰਪ ਵਾਸੀਆਂ ਦੀ ਜਾਨ ਪੋਪ ਨੇ ਆਪਣੀ ਮੁੱਠੀ ਵਿਚ ਲੈ ਰੱਖੀ ਸੀ। ਇਸ ਪੋਪ ਦੀ ਤਾਕਤ ਤੇ ਦਬਦਬਾ ਬੜਾ ਭਿਆਨਕ ਸੀ, ਪਰ ਜਰਮਨੀ ਦੇ ਇਕ ਛੋਟੇ ਜਹੇ ਮੰਦਰ ਦੇ ਇਕ ਕੰਗਾਲ ਪਾਦਰੀ ਦੀ ਆਤਮਾ ਭੜਕ ਉਠੀ। ਪੋਪ ਨੇ ਅਜਿਹੀ ਲੀਲਾ ਪਸਾਰੀ ਸੀ ਕਿ ਯੂਰਪ ਵਿਚ ਸਵਰਗ-ਨਰਕ ਦੇ ਟਿਕਟ ਵੱਡੀ ਵੱਡੀ ਕੀਮਤ 'ਤੇ ਵਿਕਦੇ ਸਨ। ਟਿਕਟ ਵੇਚ ਵੇਚ ਇਹ ਪੋਪ ਬੜਾ ਅੱਯਾਸ਼ ਹੋ ਗਿਆ ਸੀ। ਲੂਥਰ ਕੋਲ ਜਦੋਂ ਇਹ ਟਿਕਟ ਵਿਕਰੀ ਲਈ ਪਹੁੰਚੇ ਤਾਂ ਪਹਿਲਾਂ ਉਸ ਨੇ ਇਕ ਚਿੱਠੀ ਲਿਖੀ ਕਿ ਅਜੇਹੇ ਕੰਮ ਝੂਠੇ ਤੇ ਪਾਪ ਰੂਪ ਹਨ, ਇਨ੍ਹਾਂ ਨੂੰ ਬੰਦ ਕਰਨਾ ਚਾਹੀਦਾ ਹੈ। ਪੋਪ ਨੇ ਜਵਾਬ ਭੇਜਿਆ, ”ਲੂਥਰ! ਇਸ ਗੁਸਤਾਖੀ ਬਦਲੇ ਤੈਨੂੰ ਜਿਉਂਦਿਆਂ ਅੱਗ ਵਿਚ ਸਾੜਿਆਂ ਜਾਵੇਗਾ।” ਇਸ ਜਵਾਬ ਨੂੰ ਪੜ੍ਹ ਕੇ ਲੂਥਰ ਦੀ ਆਤਮਾ ਦੀ ਜਵਾਲਾ ਹੋਰ ਵੀ ਭੜਕੀ। ਉਸ ਨੂੰਿੰ ਲਖਆ, ”ਹੁਣ ਮੈਂ ਆਪਣੇ ਮਨ ਨਾਲ ਨਿਸ਼ਚਾ ਕਰ ਲਿਆ ਹੈ ਕਿ ਤੂੰ ਰੱਬ ਦਾ ਨਹੀਂ, ਸ਼ੈਤਾਨ ਦਾ ਪ੍ਰਤੀਨਿਧ ਹੈਂ। ਆਪਣੇ ਆਪ ਨੂੰ ਰੱਬ ਦਾ ਪ੍ਰਿਤਨਧ ਕਹਿਣ ਵਾਲੇ ਪਖੰਡੀ! ਜਦ ਮੈਂ ਤੇਰੇ ਪਾਸ ਸੱਚ ਦਾ ਸੰਦੇਸ਼ਾਂ ਭੇਜਿਆ ਤਾਂ ਅੱਗੋਂ ਤੂੰ ਅੱਗ ਤੇ ਜੱਲਾਦ ਦੇ ਨਾਉਂ ਨਾਲ ਉੱਤਰ ਦਿੱਤਾ, ਇਸ ਤੋਂ ਸਾਫ ਪ੍ਰਤੀਤ ਹੋ ਗਿਆ ਕਿ ਤੂੰ ਸੱਚ ਦੀ ਚੱਟਾਨ 'ਤੇ ਨਹੀਂ ਖੜ੍ਹਾ, ਸਗੋਂ ਸ਼ੈਤਾਨ ਦੀ ਜਿੱਲ੍ਹਣ ਵਿਚ ਖੁਭਿਆ ਪਿਆ ਹੈਂ। ਆਹ ਲੈ ਮੈਂ ਤੇਰੀਆਂ ਟਿਕਟਾਂ ਦੇ ਪੁੜੇ ਅੱਗ ਵਿਚ ਪਾ ਦਿੱਤੇ ਹਨ। ਮੈਂ ਜੋ ਮੇਰਾ ਕਰਤੱਵ ਸੀ ਪੂਰਾ ਕਰ ਦਿੱਤਾ ਹੈ, ਹੁਣ ਜੋ ਤੇਰੇ ਜੀਅ ਆਵੇ ਸੋ ਕਰ। ਮੈਂ ਸੱਚ ਦੀ ਚੱਟਾਨ 'ਤੇ ਖੜ੍ਹਾ ਹਾਂ।” ਇਸ ਛੋਟੇ ਜੇਹੇ ਸੰਨਿਆਸੀ ਨੇ ਯੂਰਪ ਵਿਚ ਉਹ ਝੱਖੜ ਝੁਲਾ ਦਿੱਤਾ, ਜਿਸ ਦੀ ਇਕੋ ਲਹਿਰ ਨਾਲ ਪੋਪ ਦਾ ਸਾਰਾ ਜੰਗੀ ਬੇੜਾ ਚਕਨਾਚੂਰ ਹੋ ਗਿਆ। ਝੱਖੜ ਵਿਚ ਤਿਣਕੇ ਵਾਂਗ ਪਤਾ ਨਹੀਂ ਉਹ ਕਿਧਰ ਉੱਡ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਫੌਜ ਨੂੰ ਕਿਹਾ, ”ਅਟਕ ਪਾਰ ਕਰੋ।” ਅਟਕ ਦੀ ਕਾਂਗ ਚੜ੍ਹੀ ਹੋਈ ਸੀ ਤੇ ਭਿਆਨਕ ਲਹਿਰਾਂ ਉਠੀਆਂ ਹੋਈਆਂ ਸਨ। ਜਦ ਫੌਜ ਨੇ ਕੁਝ ਹੌਂਸਲਾ ਨਾ ਵਿਖਾਇਆ ਤਾਂ ਉਸ ਸੂਰਬੀਰ ਨੂੰ ਜ਼ਰਾ ਜੋਸ਼ ਆਇਆ। ਮਹਾਰਾਜਾ ਨੇ ਆਪਣਾ ਘੋੜਾ ਦਰਿਆ ਵਿਚ ਠੇਲ੍ਹ ਦਿੱਤਾ, ਕਹਿੰਦੇ ਨੇ ਅਟਕ ਦੀ ਕਾਂਗ ਸੁਕ ਗਈ ਤੇ ਸਾਰੇ ਪਾਰ ਨਿਕਲ ਗਏ।

ਦੁਨੀਆਂ ਵਿਚ ਜੰਗ ਦੇ ਸਾਰੇ ਸਾਮਾਨ ਜੁੜੇ ਹਨ। ਲੱਖਾਂ ਆਦਮੀ ਮਰਨ ਮਾਰਨ ਨੂੰ ਤਿਆਰ ਹੋ ਰਹੇ ਹਨ। ਗੋਲੀਆਂ ਮੀਂਹ ਵਾਂਗ ਮੂਹਲੇਧਾਰ ਵਰ੍ਹ ਰਹੀਆਂ ਹਨ। ਔਹ ਵੇਖੋ! ਬਹਾਦਰ ਨੂੰ ਜੋਸ਼ ਆਇਆ। ਉਸ ਨੇ ਪੁਕਾਰਿਆ, ”ਹਾਲਟ!” ਸਾਰੀ ਫੌਜ ਸਕਤੇ ਵਿਚ ਆ ਗਈ। ਚੁੱਪ ਚਾਪ ਖਲੋ ਗਈ।

ਐਲਪਸ ਦੇ ਪਹਾੜਾਂ 'ਤੇ ਚੜ੍ਹਨਾ ਜਿਉਂ ਹੀ ਫੌਜ ਨੇ ਮੁਸ਼ਕਲ ਸਮਝਿਆ ਤਿਉਂ ਹੀ ਸੂਰਬੀਰ ਨੇ ਕਿਹਾ, ”ਐਲਪਸ ਹੈ ਹੀ ਨਹੀਂ”, ਫੌਜ ਨੂੰ ਨਿਸ਼ਚਾ ਹੋ ਗਿਆ ਕਿ ਐਲਪਸ ਨਹੀਂ ਹੈ ਤੇ ਸਾਰੇ ਪਾਰ ਲੰਘ ਗਏ।

ਇਕ ਭੇਡਾਂ ਚਾਰਨ ਵਾਲੀ, ਸਤੋਗੁਣ ਵਿਚ ਡੁੱਬੀ ਅੱਲੜ੍ਹ ਕੁੜੀ ਨੂੰ ਜੋਸ਼ ਆਉਂਦਿਆਂ ਹੀ ਫਰਾਂਸ ਇਕ ਭਾਰੀ ਹਾਰ ਤੋਂ ਬਚ ਗਿਆ।

ਆਪਣੇ ਆਪ ਨੂੰ ਹਰ ਘੜੀ ਤੇ ਹਰ ਪਲ ਮਹਾਨ ਤੋਂ ਵੀ ਮਹਾਨ ਬਣਾਉਣ ਦਾ ਨਾਉਂ ਵੀਰਤਾ ਹੈ। ਸੂਰਮਗਤੀ ਦੇ ਕਾਰਨਾਮੇ ਤਾ ਗੌਣ ਗੱਲਾਂ ਹਨ। ਅਸਲੀ ਵਰਿਆਮ ਤਾਂ ਇਹ ਕਾਰਨਾਮੇ ਆਪਣੀਆਂ ਡਾਇਰੀਆਂ ਵਿਚ ਲਿਖਦੇ ਵੀ ਨਹੀਂ। ਦਰਖਤ ਤਾਂ ਧਰਤੀ ਤੋਂ ਰਸ ਚੂਸਣ ਵਿਚ ਲਗਾ ਰਹਿੰਦਾ ਹੈ। ਉਸ ਨੂੰ ਇਹ ਖਿਆਲ ਹੀ ਨਹੀਂ ਹੁੰਦਾ ਕਿ ਮੇਰੇ ਕਿੰਨੇ ਫੁੱਲ, ਕਿੰਨੇ ਫਲ ਲੱਗਣਗੇ ਤੇ ਕਦੋਂ ਲੱਗਣਗੇ। ਉਸ ਦਾ ਕੰਮ ਆਪਣੇ ਆਪ ਨੂੰ ਸੱਚ ਵਿਚ ਸਮੋਈ ਰੱਖਣਾ ਹੈ ਸ਼ ਸੱਚ ਨੂੰ ਆਪਣੇ ਅੰਦਰ ਠੋਕ ਠੋਕ ਕੇ ਭਰਨਾ ਹੈ, ਅੰਦਰ ਹੀ ਅੰਦਰ ਵਧਣਾ ਹੈ। ਉਸ ਨੂੰ ਇਸ ਦੀ ਕੀ ਫਿਕਰ ਪਈ ਹੈ ਕਿ ਕੌਣ ਮੇਰੇ ਫਲ ਖਾਵੇਗਾ ਤੇ ਮੈਂ ਕਿੰਨੇ ਫਲ ਲੋਕਾਂ ਨੂੰ ਦਿੱਤੇ ਹਨ ?

ਬਹਾਦਰੀ ਦਾ ਵਿਕਾਸ ਕਈ ਤਰ੍ਹਾਂ ਨਾਲ ਹੁੰਦਾ ਹੈ। ਕਦੀ ਤਾਂ ਉਸ ਦਾ ਵਿਕਾਸ ਲੜਨ ਮਰਨ ਵਿਚ ਲਹੂ ਵਹਾਣ, ਤਲਵਾਰ-ਤੋਪ ਅੱਗੇ ਜਾਨ ਦੇਣ ਵਿਚ ਹੁੰਦਾ ਹੈ, ਕਦੇ ਪ੍ਰੇਮ ਦੇ ਪਿੜ ਵਿਚ ਉਸ ਦੇ ਨਿਸ਼ਾਨ ਝੁੱਲਦੇ ਹਨ। ਕਦੀ ਜੀਵਨ ਦੇ ਗੂੜ੍ਹੇ ਤੱਤ ਤੇ ਸੱਚ ਦੀ ਭਾਲ ਵਿਚ ਬੁੱਧ ਜੇਹੇ ਰਾਜੇ ਤਿਆਗੀ ਹੋ ਕੇ ਬੀਰ ਹੋ ਜਾਂਦੇ ਹਨ। ਕਦੀ ਕਿਸੇ ਆਦਰਸ਼ ਉੱਤੇ ਕਦੀ ਕਿਸੇ ਉੱਤੇ ਬਹਾਦਰੀ ਆਪਣੇ ਝੰਡੇ ਝੁਲਾਉਂਦੀ ਹੈ। ਪਰ ਬਹਾਦਰੀ ਇਕ ਪ੍ਰਕਾਰ ਦਾ ਇਲਹਾਮ ਜਾਂ ਰੱਬੀ ਪ੍ਰੇਰਨਾ ਹੈ। ਜਦ ਕਦੀ ਇਸ ਦਾ ਵਿਕਾਸ ਹੋਇਆ ਤਦੇ ਇਕ ਨਵਾਂ ਕਮਾਲ ਨਜ਼ਰੀਂ ਪਿਆ, ਇਕ ਨਵਾਂ ਜਲਾਲ ਜੰਮਿਆ, ਇਕ ਨਵੀਂ ਰੌਣਕ, ਨਵਾਂ ਰੰਗ, ਨਵੀਂ ਬਹਾਰ ਤੇ ਨਵੀਂ ਪ੍ਰਭੁਤਾ ਸੰਸਾਰ ਵਿਚ ਛਾ ਗਈ। ਬਹਾਦਰੀ ਸਦਾ ਨਿਰਾਲੀ ਤੇ ਨਵੀਂ ਹੁੰਦੀ ਹੈ, ਨਵਾਂਪਣ ਸੂਰਬੀਰਤਾ ਦਾ ਇਕ ਖਾਸ ਰੰਗ ਹੈ। ਹਿੰਦੂਆਂ ਦੇ ਪੁਰਾਣਾਂ ਦੀ ਉਹ ਅਲੰਕਾਰਮਈ ਸੋਚ ਜਿਸ ਰਾਹੀਂ ਪੁਰਾਣਕਾਰਾਂ ਨੇ ਈਸ਼ਵਰ ਦੇ ਅਵਤਾਰਾਂ ਨੂੰ ਅਨੋਖੇ ਤੇ ਵੱਖ-ਵੱਖ ਰੂਪ ਦਿੱਤੇ ਹਨ, ਸੱਚੀ ਜਾਣ ਪੈਂਦੀ ਹੈ, ਕਿਉਂਕਿ ਬੀਰਤਾ ਦਾ ਇਕ ਵਿਕਾਸ ਦੂਜੇ ਵਿਕਾਸ ਨਾਲ ਕਦੀ ਕਿਵੇਂ ਵੀ ਨਹੀਂ ਮਿਲਦਾ। ਬਹਾਦਰੀ ਦੀ ਕਦੇ ਨਕਲ ਨਹੀਂ ਹੋ ਸਕਦੀ, ਜਿਵੇਂ ਮਨ ਦੀ ਖੁਸ਼ੀ ਕਦੇ ਕੋਈ ਉਧਾਰੀ ਨਹੀਂ ਲੈ ਸਕਦਾ। ਵੀਰਤਾ ਦੇਸ਼-ਕਾਲ ਅਨੁਸਾਰ ਜਦੋਂ ਕਦੀ ਸੰਸਾਰ ਵਿਚ ਪ੍ਰਗਟ ਹੋਈ ਤਦੇ ਇਕ ਨਵਾਂ ਰੂਪ ਲੈ ਕੇ ਆਈ, ਜਿਸ ਦੇ ਦਰਸ਼ਨ ਕਰਦਿਆਂ ਹੀ ਲੋਕ ਚਕਰਾ ਗਏ। ਕੁਝ ਬਣ ਨਾ ਆਇਆ ਤੇ ਵੀਰਤਾ ਅੱਗੇ ਸਿਰ ਝੁਕਾ ਦਿੱਤਾ। ਜਾਪਾਨੀ ਵੀਰਤਾ ਦੀ ਮੂਰਤੀ ਪੂਜਦੇ ਹਨ। ਇਸ ਪੂਰਤੀ ਦਾ ਦਰਸ਼ਨ ਚੇਰੀ ਦੇ ਫੁੱਲਾਂ ਦੇ ਸ਼ਾਂਤ ਖੇੜੇ ਵਿਚ ਕਰਦੇ ਹਨ। ਕੇਹੀ ਸੱਚੀ ਤੇ ਕਲਾ ਭਰਪੂਰ ਪੂਜਾ ਹੈ। ਵੀਰਤਾ ਹਮੇਸ਼ਾ ਜ਼ੋਰ ਨਾਲ ਭਰਿਆ ਸੁਨੇਹਾ ਹੀ ਨਹੀਂ ਦੇਂਦੀ, ਮਨ ਦੀ ਕੋਮਲਤਾ ਦੇ ਵੀ ਦਰਸ਼ਨ ਕਰਾਂਦੀ ਹੈ। ਅਜੇਹੀ ਕੋਮਲਤਾ ਵੇਖ ਕੇ ਸਾਰੀ ਕੁਦਰਤ ਦੀ ਰਚਨਾ ਕੋਮਲ ਹੋ ਜਾਂਦੀ ਹੈ, ਅਜੇਹੀ ਸੁੰਦਰਤਾ ਵੇਖ ਕੇ ਲੋਕੀਂ ਮੋਹੇ ਜਾਂਦੇ ਹਨ। ਜਦੋਂ ਕੋਮਲਤਾ ਅਤੇ ਸੁੰਦਰਤਾ ਦੇ ਰੂਪ ਵਿਚ ਵੀਰਤਾ ਦਰਸ਼ਨ ਦੇਂਦੀ ਹੈ ਤਾਂ ਚੇਰੀ ਦੇ ਫੁੱਲ ਤੋਂ ਵੀ ਵਧੇਰੇ ਕੋਮਲ ਤੇ ਮਨਮੋਹਣੀ ਹੁੰਦੀ ਹੈ। ਜਿਸ ਬੰਦੇ ਨੇ ਯੂਰਪ ਨੂੰ 'ਕਰੂਸੇਡਜ਼' ਲਈ ਹਿਲਾ ਦਿੱਤਾ ਸੀ, ਉਹ ਲੜਾਈ ਵਿਚ ਲੜ ਮਰਨ ਵਾਲਿਆਂ ਤੋਂ ਵਧੇਰੇ ਯੋਧਾ ਸੀ। ਦੇਖੋ ਇਕ ਨਿੱਕਾ ਜੇਹਾ ਸਾਧਾਰਨ ਆਦਮੀ ਯੂਰਪ ਵਿਚ ਜਾ ਕੇ ਪੁਕਾਰਦਾ ਹੈ ਕਿ ਹਾਏ ਸਾਡੇ ਤੀਰਥ ਸਾਡੇ ਵਾਸਤੇ ਖੁੱਲ੍ਹੇ ਨਹੀਂ ਤੇ ਯਹੂਦ ਦੇ ਰਾਜੇ ਯਾਤਰੀਆਂ ਨੂੰ ਤੰਗ ਕਰਦੇ ਹਨ। ਇਹ ਹੰਝੂ ਭਰੀ ਅਪੀਲ ਸੁਣ ਕੇ ਯੂਰਪ ਉਸ ਦੇ ਨਾਲ ਰੋ ਉਠਿਆ। ਇਹ ਉੱਚੇ ਦਰਜੇ ਦੀ ਵੀਰਤਾ ਹੈ।

# ਸਮੁੰਦਰ ਕਿਨਾਰੇ ਮੈਂ ਉਡੀਕਾਂ

ਸਮੁੰਦਰ ਕਿਨਾਰੇ ਮੈਂ ਖੜ੍ਹੀ ਉਡੀਕਾਂ,
ਪਿਆਰੇ ਦਾ ਜਹਾਜ਼ ਕਦ ਆਵਸੀ ?
ਮੈਨੂੰ ਉਦਾਸ ਖੜ੍ਹੀ ਨੂੰ ਦੇਖ,
ਸਾਰਾ ਸਮੁੰਦਰ ਆਇਆ, ਡਿੱਗਿਆ ਪੈਰਾਂ ਵਿਚ,
ਤੇ ਛੋਹਵੇ ਮੇਰੇ ਪੈਰ ਆਪਣੀ ਅਯਾਲ ਨਾਲ ।

ਪਰ ਮੈਂ ਵੇਖਦੀ ਦੂਰ, ਉਤਾਹਾਂ ਨੂੰ,
ਪਿਆਰੇ ਦਾ ਜਹਾਜ਼ ਕਦ ਆਵਸੀ ?
ਸਮੁੰਦਰ ਵੱਲ ਮੈਂ ਧਿਆਨ ਨਾ ਕਰਦੀ,
ਸਮੁੰਦਰ ਮੇਰਾ ਕੀ ਲੱਗਦਾ ?
ਮੈਨੂੰ ਸਮੁੰਦਰ ਦੀ ਲੋੜ ਕੀ ?
ਮੈਂ ਦੇਖਦੀ ਦੂਰ ਅਗਾਹਾਂ ਨੂੰ,
ਸਮੁੰਦਰ ਥੀਂ ਪਾਰ, ਪਿਆਰੇ ਦਾ ਜਹਾਜ਼ ਕਦ ਆਵਸੀ ?

ਉਹ ਆਇਆ ਜਹਾਜ਼ ਪਿਆਰੇ ਦਾ ਲਹਿਰਾਂ 'ਤੇ ਟੁਰਦਾ,
ਜਹਾਜ਼ ਵਿਚ ਬੈਠਾ ਮੇਰੇ ਸਿਰ ਦਾ ਸਾਈਂ ।
ਮੈਂ ਤਾਂ ਉਸ ਓੜ ਸਮੁੰਦਰ ਨੂੰ ਪਿਆਰਿਆ,
ਮੈਂ ਤਾਂ ਸਮੁੰਦਰ ਸਾਰੇ ਥੀਂ ਵਾਰੀ ਵਾਰੀ,
ਜਿਸ ਉੱਤੇ ਆਇਆ ਜਹਾਜ਼ ਉਹ ਪਿਆਰੇ ਦਾ ।

ਮੈਂ ਤਾਂ ਘੋਲ ਘੁਮਾਈਆਂ ਸਮੁੰਦਰ ਸਾਰੇ ਦੇ ਪਾਣੀਆਂ
ਮੈਂ ਉਹਦੇ ਕੇਸਰੀ-ਸਿਰ 'ਤੇ ਹੱਥ ਫੇਰਦੀ ।
ਮੈਨੂੰ ਉਹਦੀ ਸਿੰਘ-ਗਰਜ ਲੂੰਅ ਲੂੰਅ ਭਾਂਦੀ ਹੁਣ, ਜਿਗਰਾਂ ਵਿਚ ਚੁਭਦੀ ।
ਮੈਂ ਮੱਲੋ ਮੱਲੀ ਸਮੁੰਦਰ-ਸਿੰਘ ਨੂੰ ਪਿਆਰਦੀ,
ਸਮੁੰਦਰ ਤਾਂ ਮੇਰਾ ਰੂਹ ਹੈ ।
ਉਹ ਆਇਆ ਜਹਾਜ਼ ਪਿਆਰੇ ਦਾ ਸਮੁੰਦਰਾਂ 'ਤੇ ਟੁਰਦਾ ।

# ਕਾਵਿ ਕਿਆਰੀ



ਪ੍ਰੋਫੈਸਰ ਪੂਰਨ ਸਿੰਘ ਜੀ

ਪ੍ਰੋਫੈਸਰ ਪੂਰਨ ਸਿੰਘ (੧੮੮੧-੧੯੩੧) ਨੇ ਬਹੁਤ ਸਾਰਾ ਸਾਹਿਤ ਪੰਜਾਬੀ, ਅਤੇ ਅੰਗ੍ਰੇਜ਼ੀ ਵਿੱਚ ਰਚਿਆ । ਉਨ੍ਹਾਂ ਨੂੰ ਜਪਾਨੀ ਅਤੇ ਜਰਮਨ ਭਾਸ਼ਾ ਦਾ ਵੀ ਗਿਆਨ ਸੀ । ਉਨ੍ਹਾਂ ਉੱਤੇ ਸਵਾਮੀ ਰਾਮ ਤੀਰਥ, ਭਾਈ ਵੀਰ ਸਿੰਘ, ਵਾਲਟ ਵ੍ਹਿਟਮੈਨ, ਜਪਾਨੀ ਜੀਵਨ ਢੰਗ ਅਤੇ ਸਿੱਖ ਦਰਸ਼ਨ ਦਾ ਡੂੰਘਾ ਅਸਰ ਪਿਆ । ਉਨ੍ਹਾਂ ਦਾ ਆਜ਼ਾਦੀ ਨਾਲ ਮੋਹ, ਖੁਲ੍ਹ ਦਿਲੀ ਅਤੇ ਮਨ ਦੀ ਸਾਦਗੀ ਤੇ ਸ਼ੁਧਤਾ ਉਨ੍ਹਾਂ ਦੀ ਰਚਨਾ ਵਿੱਚੋਂ ਆਪ ਮੁਹਾਰੇ ਉਮੜ ਉਮੜ ਪੈਂਦੇ ਹਨ । ਉਨ੍ਹਾਂ ਨੇ ਪੰਜਾਬੀ ਵਿੱਚ ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ, ਖੁਲ੍ਹੇ ਅਸਮਾਨੀ ਰੰਗ (ਕਵਿਤਾ) ਅਤੇ ਖੁਲ੍ਹੇ ਲੇਖ (ਵਾਰਤਕ) ਰਚਨਾਵਾਂ ਲਿਖੀਆਂ। ਉਨ੍ਹਾਂ ਨੂੰ ਠੀਕ ਹੀ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ । ਅੱਜ ਦਾ ਇਹ ਕਾਵਿ-ਅੰਕ ਪ੍ਰੋ. ਪੂਰਨ ਸਿੰਘ ਵਲੋਂ ਪੰਜਾਬੀ ਸਾਹਿਤ ਨੂੰ ਦਿੱਤੇ ਵਡਮੁੱਲੇ ਯੋਗਦਾਨ ਨੂੰ ਸਮਰਪਿਤ ਹੈ।

# ਲੋਕੀਂ ਕਹਿਣ ਰੱਬ ਸਭ ਵਿਚ ਹੈ, ਸਭ ਕੁਝ ਹੈ

ਲੋਕੀਂ ਕਹਿਣ ਰੱਬ ਸਭ ਵਿਚ ਹੈ, ਸਭ ਕੁਝ ਉਹੋ,
ਹਰ ਥਾਂ ਹੈ, ਹਰ ਸ਼ੈ ਹੈ, ਜਿਧਰ ਦੇਖੋ, ਰੱਬ ਹੀ ਰੱਬ,
ਪਰ ਮੇਰੀਆਂ ਅੱਖੀਆਂ ਹਾਲੇ,
ਕੁਝ ਠੀਕ ਸੁਜਾਖੀਆਂ ਨਹੀਂ ਜਾਪਦੀਆਂ,
ਮੈਨੂੰ ਰੱਬ ਇਉਂ ਹਰ ਥਾਂ ਨਹੀਂ ਦਿੱਸਦਾ ।

ਕਦੀ ਕਿਸੇ ਚੰਗੀ ਘੜੀ, ਕਿਸੇ ਛਿਣ ਪਲ,
ਪਤਾ ਨਹੀਂ ਕਦੇ ਬੇਵੱਸ ਜਿਹਾ ਸਮਾਂ ਸਵਾਂਤੀ ਨਛੱਤਰ ਦਾ ਕੋਈ,
ਕੁਝ ਪਤਾ ਨਹੀਂ, ਆਵੇ ਅੱਜ ਨਾ ਆਵੇ ਸਦੀਆ,
ਜਦ ਕਿਧਰੇ ਕਿਸੇ ਰੰਗ ਵਿਚ ਡੁੱਬ,
ਜੇ ਅੱਖ ਮੇਰੀ ਵੱਜੇ ਜਾ ਕਦੀ, ਗੱਲ ਵੱਸ ਦੀ ਨਾਂਹ,
ਭਾਵੇਂ ਵੱਜੇ ਜਾ ਕਿਸੇ ਪਹਾੜ ਦੇ ਬਰਫ਼ਾਨੀ ਕਿੰਗਰੇ 'ਤੇ,

ਉਹੋ ਦਿਸੇ ਉਸ ਨਛੱਤਰ ਵਿਚ ਕਦੀ ਰੱਬ ਦੀ ਸ਼ੋਭਾ ਵਿਚ ਝਲਕਦੀ,
ਉਸ ਪਹਾੜ ਦੀ ਡਲ੍ਹਦੀ ਕਿੰਗਰੀ ਵੜੇ ਦਿਲ ਮੇਰੇ ਵਿਚ ਵਾਂਗ ਸਾਧ ਤੇ
ਫ਼ਕੀਰ ਦੇ, ਹੋ ਜੀਂਦੀ ਜਾਗਦੀ, ਮਨੁੱਖ ਵਰਗੀ,

ਤਾਂ ਬੇਹੋਸ਼ ਦੁਨੀਆਂ ਤੇ ਦੀਨ ਥੀਂ ਹੋ ਮੈਂ ਕੂਕਾਂ- ਉਹ ਰੱਬ ।
ਲੂੰ ਲੂੰ ਠੰਢਾ ਹੁੰਦਾ ਵੇਖ ਕੇ,
ਨਸ਼ਾ ਅਟੁੱਟ ਆਵੇ, ਨੈਨਾਂ ਥੀਂ ਅੰਮ੍ਰਿਤ ਬੂੰਦ ਪਈ ਵੱਸਦੀ,
ਸੁਹਣੱਪ ਦਾ ਮੀਂਹ ਵੱਸੇ ਚਾਰ ਚੁਫੇਰੀਂ ।
ਦਿਲ ਖ਼ੁਸ਼ ਕੀਤਾ ਬਰਫ਼ਾਨੀ ਜੋਤ ਨੇ,
ਪਰ ਉਹ ਸਵਾਂਤੀ ਨਛੱਤਰ, ਪਤਾ ਨਹੀਂ ਕਿਸ ਦੇ ਵੱਸ ਹੈ ?
ਇਉਂ ਕਦੀ ਕਦੀ ਮੈਂ ਰੱਬ ਦੇਖਦਾ, ਕਿਧਰੇ ਕਿਧਰੇ ।

# ਉਸ ਦੀ ਦਾਤ

ਉਸ ਮੋਤੀ ਇਕ ਵਿੰਨ੍ਹ ਕੇ,
ਇਕ ਕਿਰਨ ਜਿਹੀ ਤਾਰ ਵਿਚ ਪ੍ਰੋ ਦਿੱਤਾ ਮੈਨੂੰ ।
ਆਪਣੇ ਹੱਥੀਂ ਗਲੇ ਮੇਰੇ ਵਿਚ ਪਾਇਆ
ਅਜੀਬ-ਇਹ ਮੋਤੀ ।
ਜਿਵੇਂ ਅੱਖਾਂ ਨਾਲ ਤਾਰੇ ਸੌਂਦੇ, ਉੱਠਦੇ, ਖੁੱਲ੍ਹਦੇ ਮੀਟਦੇ
ਤਿਵੇਂ ਉਹ ਮੋਤੀ ਲੱਗ ਮੇਰੀ ਛਾਤੀ,
ਮੇਰੇ ਨਾਲ ਨਾਲ ਸੌਂਦਾ ਜਾਗਦਾ, ਹੱਸਦਾ ਰੋਂਦਾ ।
ਪਰ ਮੈਂ ਅਣਗਹਿਲਣ, ਮੈਂ ਮੂਰਖ,
ਮੈਨੂੰ ਉਹਦੀ ਅਸਲ ਖ਼ਬਰ ਕੋਈ ਨਾਂਹ ।
ਇਕ ਦਿਨ ਇਹ ਧਾਗਾ ਟੁੱਟਾ, ਮੋਤੀ ਡਿੱਗਾ,
ਤੇ ਮੇਰੇ ਗਲੇ ਵਿਚੋਂ ਢਹਿ ਪਈ ਤਲੇ ਧਰਾ 'ਤੇ ।
ਮੈਂ ਹੈਰਾਨ ਹੋ ਦੇਖਦੀ ਹਾਂ,
ਦੋਵੇਂ ਜ਼ਮੀਨ ਅਕਾਸ਼ ਇਕੱਠੇ, ਇੱਕੋ ਵੇਲੇ ਦੌੜੇ,
ਇਹਨੂੰ ਪਤੁੱਛਣ ਨੂੰ ਡਾਢੀ ਸਤਿਕਾਰ ਵਿਚ,
ਹਾਏ ਇਹ ਤਲੇ ਕਿਉਂ ਢੱਠਾ ?
ਮੈਨੂੰ ਇਹਦੀ ਅਸਲੀ ਖ਼ਬਰ ਕੋਈ ਨਾਂਹ ।

# ਲੋਕੀਂ ਆਖਣ ਮੈਂ ਜੀ ਪਿਆ

ਲੋਕੀਂ ਆਖਣ ਮੈਂ ਜੀ ਪਿਆ ।
ਹੋਇਆ ਕੀ ਸੀ ?
ਲਹੂ ਮੇਰੇ ਵਿਚ ਘੋਲਿਆ
ਸੁਹਣੇ ਸਾਈਂ ਮੇਰੇ ਸੱਚਿਆ,
ਇਕ ਲਾਲ ਲਾਲ, ਬੋਲਦਾ,
ਜੀਂਦਾ ਗੱਲਾਂ ਕਰਦਾ, ਹਿਲਦਾ ਜੁਲਦਾ,
ਇਕ ਗੀਤ ਸੀ ।
ਉਹ ਗੀਤ ਹੱਡੀ ਹੱਡੀ ਮੇਰੀ ਵਿਚ ਧੱਸਿਆ,
ਗਾਂਦਾ ਗਾਂਦਾ ਮੈਂ ਵਗਿਆ ।
ਜਾਂਦਾ ਮੈਂ ਅੱਗ ਵਿਚ, ਜਲ ਵਿਚ,
ਘੋਲਦਾ ਜਾਂਦਾ ਮੁੜ ਸਭ ਕੁਝ ਮੈਂ ਆਪਣੇ ਆਪ ਵਿਚ,
ਤੇ ਜਾਂਦਾ ਆਪਾ ਮੁੜ ਸਭ ਕੁਝ ਮੈਂ ਸਾਰੇ ਜੱਗ ਵਿਚ,
ਇਸ ਵਿਚ, ਉਸ ਵਿਚ, ਹਵਾ ਵਿਚ,
ਮਿੱਟੀ ਵਿਚ, ਰਗ ਵਿਚ, ਰੰਗ ਵਿਚ,
ਜੀਣ ਵਿਚ ਮੌਤ ਵਿਚ ।
ਮੈਂ ਤਾਂ ਡੁਲ੍ਹਦਾ ਸੀ ਜਾਂਦਾ ਸਭ ਕਿਸੇ ਵਿਚ,
ਗਾਂਦਾ ਉਹ ਗੀਤ ਜਿਹੜਾ ਪਿਆਰ-ਵਾਂਗ
ਰਲਾਇਆ ਸਾਈਆਂ ਪਿਆਰਿਆ,
ਮੇਰੀ ਰਗ ਰਗ,
ਤੇ ਪੋੜਿਆ ਮੇਰੇ ਲੂੰ ਲੂੰ ਨੂੰ ।

# ਟੁਰ ਗਿਆ ਸੀ ਉਹ

ਟੁਰ ਗਿਆ ਸੀ ਉਹ ਮੈਨੂੰ 'ਕੱਲੀ ਨੂੰ ਛੱਡ ਕੇ ।
ਘੋੜੇ ਚੜ੍ਹੇ ਨੀਲੇ 'ਤੇ ਮੈਂ ਜਾਂਦਾ ਤੱਕਿਆ ਉਹ ਸਵਾਰ ਸੀ ।
ਮੈਂ ਸੋਚਾਂ ਵਿਚ ਡੁੱਬੀ,
ਪਤਾ ਨਹੀਂ ਉਹ ਪਿਆਰਾ ਹੁਣ ਕਦ ਮੁੜਸੀ ?
ਮੈਨੂੰ 'ਕੱਲਾ ਉਹ ਛੱਡ ਟੁਰ ਗਿਆ,
ਮੈਂ ਨਿੰਮੋਝੂਣ ਜਿਹੀ ਹੋ ਕੇ,
ਸਿਰ ਆਪਣੇ ਗੋਡਿਆਂ ਵਿਚ ਸੁੱਟ ਬੈਠੀ ਨਿਰਾਸ ਜਿਹੀ,
ਮੈਨੂੰ ਚੁੱਪ ਜਿਹੀ ਲੱਗ ਗਈ ।
ਗੋਡਿਆ ਵਿਚ ਪਿਆ ਸਿਰ,
ਮੈਂ ਕੀ ਦੇਖਦੀ ?
ਉਹ ਮੇਰਾ ਸਾਈਂ ਨੀਲੇ ਘੋੜੇ ਵਾਲਾ,
ਚੜ੍ਹਿਆ ਚੜ੍ਹਾਇਆ ਆ ਰਿਹਾ ਹੈ ਨੀਲੇ ਘੋੜੇ 'ਤੇ
ਸਵਾਰ ਹੋ ਮੇਰੇ ਦਿਲ ਦੇ ਸ਼ਹਿਰ ਨੂੰ ।
ਉਹਦੇ ਸੁੰਮਾਂ ਦੀ ਖੜਾਕ ਹੋਈ,
ਮੇਰੇ ਰੂਹ ਦਾ ਅੰਦਰਲਾ ਗੀਤ ਸੀ ।
ਇੰਨੇ ਚਿਰ ਵਿਚ ਉਹ ਸਾਈਂ ਮੇਰਾ,
ਦਿਲ ਮੇਰੇ ਵਿਚ ਵੜ ਕੇ, ਘੋੜੇ ਸਮੇਤ
ਮੇਰੇ ਕੋਲ ਆਣ ਖੜ੍ਹਾ ਸੀ ;
ਤੇ ਮੈਨੂੰ ਝੂਣ ਆਖਦਾ ;
ਮੇਰੇ ਘਰ ਅੰਦਰ ਬੈਠਿਆਂ,
ਮੇਰੇ ਮਹਿਲ ਵਸਦਿਆਂ,
ਇਹ ਕਾਹਦੀ ਅਕਲ ਹੈ ?
ਤੇ ਕੀ ਸੀ ਇਹ ਤੌਖਲਾ ?

# ਪੰਜਾਬ ਦੇ ਮਜੂਰ

ਓਏ ! ਮਜੂਰ ਚੰਗੇ ਲੱਗਦੇ !
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,

ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,

ਨ ਛੁਪਦੇ ਨ ਛੁਪਾਂਦੇ ਕੁਝ ਆਪਣਾ ।
ਨੰਗੇ ਨੰਗੇ ਦਿਲ ਇਨ੍ਹਾਂ ਦੇ,

ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗੱਲਾਂ ।
ਇਨ੍ਹਾਂ ਦੀ ਗ਼ਰੀਬੀ ਨਿੱਕੀ,

ਇਨ੍ਹਾਂ ਦਾ ਸੰਤੋਖ ਵੱਡਾ,
ਇਹ ਠੰਢੇ ਪਾਣੀ ਵਾਂਗ
ਮੇਰੇ ਜੀ ਨੂੰ ਠਾਰਦੇ ।

# ਪਿੱਪਲ ਹੇਠ

ਪਿੱਪਲ ਹੇਠ ਇਹ ਧੂਣੀ ਪਈ ਰਸਦੀ,
ਉਦਾ ਧੂਆਂ ਪਿਆ ਨਿਕਲਦਾ,
ਅੱਗ ਪਈ ਮੱਘਦੀ ।
ਬਾਵਰੀਆਂ ਵਾਲਾ ਬੈਰਾਗੀ ਇਕ ਬੈਠਾ
ਬਦਨ ਤੇ ਸਵਾਹ ਜਿਹੀ ਮਲੀ ਹੋਈ,
'ਰਾਮ' 'ਰਾਮ' ਕਰਦਾ,
ਹੱਥ ਵਿਚ ਰੁਦਰਾਖ ਦੀ ਮਾਲਾ ।
ਮੈਂ ਸਾਹਮਣੇ ਖਲੋ ਗਿਆ,
ਸਿਰ ਹਵਾ ਵਿਚ ਸੁੱਟ ਕੇ,
ਕੁਝ ਹੈਰਾਨੀ ਜਿਹੀ ਗੁਸਤਾਖ਼ੀ ਵਿਚ,
ਤੇ ਟੱਕ ਬੰਨ੍ਹ ਕੇ ਤੱਕਣ ਲੱਗ ਪਿਆ,
ਮੇਰੇ ਨੈਣ ਪੁੱਛਦੇ-
ਕੀ ਇਸ ਨੇ ਪਿਆਰ ਦੇ ਦਰਸ ਨਹੀਂ ਪਾਏ, ਹਾਲੇ ?
ਨਹੀਂ ਤਾਂ ਤਪ ਕਿਉਂ ਕਰਦਾ ਇਹ ਆਦਮੀ ?
ਖ਼ਾਕ ਸਿਰ ਤੇ ਕਿਉਂ ਪਾਈ ਹੈ ?
ਤੇ ਆਪਾ ਕਿਉਂ ਸਾੜਦਾ-
ਮੈਂ ਬੋਲਿਆ ਕੁਝ ਨਾਂਹ,
ਬੱਸ ਦੇਖ ਦੇਖ ਪੁੱਛਦਾ।
ਉਹ ਬੈਰਾਗੀ ਬੁਲਾਉਂਦਾ ਰਹਿ ਗਿਆ,
'ਆਓ ਬੈਠੋ' ਆਖਦਾ,
ਮੈਂ ਨੱਸ ਖਲੋਤਾ,
'ਆਇਆ' 'ਆਇਆ' ਆਖਦਾ ।

# *ਸਭ ਨੂੰ ਖਿਚਾਂ ਪਾਉਣ ਵਾਲਾ*

ਮੇਰਾ ਪ੍ਰੀਤਮ
ਬਰਫ ਢਕੀਆਂ ਪਰਬਤ ਸਿਖਰਾਂ ਉਤੇ
ਬਹਿ ਕੇ ਸੀ ਬੰਸੀ ਦੀ ਧੁਨ ਵਜਾਉਂਦਾ,
ਮਿੱਠੜਾ ਰਾਗ ਅਲਾਉਂਦਾ ।
ਸੁਣ ਕੇ ਉਸ ਦਾ ਰਾਗ ਸੁਰੀਲਾ
ਪਰਬਤ ਖੰਡ ਦੇ ਮਿਰਗ ਕਸਤੂਰੇ
ਆ ਇਕੱਤਰ ਹੋਏ ਉਸ ਥਾਂ
ਜਿਵੇਂ ਪਿਆਰ ਦੇ ਜਾਲ ਵਿਚ
ਗਏ ਹੋਵਣ ਉਹ ਬੱਧੇ;
ਪ੍ਰੀਤਮ ਵੀ ਇਸ ਖ਼ੁਸ਼ੀ ਨੂੰ
ਛੁਪਾ ਨਾ ਸਕਿਆ,
ਤੇ ਇਸ ਮਧੁਰ ਸੰਗੀਤ ਦੀ ਖ਼ੁਸ਼ਬੋਈ
ਚਾਰ-ਚੁਫੇਰੇ ਪਰਬਤ ਕੰਧਾਂ ਤੋਂ ਪ੍ਰੇਰੇ ਵੀ
ਦਿਤੀ ਜਾ ਸੁਣਾਈ।
ਸ੍ਰਿਸ਼ਟੀ ਦੇ ਸਭ ਰਿਖੀ ਰਿਖੀਸਰ
ਤਾਰੇ ਗਗਨਾਂ ਵਾਲੇ ਦੇਵ-ਗਣ ਸਾਰੇ
ਆ ਜੁੜੇ ਉਸ ਥਾਂ,
ਨਮਸਕਾਰ ਕਰ ਸੀਸ ਝੁਕਾਵਣ
ਹੋਵਣ ਪਏ ਬਲਿਹਾਰੇ ।

# ਹਲ਼ ਵਾਹੁਣ ਵਾਲੇ

ਓਏ ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,
ਜੱਟ ਬੂਟ ਮੇਰੇ ਯਾਰ ਵੋ ।
ਲੱਸੀ ਦਾ ਛੰਨਾ ਦਿੰਦੇ,
ਬਾਜਰੇ ਦੀ ਰੋਟੀ,
ਮੱਖਣ ਦੀ ਪਿੰਨੀ ਦਿੰਦੇ,
ਦੁੱਧ ਦੀਆਂ ਕਟੋਰੀਆਂ ।
ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;
ਮੱਕੀ, ਜਵਾਰ ਤੇ ਛੋਲਿਆਂ ।
ਪਾਣੀ ਠੰਢਾ ਖੂਹਾਂ ਦਾ ਦਿੰਦੇ,
ਖ਼ੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,
ਟਿੱਬੇ ਢੇਰ ਸਾਰੇ ਢਾਹ ਮਦਾਨ ਕਰਨ,
ਇਹ ਲੋਕੀਂ ਹਨ ਮੇਰੇ ਰੱਬ ਦੀਆਂ ਪੈਲੀਆਂ ।
ਬੀਜ ਬੀਜਣ ਇਹ ਹਲ ਚਲਾਣ,
ਘਾਲਾਂ ਘਾਲਣ ਪੂਰੀਆਂ ।
ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ ਮੁੜ ਵੱਲ ਬੱਦਲਾਂ,
ਇਹ ਹਨ ਜੱਗ ਦੇ ਭਮੜਾਰੀ,
ਰਾਜੇ ਹੱਥ ਅੱਡ ਅੱਡ ਮੰਗਦੇ ਇਥੋਂ ਰੋਟੀਆਂ ।

# ਸੋਹਣੀ ਦੀ ਝੁੱਗੀ

ਮੈਨੂੰ ਦਿਸਦੀ ਝਨਾਂ ਦੇ ਪਾਰਲੇ ਕੰਢੇ,
ਦੂਰ ਨੂਰ ਵਿਚ ਡੁੱਬੀ ਨਿੱਕੀ ਜਿਹੀ ਝੁੱਗੀ,
ਸਿਰਫ਼ ਉਹ ਥਾਂ ਚਮਕਦੀ,

ਹੋਰ ਸਭ ਝਨਾਂ ਦਾ ਪਾਣੀ ਤੇ ਕੰਢਾ ਹਨੇਰਾ ਹਨੇਰਾ,
ਤੇ ਹਨੇਰੇ ਵਿਚ ਚਮਕਦੀ, ਉਹ ਇਕ ਤਾਰਾ,
ਇਕ ਖਿੱਤੀ ਨੂਰ ਦੀ,
ਇਹ ਸੋਹਣੀ ਦਾ ਦਿਲ ਹੈ ।
ਇੱਥੇ ਵੱਸਦੀ ਸਦਾ ਦੀ ਜ਼ਿੰਦਗੀ,
ਪੰਜਾਬ ਦੀ ਭਕਦੀ, ਕੂਕਦੀ ਜਵਾਨੀ ।

ਇਸ ਝੁੱਗੀ ਥੀਂ ਵਾਰੇ ਲੱਖ ਲੱਖ ਸਲਤਨਤਾਂ,
ਝਨਾਂ ਰੋਹੜ ਵਾਰਦਾ ਲੱਖ ਵੇਰੀ,
ਤੇ ਰੱਖਦਾ ਜ਼ੰਜੀਰਾਂ ਪਾ ਆਪਣੇ ਕੰਢੇ ਤੇ ਇਹ ਝੁੱਗੀ,
ਇਹ ਝੁੱਗੀ ਸਦਾ ਵੱਸਦੀ,
ਦੀਵਾ ਅੰਦਰ ਪਿਆ ਬਲਦਾ,
ਸੋਹਣੀ ਦਾ ਫ਼ਕੀਰ-ਪਾਤਸ਼ਾਹ ਇੱਥੇ ਵੱਸਦਾ ।




# ਨੋਬੇਲ ਪੁਰਸਕਾਰ ਦਾ ਜਨਮਦਾਤਾ ਅਲਫਰੈੱਡ ਨੋਬਲ

ਵਿਗਿਆਨ ਦੀ ਚਿੰਗਾਰੀ ਨੇ ਮਨੁੱਖ ਦੇ ਸਦੀਆਂ ਤੋਂ ਕੁਦਰਤੀ ਵਰਤਾਰਿਆਂ ਪ੍ਰਤੀ ਪਏ ਹੋਏ ਭਰਮ ਭੁਲੇਖਿਆਂ ਨੂੰ ਦੂਰ ਕਰ ਕੇ ਇਕ ਨਵੀਂ ਅਤੇ ਚਿੰਤਨ ਕਰਨ ਯੋਗ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ, ਜਿਸ ਨੇ ਮਨੁੱਖ ਦੇ ਰਹਿਣ-ਸਹਿਣ ਦੇ ਨਾਲ-ਨਾਲ ਉਸ ਦੀ ਸੋਚ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਵਿਗਿਆਨ ਦੀਆਂ ਖੋਜਾਂ ਵਿਚ ਦਿਨ ਰਾਤ ਰੁੱਝੇ ਹੋਏ ਵਿਗਿਆਨੀਆਂ ਦੀ ਅਣਥੱਕ ਮਿਹਨਤ ਸਦਕਾ ਹੀ ਇਹ ਸੰਭਵ ਹੋਇਆ ਹੈ ਕਿ ਅੱਜ ਵਿਗਿਆਨ ਅਤੇ ਤਕਨਾਲੋਜੀ ਦੇ ਨਿਰੰਤਰ ਵਿਕਾਸ ਕਰਕੇ ਪੂਰੀ ਦੁਨੀਆ ਇਕ ਗਲੋਬਲ ਪਿੰਡ ਬਣ ਗਈ ਹੈ। ਵਿਗਿਆਨੀਆਂ ਨੂੰ ਉਨ੍ਹਾਂ ਦੀਆਂ ਖੋਜਾਂ ਬਦਲੇ ਬਹੁਤ ਸਾਰੇ ਪੁਰਸਕਾਰ ਅਤੇ ਮਾਣ-ਸਨਮਾਨਾਂ ਨਾਲ ਨਿਵਾਜਿਆ ਜਾਂਦਾ ਹੈ ਪਰ ਕੁਝ ਪੁਰਸਕਾਰ ਅਜਿਹੇ ਹੁੰਦੇ ਹਨ ਜਿਨ੍ਹਾਂ ਦੇ ਮਿਲਣ ਨਾਲ ਵਿਅਕਤੀ ਰਾਤੋ-ਰਾਤ ਪੂਰੀ ਦੁਨੀਆ ਵਿਚ ਪ੍ਰਸਿੱਧ ਹੋ ਕੇ ਨਾਮ ਕਮਾ ਜਾਂਦਾ ਹੈ, ਅਜਿਹਾ ਹੀ ਇਕ ਪੁਰਸਕਾਰ ਹੈ ਨੋਬੇਲ ਪੁਰਸਕਾਰ। ਆਉ! ਇਸ ਬਾਰੇ ਕੁਝ ਜਾਣਕਾਰੀ ਹਾਸਲ ਕਰੀਏ। ਨੋਬੇਲ ਪੁਰਸਕਾਰ ਸਵੀਡਨ ਦੇ ਮਹਾਨ ਵਿਗਿਆਨੀ ਅਤੇ ਡਾਈਨਾਮਾਈਟ ਦੇ ਪਿਤਾ ਕਹੇ ਜਾਂਦੇ ਅਲਫਰੈੱਡ ਨੋਬੇਲ ਦੀ ਯਾਦ ਵਿਚ ਦਿੱਤਾ ਜਾਂਦਾ ਹੈ। ਅਲਫਰੈੱਡ ਨੋਬੇਲ ਦੁਆਰਾ ਕੀਤੀਆਂ ਗਈਆਂ ਖੋਜਾਂ ਅਤੇ ਮਾਣਸਨਮਾਨਾਂ ਦੁਆਰਾ ਇਕੱਠੇ ਕੀਤੇ ਗਏ ਪੈਸੇ ਨੂੰ ਉਨ੍ਹਾਂ ਨੇ ਆਪਣੇ ਅਖੀਰਲੇ ਸਮੇਂ ਵਿਚ ਦਾਨ ਕਰ ਦਿੱਤਾ। ਦਾਨ ਕੀਤੇ ਪੈਸੇ ਤੋਂ ਹੀ ਨੋਬੇਲ ਪੁਰਸਕਾਰ ਦੀ ਸ਼ੁਰੂਆਤ ਹੁੰਦੀ ਹੈ। ਅਲਫਰੈਡ ਨੋਬੇਲ ਦੀ ਮੌਤ ਤੋਂ ਪੰਜ ਸਾਲ ਬਾਅਦ ਭਾਵ 1901 ਤੋਂ ਨੋਬੇਲ ਪੁਰਸਕਾਰ ਰਸਾਇਣਕ ਵਿਗਿਆਨ, ਭੌਤਿਕ ਵਿਗਿਆਨ, ਜੀਵ ਵਿਗਿਆਨ, ਸਹਿਤ ਅਤੇ ਵਿਸ਼ਲਵ ਵਿਚ ਸ਼ਲਾਂਤੀ ਨੂੰ ਸਥਾਪਿਤ ਕਰਨ ਲਈ ਪਾਏ ਵਡਮੁੱਲੇ ਯੋਗਦਾਨ ਲਈ ਦਿੱਤਾ ਜਾਂਦਾ ਹੈ। ਇਨ੍ਹਾਂ ਖੇਤਰਾਂ ਤੋਂ ਇਲਾਵਾ ਇਕ ਖੇਤਰ ਅਜਿਹਾ ਹੈ ਜਿਸਨੂੰ ਸ਼ੁਰੂਆਤੀ ਦੌਰ ਵਿਚ ਪੁਰਸਕਾਰ ਲਈ ਨਹੀਂ ਚੁਣਿਆ ਜਾਂਦਾ ਸੀ ਪਰ ਸਵੀਡਨ ਦੇ ਕੇਂਦਰੀ ਬੈਂਕ ਦੁਆਰਾ 1968 ਤੋਂ ਅਰਥ-ਸ਼ਲਾਸਤਰ ਦੇ ਖੇਤਰ ਵਿਚ ਵੀ ਇਹ ਪੁਰਸਕਾਰ ਦਿੱਤਾ ਜਾਣ ਲੱਗਾ। ਭਾਰਤੀ ਕਵੀ, ਨਾਵਲਕਾਰ ਅਤੇ ਭਾਰਤ ਦੇ ਰਾਸ਼ਲਟਰੀ ਗਾਣ ਦੇ ਰਚੇਤਾ ਗੁਰੂਦੇਵ ਰਵਿੰਦਰ ਨਾਥ ਟੈਗੋਰ ਜੀ ਏਸ਼ਲੀਆ ਦੇ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੂੰ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੀ ਲਿਖੀ ਰਚਨਾ ਗੀਤਾਂਜਲੀ ਦੇ ਲਈ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਗਿਆ। ਵਿਗਿਆਨ ਦੇ ਖੇਤਰ ਵਿਚ ਡਾ ਸੀ ਵੀ ਰਮਨ, ਡਾ. ਸੁਬਰਮਨੀਅਮ ਚੰਦਰਸ਼ਲੇਖਰ, ਡਾ. ਹਰਗੋਬਿੰਦ ਖੁਰਾਣਾ, ਅਰਥ-ਸ਼ਲਾਸਤਰ ਵਿਚ ਡਾ. ਅਮਰਿੱਤਯ ਸੇਨ ਅਤੇ ਸ਼ਲਾਂਤੀ ਦੇ ਖੇਤਰ ਵਿਚ ਕੈਲਾਸ਼ਲ ਸਤਿਆਰਥੀ ਅਤੇ ਪਾਕਿਸਤਾਨ ਦੀ ਸਮਾਜਿਕ ਕਾਰਕੁਨ ਮਲਾਲਾ ਯੂਸਫਜ਼ਲਈ ਨੂੰ ਸਾਂਝੇ ਤੌਰ 'ਤੇ ਨਿਵਾਜਿਆ ਜਾ ਚੁੱਕਾ ਹੈ। ਇਨ੍ਹਾਂ ਪੁਰਸਕਾਰਾਂ ਦਾ ਐਲਾਨ ਅਕਤੂਬਰ ਮਹੀਨੇ ਵਿਚ ਕੀਤਾ ਜਾਂਦਾ ਹੈ ਅਤੇ ਦਸੰਬਰ ਮਹੀਨੇ ਵੰਡ ਕੀਤੀ ਜਾਂਦੀ ਹੈ। ਇਹ ਪੁਰਸਕਾਰ ਇਕੋ ਸਮੇਂ ਵਿਚ ਇਕ ਜਾਂ ਇਕ ਤੋਂ ਵੱਧ ਵਿਅਕਤੀਆਂ ਨੂੰ ਵੀ ਦਿੱਤਾ ਜਾ ਸਕਦਾ ਹੈ। 1901 ਤੋਂ ਬਾਅਦ ਕਈ ਵਾਰ ਅਜਿਹਾ ਸਮਾਂ ਵੀ ਆਇਆ ਹੈ ਜਦੋਂ ਨੋਬੇਲ ਪੁਰਸਕਾਰਾਂ ਦਾ ਐਲਾਨ ਨਹੀਂ ਕੀਤਾ ਗਿਆ। ਨੋਬੇਲ ਪੁਰਸਕਾਰ ਦੁਨੀਆਂ ਦਾ ਸਰਵ ਉੱਤਮ ਅਤੇ ਸਰਵਉੱਚ ਪੁਰਸਕਾਰ ਮੰਨਿਆ ਜਾਂਦਾ ਹੈ ਜਿਸਦੇ ਬਰਾਬਰ ਦਾ ਹੋਰ ਕੋਈ ਸਾਹਨੀ ਨਹੀਂ ਮਿਲਦਾ। ਨੋਬੇਲ ਪੁਰਸਕਾਰ ਰਚੇਤਾ ਨੂੰ ਸਾਡਾ ਸਲਾਮ। ਜਿੰਨਾ ਸਮਾਂ ਨੋਬੇਲ ਪੁਰਸਕਾਰ ਰਹੇਗਾ ਉਨਾ ਸਮਾਂ ਅਲਫਰੈੱਡ ਨੋਬੇਲ ਵੀ ਜਿਉਂਦਾ ਰਹੇਗਾ। ਨੋਬਲ ਪੁਰਸਕਾਰ ਨੇ ਅਲਫਰੈੱਡ ਨੋਬੇਲ ਨੂੰ ਵੀ ਅਮਰ ਕਰ ਦਿੱਤਾ ਹੈ।




# ਮਨੁੱਖੀ ਸਰੀਰ ਦੇ ਦਿਲਚਸਪ ਤੱਥ

**ਲਿਖਤ : ਰਜਵਿੰਦਰ ਪਾਲ ਸ਼ਰਮਾ, ਮੋਬਾਇਲ-**7087367969



1. ਮਨੁੱਖੀ ਸਰੀਰ ਦੀ ਸਭ ਤੋਂ ਵੱਡੀ ਹੱਡੀ ਫੀਮਰ ਅਤੇ ਛੋਟੀ ਸਟੇਪੀਜ ਹੁੰਦੀ ਹੈ ਜ਼ੋ ਕ੍ਰਮਵਾਰ ਪੱਟ ਅਤੇ ਕੰਨ ਵਿੱਚ ਮੌਜੂਦ ਹੁੰਦੀਆਂ ਹਨ।
2. ਨਹੁੰ ਸਰੀਰ ਦੇ ਮਰੇ ਹੋਏ ਸੈੱਲ ਹੁੰਦੇ ਹਨ ਇਸ ਕਰਕੇ ਇਹਨਾਂ ਨੂੰ ਕੱਟਦੇ ਸਮੇਂ ਦਰਦ ਨਹੀਂ ਹੁੰਦਾ।
3. ਅੱਖ,ਕੰਨ,ਨੱਕ, ਚਮੜੀ ਅਤੇ ਜੀਭ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਹਨ।
4. ਨੱਕ ਵਿੱਚ ਮੌਜੂਦ ਵਾਲ ਸਾਹ ਲੈਂਦੇ ਸਮੇਂ ਧੂੜ ਕਣਾਂ ਨੂੰ ਰੋਕਣ ਦਾ ਕੰਮ ਕਰਦੇ ਹਨ।
5. ਮਨੁੱਖੀ ਦਿਲ ਸਧਾਰਨ ਸਥਿਤੀ ਵਿੱਚ 70-72 ਵਾਰ ਧੜਕਦਾ ਹੈ।
6. ਸਰੀਰ ਦੀ ਛੋਟੀ ਤੋਂ ਛੋਟੀ ਕਾਰਜਨਾਤਮਕ ਅਤੇ ਰਚਨਾਤਮਕ ਇਕਾਈ ਸੈੱਲ ਹੁੰਦੀ ਹੈ।
7. ਹਾਰਮੋਨ ਹੀ ਮਰਦ ਅਤੇ ਔਰਤਾਂ ਵਿਚਲੇ ਫ਼ਰਕ ਲਈ ਜ਼ਿੰਮੇਵਾਰ ਹੁੰਦੇ ਹਨ।
8. ਆਇਓਡੀਨ ਦੀ ਕਮੀਂ ਕਰਕੇ ਗਿੱਲੜ ਰੋਗ ਹੋ ਜਾਂਦਾ ਹੈ ਜਿਸ ਵਿੱਚ ਗਲੇ ਦੀ ਥਾਇਰਾਇਡ ਗ੍ਰੰਥੀ ਸੁੱਜ ਜਾਂਦੀ ਹੈ।
9. ਵਿਟਾਮਿਨ ਏ ਦੀ ਕਮੀ ਕਰਕੇ ਹੋਣ ਵਾਲੇ ਰੋਗ ਨੂੰ ਅੰਧਰਾਤਾ ਕਿਹਾ ਜਾਂਦਾ ਹੈ।
10. ਛੋਟੀ ਆਂਦਰ ਦੀ ਲੰਬਾਈ ਵੱਡੀ ਆਂਦਰ ਨਾਲੋਂ ਜ਼ਿਆਦਾ ਹੁੰਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਆਸ ਦਾ ਸਿੱਕਾ

**ਬਾਲ ਕਹਾਣੀ**

**ਲੇਖਕ : ਹਰਕੀਰਤ ਕੌਰ,** 9779118066

ਇੱਕ ਵਾਰ ਦੋ ਦੇਸ਼ਾਂ ਵਿੱਚ ਮੱਤਭੇਦ ਹੋ ਗਏ ਅਤੇ ਜੰਗ ਲੱਗਣ ਦੇ ਆਸਾਰ ਬਣ ਗਏ। ਉਸ ਜੰਗ ਵਿੱਚ ਇੱਕ ਦੇਸ਼ ਦਾ ਰਾਜਾ ਬਹੁਤ ਹੀ ਸ਼ਕਤੀਸ਼ਾਲੀ ਸੀ। ਜਿਸ ਕੋਲ ਹਰ ਤਰ੍ਹਾਂ ਦੇ ਹਥਿਆਰ, ਜੰਗੀ ਸਮਾਨ, ਉੱਚ ਕੋਟੀ ਦੇ ਬਲਸ਼ਾਲੀ ਜਰਨੈਲ ਸਨ ਤੇ ਲੱਖਾਂ ਦੀ ਗਿਣਤੀ ਵਿੱਚ ਸੈਨਾ ਸੀ। ਦੂਸਰੇ ਪਾਸੇ ਰਾਜੇ ਕੋਲ ਨਾ ਤਾਂ ਵਧੇਰੇ ਜੰਗੀ ਸਮਾਨ ਤੇ ਨਾ ਹੀ ਦੂਸਰੇ ਦੇਸ਼ ਦੇ ਮੁਕਾਬਲੇ ਸੈਨਾ ਸੀ, ਦੇਸ਼ ਦੀ ਅਜਿਹੀ ਹਾਲਤ ਵੇਖ ਗਰੀਬ ਦੇਸ਼ ਦੇ ਸੈਨਾਪਤੀ ਰਾਜੇ ਨੂੰ ਕਹਿਣ ਲੱਗੇ, ਮਹਾਰਾਜ ਸਾਡੀ ਹਾਰ ਯਕੀਨੀ ਹੈ, ਦੂਸਰਾ ਦੇਸ਼ ਬਹੁਤ ਹੀ ਤਾਕਤਵਰ ਹੈ, ਉਸ ਕੋਲ ਤਾਂ ਲੱਖਾਂ ਦੀ ਸੈਨਾ ਹੈ ਤੇ ਸਾਡੇ ਕੋਲ ਮੁੱਠੀ ਭਰ ਫੌਜ, ਅਜਿਹੇ ਵਿੱਚ ਅਸੀਂ ਕਿਸੇ ਵੀ ਕੀਮਤ 'ਤੇ ਜਿੱਤ ਨਹੀਂ ਸਕਦੇ, ਏਹ ਤਾਂ ਸਿੱਧਾ ਮੌਤ ਦੇ ਮੂੰਹ ਵਿੱਚ ਜਾਣਾ ਹੈ , ਸਾਨੂੰ ਜੰਗ 'ਚ ਜਾਣ ਤੋਂ ਪਹਿਲਾਂ ਹੀ ਗੋਡੇ ਟੇਕ ਲੈਣੇ ਚਾਹੀਦੇ ਹਨ। ਆਪਣੀ ਆਰਥਿਕ ਹਾਲਤ ਤੋਂ ਜਾਣੂ ਰਾਜਾ ਉਸ ਸਮੇਂ ਆਪਣੇ ਸੈਨਾਪਤੀਆਂ ਨੂੰ ਕੋਈ ਜਵਾਬ ਨਾ ਦੇ ਸਕਿਆ। ਪਰ ਉਹ ਇੱਕ ਅਣਖੀ ਰਾਜਾ ਸੀ। ਉਸਨੂੰ ਜੰਗ ਵਿੱਚ ਮਰਨਾ ਤਾਂ ਮੰਨਜ਼ੂਰ ਸੀ, ਪਰ ਉਹ ਜੰਗ ਦੇ ਮੈਦਾਨ ਵਿੱਚ ਪੈਰ ਰੱਖੇ ਬਿਨਾਂ ਹਾਰ ਨਹੀਂ ਸੀ ਮੰਨਣਾ ਚਾਹੁੰਦਾ। ਸਾਰੀ ਰਾਤ ਰਾਜਾ ਉੱਸਲ ਵੱਟੇ ਭੰਨਦਾ ਰਿਹਾ, ਇੱਕ ਪਲ ਵੀ ਉਸਦੀ ਅੱਖ ਨਾ ਲੱਗੀ। ਸਾਰੀ ਰਾਤ ਸੋਚਾਂ ਵਿੱਚ ਕੱਢਣ ਤੋਂ ਬਾਅਦ, ਉਹ ਸਵੇਰੇ ਉੱਠਿਆ ਅਤੇ ਆਪਣੇ ਅੰਗ ਰੱਖਿਅਕ ਤੇ ਸੈਨਾਪਤੀਆਂ ਨੂੰ ਨਾਲ ਲੈ ਜੰਗਲ ਵੱਲ ਨੂੰ ਹੋ ਤੁਰਿਆ। ਰਸਤੇ ਵਿੱਚ ਜਾਂਦਿਆਂ ਉਹਨਾਂ ਨੂੰ ਇੱਕ ਕੁਟੀਆ ਦਿਖਾਈ ਦਿੱਤੀ। ਉਸ ਕੁਟੀਆ ਦੀ ਦਿਖ ਤੋਂ ਲੱਗਦਾ ਸੀ ਕਿ ਉੱਥੇ ਜਰੂਰ ਕੋਈ ਸਾਧੂ ਸੰਤ ਤਪੱਸਿਆ ਕਰ ਰਿਹਾ ਹੈ, ਰਾਜੇ ਨੇ ਆਪਣਾ ਰੱਥ ਰੁਕਵਾਇਆ ਤੇ ਸਾਧੂ ਦੀ ਕੁਟੀਆ ਵੱਲ ਚੱਲ ਪਿਆ, ਪਿੱਛੇ ਪਿੱਛੇ ਸੈਨਾਪਤੀ ਤੇ ਸਿਪਾਹੀ ਵੀ ਆ ਗਏ। ਰਾਜੇ ਨੂੰ ਆਪਣੀ ਕੁਟੀਆ ਵਿੱਚ ਵੇਖ ਸਾਧੂ ਨੇ ਕਿਹਾ ਕੀ ਗੱਲ ਮਹਾਰਾਜ ਤੁਹਾਡੇ ਚਿਹਰੇ ਤੇ ਰਵਾਨਗੀ ਤੇ ਤੇਜ਼ ਕਿਉਂ ਨਹੀਂ? ਸਾਧੂ ਦੀ ਗੱਲ ਸੁਣ ਰਾਜੇ ਨੇ ਕਿਹਾ, ਹੇ ਭਲੇ ਸਾਧੂ ਮੈਂ ਬਹੁਤ ਦੁਚਿੱਤੀ ਵਿੱਚ ਫਸਿਆਂ ਹਾਂ, ਨੇੜਲਾ ਰਾਜਾ ਸਾਡੇ ਉੱਪਰ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ ਤੇ ਸਾਡੇ ਕੋਲ ਨਾ ਤਾਂ ਸੈਨਾ ਹੈ ਨਾ ਹੀ ਉਨ੍ਹੇ ਹਥਿਆਰ ਕਿ ਉਸ ਤਾਕਤਵਰ ਰਾਜੇ ਦਾ ਮੁਕਬਲਾ ਕਰ ਸਕੀਏ, ਮੇਰੇ ਸੈਨਾਪਤੀ ਤੇ ਸੈਨਾ ਵੀ ਦਿਲ ਛੱਡ ਚੁੱਕੇ ਹਨ, ਇਹ ਜੰਗ ਵਿੱਚ ਜਾਣ ਤੋਂ ਪਹਿਲਾਂ ਹੀ ਹਾਰ ਮੰਨ ਚੁੱਕੇ ਹਨ, ਪਰ ਮੇਰੀ ਜ਼ਮੀਰ ਨਹੀਂ ਮੰਨਦੀ, ਤੁਸੀਂ ਦੱਸੋਂ ਸਾਨੂੰ ਕੀ ਕਰਨਾ ਚਾਹੀਦਾ ਹੈ, ਸਾਧੂ ਕੁਝ ਸਮਾਂ ਸ਼ਾਤ ਰਿਹਾ ਅਤੇ ਫਿਰ ਰਾਜੇ ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਮੰਦਿਰ ਚੱਲੋ ਇਸ ਗੱਲ ਦਾ ਫੈਸਲਾ ਅਸੀਂ ਰੱਬ ਕੋਲੋ ਕਰਵਾਉਂਦੇ ਹਾਂ, ਸਾਰੇ ਜਣੇ ਸਾਧੂ ਦੇ ਪਿੱਛੇ ਪਿੱਛੇ ਮੰਦਿਰ ਵੱਲ ਨੂੰ ਹੋ ਤੁਰੇ। ਉੱਥੇ ਜਾ ਕੇ ਸਾਧੂ ਨੇ ਆਪਣੇ ਖੀਸੇ ਚੋਂ ਇੱਕ ਸਿੱਕਾ ਕੱਢਿਆ ਤੇ ਕਿਹਾ ਕਿ ਮੈਂ ਪਰਮਾਤਮਾ ਅੱਗੇ ਬੇਨਤੀ ਕਰਕੇ ਇੱਹ ਸਿੱਕਾ ਉੱਪਰ ਸੁੱਟਾਂਗਾ, ਜੇਕਰ ਇਹ ਸਿੱਕਾ ਧਰਤੀ ਤੇ ਸਿੱਧਾ ਡਿੱਗਾ ਤਾਂ ਤੁਹਾਡੀ ਜਿੱਤ ਯਕੀਨੀ ਹੋਵੇਗੀ ਅਤੇ ਇਸ ਗੱਲ ਦਾ ਵੀ ਸੰਕੇਤ ਮਿਲ ਜਾਵੇਗਾ ਕਿ ਪਰਮਾਤਮਾ ਤੁਹਾਡੇ ਨਾਲ ਹੈ। ਸਾਰਿਆਂ ਨੂੰ ਇਹ ਗੱਲ ਬਹੁਤ ਚੰਗੀ ਲੱਗੀ ਤੇ ਅੱਖਾਂ ਬੰਦ ਕਰ ਬੇਨਤੀ ਵਿੱਚ ਖੜੇ ਹੋ ਗਏ, ਜਦੋਂ ਸਾਧੂ ਨੇ ਸਿੱਕਾ ਉੱਪਰ ਵੱਲ ਨੂੰ ਸੁੱਟਿਆ ਤਾਂ ਸਿੱਕਾ ਘੁੰਮਦਾ ਘੁੰਮਦਾ ਸਿੱਧਾ ਹੋਕੇ ਧਰਤੀ ਤੇ ਆ ਡਿੱਗਾ, ਸਿੱਕੇ ਦੇ ਡਿੱਗਣ ਦੇ ਸਾਰ ਹੀ ਸਾਰਿਆਂ ਦੇ ਚਿਹਰਿਆਂ ਤੇ ਇੱਕ ਚਮਕ ਆ ਗਈ, ਸਾਧੂ ਨੇ ਕਿਹਾ ਤੁਹਾਨੂੰ ਕੋਈ ਨਹੀਂ ਹਰਾ ਸਕਦਾ, ਪਰਮਾਤਮਾ ਤੁਹਾਡੇ ਨਾਲ ਹੈ, ਭਾਵੇਂ ਕਿੰਨੀ ਵੱਡੀ ਫ਼ੌਜ ਹੋਵੇ, ਤੁਹਾਡੀ ਜਿੱਤ ਯਕੀਨੀ ਹੈ। ਇਹਨਾਂ ਸੁਣਦਿਆਂ ਹੀ ਸਾਰਿਆਂ ਵਿੱਚ ਇੱਕ ਆਸ ਦੀ ਕਿਰਨ ਜਾਗ ਗਈ। ਸਾਰੇ ਸੈਨਾਪਤੀ ਜੋਸ਼ ਨਾਲ ਭਰ ਗਏ ਅਤੇ ਰਾਜੇ ਨੂੰ ਕਹਿਣ ਲੱਗੇ ਮਹਾਰਾਜ ਆਪਾਂ ਜਾਕੇ ਜੰਗ ਦੀ ਤਿਆਰੀ ਕਰੀਏ, ਸੈਨਾਪਤੀ ਕੋਲੋਂ ਇਹ ਬੋਲ ਸੁਣ ਰਾਜਾ ਬਹੁਤ ਖੁਸ਼ ਹੋਇਆ, ਰਾਜੇ ਨੇ ਸਾਧੂ ਨੂੰ ਬੇਨਤੀ ਕੀਤੀ ਕਿ ਤੁਸੀਂ ਵੀ ਸਾਡੇ ਨਾਲ ਚੱਲੋ, ਰਾਜੇ ਦੀ ਬੇਨਤੀ ਸਵੀਕਾਰ ਕਰ ਸਾਧੂ ਵੀ ਰਾਜੇ ਨਾਲ ਚੱਲ ਪਿਆ। ਤਿਆਰੀਆਂ ਆਰੰਭੀਆਂ ਗਈਆਂ ਅਤੇ ਜੰਗ ਦਾ ਐਲਾਨ ਕੀਤਾ ਗਿਆ। ਪੂਰੇ ਸੱਤ ਦਿਨ ਬਹੁਤ ਘਮਸਾਣ ਯੁੱਧ ਹੋਇਆ, ਕਮਜ਼ੋਰ ਰਾਜੇ ਦੀ ਫੌਜ ਤਕੜੇ ਰਾਜੇ ਦੀ ਫੌਜ ਉੱਤੇ ਭਾਰੂ ਹੋਈ ਪਈ ਸੀ, ਆਖਰ ਆਰਥਿਕ ਪੱਖੋਂ ਕਮਜ਼ੋਰ ਰਾਜੇ ਦੀ ਮੁੱਠੀ ਭਰ ਫ਼ੌਜ ਨੇ ਜੰਗ ਜਿੱਤ ਲਈ। ਰਾਜਾ ਤੇ ਸੈਨਾਪਤੀ ਬਹੁਤ ਖੁਸ਼ ਸਨ, ਸਾਰੇ ਸਾਧੂ ਕੋਲ ਆਏ ਤੇ ਜੰਗ ਦਾ ਹਾਲ ਦੱਸਿਆ, ਸਾਧੂ ਨੇ ਖੁਸ਼ ਹੋਕੇ ਕਿਹਾ, ਸਾਨੂੰ ਸਾਰਿਆਂ ਨੂੰ ਫਿਰ ਮੰਦਿਰ ਜਾਕੇ ਪਰਮਾਤਮਾ ਦਾ ਸ਼ੁਕਰ ਕਰਨਾ ਚਾਹੀਦਾ ਹੈ, ਸਾਰਿਆਂ ਨੇ ਹਾਮੀ ਭਰੀ ਤੇ ਮੰਦਿਰ ਜਾਣ ਲਈ ਰਵਾਨਾ ਹੋ ਗਏ। ਬੇਨਤੀ ਕਰਨ ਤੋਂ ਬਾਅਦ ਸਾਧੂ ਨੇ ਆਪਣੇ ਖੀਸੇ ਵਿਚੋਂ ਫਿਰ ਉਹੀਓ ਸਿੱਕਾ ਕੱਢਿਆ ਤੇ ਆਪਣੇ ਹੱਥ ਦੀ ਹਥੇਲੀ ਤੇ ਰੱਖਦਿਆਂ ਹੋਇਆਂ ਕਿਹਾ, ਦੇਖੋ ਇਹ ਸਿੱਕਾ ਦੋਨੋਂ ਪਾਸਿਆਂ ਤੋਂ ਸਿੱਧਾ ਸੀ, ਜਿੱਤ ਪਰਮਾਤਮਾ ਦੇ ਸਹਾਈ ਹੋਣ ਨਾਲ ਨਹੀਂ ਤੁਹਾਡੇ ਅੰਦਰ ਭਰੀ ਆਸ ਨਾਲ ਹੋਈ ਹੈ, ਤੁਹਡੀ ਜਿੱਤ ਦਾ ਕਾਰਣ ਤੁਹਾਡੇ ਅੰਦਰ ਉੱਪਜੀ ਆਸ ਕਰਕੇ ਹੋਈ ਹੈ। ਇਹ ਸਿੱਕਾ ਕੋਈ ਆਮ ਸਿੱਕਾ ਨਹੀਂ ਇਹ ਆਸ ਦਾ ਸਿੱਕਾ ਸੀ, ਜਿਸ ਨੇ ਮੁੱਠੀ ਭਰ ਫ਼ੌਜ ਨੂੰ ਲੱਖਾਂ ਉੱਪਰ ਭਾਰੂ ਕੀਤਾ ਤੇ ਤੁਹਾਡੇ ਸਿਰ ਜਿੱਤ ਦਾ ਸਿਹਰਾ ਬੰਨ੍ਹ ਦਿੱਤਾ। ਏਨੀ ਗੱਲ ਸੁਣ ਰਾਜਾ ਬਹੁਤ ਖੁਸ਼ ਹੋਇਆ ਤੇ ਸਾਧੂ ਨੂੰ ਨਮਸਕਾਰ ਕਰ ਆਪਣੇ ਸੈਨਾਪਤੀਆਂ ਨੂੰ ਸਿੱਖਿਆ ਦਿੰਦਿਆਂ ਕਿਹਾ ਕਿ ਸਾਨੂੰ ਕਦੇ ਆਸ ਨਹੀਂ ਛੱਡਣੀ ਚਾਹੀਦੀ,ਅਸੀਂ ਆਸ ਰੱਖਣ ਨਾਲ ਪੂਰੀ ਦੁਨੀਆਂ ਜਿੱਤ ਸਕਦੇ ਹਾਂ, ਏਨਾਂ ਕਹਿ ਰਾਜਾ ਤੇ ਸੈਨਾਪਤੀ ਖੁਸ਼ੀ ਖੁਸ਼ੀ ਆਪਣੇ ਦਰਬਾਰ ਵੱਲ ਨੂੰ ਚੱਲ ਪਏ।



# CLASSIFIEDS & MATRIMONIALS



## BRIDE WANTED

Canadian-born, Vegetarian, Jatt Sikh boy. 30 years old. Medical Professional; currently working at Vancouver Coastal Health. Seeking a match with a girl from a Gursikh family who is also Canadian-born and Vegetarian. Please call 778-709-9910

..............................................

ਕੈਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ 32 ਸਾਲਾ 6 ਫੁੱਟ ਸਰਦਾਰ ਤਲਾਕਸ਼ੁਦਾ ਕੈਲਗਰੀ ਵਿੱਚ ਰਹਿੰਦੇ ਲੜਕੇ ਲਈ ਘੱਟੋ-ਘੱਟ 5.5 ਕੱਦ ਵਾਲੀ ਕਨੇਡਾ ਵਿੱਚ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 403 422 1833, 604 441 2723 AP 17-04

..................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

..............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

..............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BRIDE WANTED

ਜੌਹਲ ਪਰਿਵਾਰ ਦਾ ਖ਼ੂਬਸੂਰਤ ਪੜਿਆ ਲਿਖਿਆ ਮਿਹਨਤੀ ਲੜਕਾ, ਚੰਗੀ ਜੌਬ ਵਰਕ ਪਰਮਿਟ 'ਤੇ ਹੈ। ਮਾਲਵੇ ਨਾਲ ਸਬੰਧਤ ਹੈ। ਰਿਸ਼ਤੇਦਾਰਾਂ ਕੋਲ ਰਹਿ ਰਿਹਾ ਹੈ। ਵਿਆਹ ਲਈ ਲੜਕੀ ਵਾਲੇ ਸੰਪਰਕ ਕਰਨ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ : 778-987-8644 RS- 9-01

..............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ। ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ : 604-616-2171 RS- 05-12


# CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ
ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ
ਦੇ ਹਰਮਨ ਪਿਆਰੇ ਅਖ਼ਬਾਰ
ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ
ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ
ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ
ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ
ਲਈ ਸੰਪਰਕ ਕਰ ਸਕਦੇ ਹੋ 604-338-7310


ਲੇਖਕ : ਕਰਮਜੀਤ ਸਕਰੁੱਲਾਂਪੁਰੀ

# ਪਹਿਲੀ ਤਨਖ਼ਾਹ




ਲਗਭਗ ਇੱਕੀ ਸਾਲ ਦੀ ਉਮਰ ਵਿੱਚ ਮੈਨੂੰ ਪਹਿਲੀ ਤਨਖ਼ਾਹ ਮਿਲੀ ਸੀ। ਚਿੱਤ ਉੱਡੂੰ-ਉੱਡੂੰ ਕਰਦਾ ਸੀ। ਉਦੋਂ ਮਨ ਕਰਦਾ ਸੀ ਕਿ ਬੱਸ ਉੱਡ ਕੇ ਹੀ ਘਰ ਨੂੰ ਚਲੇ ਜਾਵਾਂ ਤੇ ਮੰਮੀ-ਡੈਡੀ ਦੇ ਹੱਥਾਂ ਉੱਤੇ 'ਨੋਟਾਂ ਦਾ ਰੁੱਗ' ਭਰ ਕੇ ਰੱਖ ਦੇਵਾਂ। ਉਦੋਂ ਹੁਣ ਵਾਂਗ ਤਨਖ਼ਾਹ ਬੈਕਾਂ ਵਿੱਚ ਨਹੀਂ ਸੀ ਆਉਂਦੀ। ਮਹੀਨੇ ਦੀ ਆਖਰੀ ਤਰੀਕ ਨੂੰ ਸੈਂਟਰ ਹੈੱਡ ਟੀਚਰ ਇੱਕ ਰਜਿਸਟਰ 'ਤੇ ਦਸਤਖ਼ਤ ਕਰਵਾ ਕੇ ਤਨਖ਼ਾਹ ਵੰਡਦੇ ਹੁੰਦੇ ਸੀ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮੈਂ ਤਨਖ਼ਾਹ ਰਜਿਸਟਰ ਉੱਤੇ 'ਪ੍ਰਾਪਤ ਕੀਤੇ' ਲਿਖ ਕੇ, ਦਸਤਖ਼ਤ ਕਰਕੇ, ਸਾਰੇ ਨੋਟ ਬਿਨਾਂ ਗਿਣੇ ਹੀ ਕਮੀਜ਼ ਦੀ ਜੇਬ ਵਿੱਚ ਪਾ ਲਏ ਸਨ। ਮੇਰੇ ਕੋਲ਼ ਹੀ ਬਲਜੀਤ ਘੜੂੰਆਂ ਅਤੇ ਜਸਵਿੰਦਰ ਖੇੜੀ ਵੀ ਦਸਤਖ਼ਤ ਕਰਕੇ ਆਪੋ-ਆਪਣੀ 'ਪਹਿਲੀ ਤਨਖ਼ਾਹ' ਪ੍ਰਾਪਤ ਕਰ ਰਹੇ ਸਨ। ਗੁਰਚਰਨ ਘਟੌਰ ਭਾਵੇਂ ਇੱਥੇ ਮੇਰਾ ਸੀਨੀਅਰ ਅਧਿਆਪਕ ਸਾਥੀ ਬਣ ਚੁੱਕਾ ਸੀ ਪਰ ਗੌਰਮਿੰਟ ਕਾਲਜ ਮੁਹਾ਼ਲੀ ਅਸੀਂ ਇਕੱਠੇ ਹੀ ਪੜ੍ਹਦੇ ਸਾਂ। ਤਨਖ਼ਾਹ ਮਿਲਦੇ ਸਾਰ ਗੁਰਚਰਨ ਮੈਨੂੰ ਬਜ਼ਾਰ ਲੈ ਗਿਆ ਤੇ ਇੱਕ ਨਵਾਂ ਪਰਸ ਲੈ ਕੇ ਦਿੰਦਿਆਂ ਕਹਿੰਦਾ, "ਆਹ ਲੈ ਨਵਾਂ ਪਰਸ, ਮੇਰੇ ਵੱਲੋਂ ਗਿਫ਼ਟ ਐ, ਲੈ ਪਾ ਆਪਣੀ ਪਹਿਲੀ ਤਨਖ਼ਾਹ ਇਹਦੇ ਵਿੱਚ। ਸਾਰੀ ਉਮਰ ਯਾਦ ਰਹੂ ਤੈਨੂੰ ਤਨਖ਼ਾਹ ਵੀ ਤੇ ਪਰਸ ਵੀ।"

ਉਹਦੀ ਗੱਲ ਸੱਚ ਨਿਕ਼ਲੀ। ਉਸਦਾ ਦਿੱਤਾ ਹੋਇਆ ਪਰਸ ਜੋ ਕਈ ਸਾਲ ਬਾਅਦ ਫਟਣ ਦੇ ਬਾਵਜੂਦ ਮੈਂ ਸੁੱਟਿਆ ਨਹੀਂ, ਅਜੇ ਵੀ ਉਸ ਹੀ ਹਾਲਤ ਵਿੱਚ ਇੱਕ ਸੁਨਹਿਰੀ ਯਾਦ ਬਣਾ ਕੇ ਸੰਭਾਲਿਆ ਹੋਇਆ ਹੈ।

ਖੈਰ ... ਤਨਖ਼ਾਹ ਦੇ ਚਾਅ ਵਿੱਚ ਮੈਂ ਬਿਨਾਂ ਕੋਈ ਰੁਪਇਆ ਖ਼ਰਚੇ ਘਰੇ ਆ ਗਿਆ। ਗਰਮੀ ਬਹੁਤ ਸੀ। ਸਿਖਰ ਦੁਪਹਿਰਾ ਸੀ। ਮੰਮੀ ਨੇ ਗੇਟ ਖੋਲ੍ਹਿਆ। ਸਕੂਟਰ ਖੜ੍ਹਾ ਕਰਕੇ ਮੈਂ ਅੰਦਰ ਆ ਗਿਆ। ਪਾਣੀ ਪੀਤਾ, ਪੱਖੇ ਦੀ ਹਵਾ ਲਈ, ਗਰਮੀ ਸੁਕਾਈ ਤੇ ਮੂੰਹ-ਹੱਥ ਧੋਤਾ। ਰੋਜ਼ ਵਾਂਗ ਮਾਤਾ ਰੋਟੀ ਲੈ ਆਈ। ਪਰ ਮੈਨੂੰ ਭੁੱਖ ਮਹਿਸੂਸ ਹੀ ਨਹੀਂ ਸੀ ਹੋ ਰਹੀ। ਮਨ ਰੱਜਿਆ-ਰੱਜਿਆ ਮਹਿਸੂਸ ਕਰ ਰਿਹਾ ਸੀ। ਸ਼ਾਇਦ ਸਾਰੀ ਉਮਰ ਦਾ 'ਰਿਜ਼ਕ' ਸੁਖਾ਼ਲਾ ਹੋ ਜਾਣ ਕਰਕੇ 'ਵਕਤੀ ਭੁੱਖ' ਸ਼ਾਂਤ ਹੋ ਗਈ ਸੀ। ਪਰ ਮੈਨੂੰ ਆਪਣੇ ਬਾਬੇ ਦੀ ਆਖੀ ਗੱਲ ਚੇਤੇ ਆ ਗਈ ਕਿ ਮੂਹਰੇ ਪਏ ਰਿਜ਼ਕ ਦਾ ਨਿਰਾਦਰ ਨਹੀਂ ਕਰੀਦਾ। ਸੋ ਇੱਕ ਫ਼ੁਲਕਾ ਮੈਂ ਖਾ ਲਿਆ। ਮੈਂ ਮਨ ਹੀ ਮਨ ਉਡੀਕ ਰਿਹਾ ਸੀ ਕਿ ਕਦੋਂ ਮਾਤਾ ਪੁੱਛੇ ਕਿ ਤਨਖ਼ਾਹ ਮਿਲ ਗਈ?

ਮੈਂ ਮੰਮੀ ਨੂੰ ਲੈ ਕੇ ਡੈਡੀ ਕੋਲ ਗਿਆ ਤੇ ਨਵੇਂ-ਨਕੋਰ ਪਰਸ ਵਿੱਚੋਂ ਸਾਰੇ ਨੋਟ ਕੱਢ ਕੇ ਦੋਵਾਂ ਦੇ ਹੱਥਾਂ 'ਤੇ ਰੱਖ ਦਿੱਤੇ। "ਮੇਰੀ ਪਹਿਲੀ ਤਨਖ਼ਾਹ" ਮੇਰੇ ਬੋਲ ਸਨ। ਮਾਤਾ ਨੇ ਸਾਰੇ ਨੋਟਾਂ ਦੇ ਰੁੱਗ ਨੂੰ ਮੱਥੇ ਨਾਲ ਲਾਇਆ ਤੇ ਵਿੱਚੋਂ ਸੌ ਦਾ ਨੋਟ ਕੱਢ ਕੇ ਧਰਤੀ-ਅੰਬਰ ਨੂੰ ਨਮਸ਼ਕਾਰ ਕੀਤੀ। ਡੈਡੀ ਦੀਆਂ ਅੱਖਾਂ ਚਮਕ ਕਹਿ ਰਹੀ ਸੀ, 'ਬਰਕਤਾਂ ਬਖ਼ਸ਼ੀਂ ਰੱਬਾ!' ਮਾਤਾ ਨੇ ਫਿਰ ਸਾਰੇ ਨੋਟ ਵਾਪਸ ਬਟੂਏ ਵਿੱਚ ਪਾ ਦਿੱਤੇ। ਕਿਸੇ ਨੇ ਨਹੀਂ ਪੁੱਛਿਆ ਕਿ ਤਨਖਾਹ ਕਿੰਨੀ ਮਿਲੀ ਹੈ। ਇਹ ਸਤਰਾਂ ਲਿਖਦੇ ਸਮੇਂ ਵੀ ਮੈਂ ਆਪਣੇ ਉਨ੍ਹਾਂ ਸਾਰੇ ਅਧਿਆਪਕ ਦੋਸਤਾਂ ਨੂੰ, ਜਿਨ੍ਹਾਂ ਦੀ ਜੁਆਇਨਿੰਗ ਮੇਰੇ ਨਾਲ ਦੀ ਹੈ ਵਟਸਐਪ ਮੈਸੇਜ ਰਾਹੀਂ ਪੁੱਛ ਰਿਹਾ ਹਾਂ ਕਿ ਆਪਾਂ ਨੂੰ ਪਹਿਲੀ ਤਨਖ਼ਾਹ ਕਿੰਨੀ ਮਿਲੀ ਸੀ? ਮੈਨੂੰ ਅੱਜ ਵੀ ਪਤਾ ਨਹੀਂ ਕਿ ਤਨਖ਼ਾਹ ਪਹਿਲੀ ਕਿੰਨੀ ਮਿਲੀ ਸੀ।

ਖੈਰ ... ਮੈਂ ਆਪਣੇ ਪਿੰਡ ਦੇ ਉਸ ਸਕੂਲ ਵਿੱਚ ਗਿਆ, ਜਿੱਥੋਂ ੳ ਅ ੲ ਤੇ ਹੋਰ ਪਤਾ ਨੀ ਕੀ-ਕੀ ਸਿੱਖ ਕੇ ਅੱਗੇ ਕਾਲਜ-ਯੂਨੀਵਰਸਿਟੀਆਂ ਵਿੱਚ ਪੜ੍ਹਨ ਜੋਗਾ ਹੋਇਆ ਸੀ। ਸਕੂਲ ਦੇ ਗੇਟ ਨੂੰ ਸਿਰ ਝੁਕਾਇਆ। ਮਹਿਸੂਸ ਹੋ ਰਿਹਾ ਸੀ ਕਿ ਇਹ ਛੋਟਾ ਸਕੂਲ ਦੁਨੀਆਂ ਦਾ ਉਹ ਸਭ ਤੋਂ ਵੱਡਾ ਸਥਾਨ ਹੈ, ਜਿੱਥੇ ਭਾਵੇਂ ਕੋਈ ਸਿਰ ਢਕ ਕੇ ਆਵੇ ਭਾਵੇਂ ਨੰਗੇ ਸਿਰ, ਭਾਵੇਂ ਕੋਈ ਜੁੱਤੀ ਪਾ ਕੇ ਆਵੇ ਭਾਵੇਂ ਲਾਹ ਕੇ, ਨਾ ਇਹਨੇ ਕਦੇ ਇਹਦੇ ਵਿੱਚ ਆਪਣੀ ਬੇਅਦਬੀ ਮੰਨੀ ਹੈ ਤੇ ਨਾ ਹੀ ਇਹਦੇ 'ਗੁਰੂਆਂ' ਨੇ।

ਸਾਹਮਣੇ ਵਾ਼ਲੇ ਕਮਰੇ ਵਿੱਚ ਇੱਕ ਮੈਡਮ ਬੈਠੇ ਸਨ। ਮੈਂ ਕੋਲ ਜਾ ਕੇ ਸਤਿ ਸ਼੍ਰੀ ਅਕਾਲ ਬੁਲਾਉਂਦਿਆਂ ਕਿਹਾ, "ਮੈਨੂੰ ਵੀ ਅਧਿਆਪਕ ਦੀ ਨੌਕਰੀ ਮਿਲੀ ਹੈ, ਇਸੇ ਪਿੰਡ ਦਾ ਹਾਂ, ਇਸੇ ਸਕੂਲ ਵਿੱਚ ਪੜ੍ਹਿਆ ਹਾਂ।" ਅਜੇ ਮੈਂ ਬੋਲ ਹੀ ਰਿਹਾ ਸੀ ਕਿ ਮੈਡਮ ਨੇ ਮੁਸਕਰਾ ਕੇ 'ਮੁਬਾਰਕਾਂ' ਕਹਿ ਦਿੱਤਾ।

"ਵੈਸੇ ਤਾਂ ਮੈਡਮ ਜੀ ਸਕੂਲ ਅਤੇ ਅਧਿਆਪਕਾਂ ਦਾ ਦੇਣ ਕਦੇ ਨਹੀਂ ਦਿੱਤਾ ਜਾ ਸਕਦਾ ਪਰ ਮੈਂ ਪਹਿਲੀ ਤਨਖ਼ਾਹ ਵਿੱਚੋਂ ਸਕੂਲ ਵਾਸਤੇ ਕੁਝ ਲਿਆਉਣਾ ਚਾਹੁੰਦਾ ਹਾਂ ... ... ...।" ਮੈਡਮ ਨੇ ਮੇਰੀ ਗੱਲ ਸੁਣੀ ਤੇ ਫਿਰ ਮੁਸਕਰਾ ਕੇ ਕਿਹਾ, "ਤੁਹਾਡੀ ਸੋਚ ਬਹੁਤ ਵਧੀਆ ਹੈ ਜੋ ਤੁਸੀਂ ਆਪਣੇ ਸਭ ਤੋਂ ਪਹਿਲੇ ਸਕੂਲ ਨੂੰ ਹੁਣ ਤਕ ਯਾਦ ਰੱਖਿਆ ਹੋਇਆ ਹੈ।" ਆਪਣੀ ਗੱਲ ਸਿਰੇ ਲਾਉਂਦਿਆਂ ਮੈਡਮ ਜੀ ਨੇ ਕਿਹਾ ਕਿ ਜੇ ਕੁਝ ਦੇਣਾ ਚਾਹੁੰਦੇ ਹੋ ਤਾਂ ਇੱਕ ਪੱਖਾ ਦੇ ਦੇਵੋ ਬੱਚਿਆਂ ਨੂੰ, ਗਰਮੀ ਬਹੁਤ ਹੈ।

ਮੈਨੂੰ ਯਾਦ ਆਇਆ, ਜਦੋਂ ਅਸੀਂ ਪੜ੍ਹਦੇ ਹੁੰਦੇ ਸੀ, ਉਦੋਂ ਦੋ ਕਮਰੇ ਤੇ ਇੱਕ ਬਰਾਂਡਾ ਹੁੰਦਾ ਸੀ। ਟਾਹਲੀ ਉਦੋਂ ਛੋਟੀ ਜਿਹੀ ਹੁੰਦੀ ਸੀ। ਸਕੂਲ ਦੇ ਵਿਚਾ਼ਲੇ ਇੱਕ ਵੱਡਾ ਸਾਰਾ ਪਿੱਪਲ ਹੁੰਦਾ ਸੀ। ਨੇੜੇ ਹੀ ਛਿਪਦੇ ਪਾਸੇ ਟੋਭਾ ਸੀ, ਜਿਸ ਵਿੱਚ ਹੀ ਅਸੀਂ ਦੋ ਵਾਰ ਫੱਟੀਆਂ ਧੋਣੀਆਂ ਅਤੇ ਲਿਖਣੀਆਂ। ਪਿੱਪਲ ਥੱਲੇ ਘੜੂੰਏ ਵਾਲੇ ਮਾਸਟਰ ਨਰਿੰਦਰ ਕੁਮਾਰ ਜੀ, ਜਿਹਨਾਂ ਨੂੰ ਅਸੀਂ ਸਾਰੇ ਉਦੋਂ 'ਵੱਡੇ ਮਾਸਟਰ ਜੀ' ਕਹਿੰਦੇ ਹੁੰਦੇ ਸੀ, ਸਾਨੂੰ ਪੜ੍ਹਾਉਂਦੇ ਹੁੰਦੇ ਸਨ ਤੇ ਕਲਮਾਂ ਘੜ ਘੜਕੇ ਦਿੰਦੇ ਹੁੰਦੇ ਸਨ। ਰੁੜਕੀ ਵਾ਼ਲੇ ਅਵਤਾਰ ਸਿੰਘ, ਅਤੇ ਨਰਿੰਦਰ ਕੌਰ 'ਭੈਣਜੀ' ਸਾਰੇ ਇੱਕ ਪਲ ਵਿੱਚ ਹੀ ਯਾਦ ਆ ਗਏ।

ਕੁਰਸੀ ਤੋਂ ਉੱਠ ਕੇ ਮੈਂ ਸਕੂਲ ਦੇ ਸਾਰੇ ਕਮਰਿਆਂ ਵਿੱਚ ਘੁੰਮਿਆ। ਟਾਹਲੀ ਹੁਣ ਬਹੁਤ ਵੱਡੀ ਤੇ ਭਾਰੀ ਹੋ ਗਈ ਸੀ, ਪਰ ਪਿੱਪਲ ਪੁੱਟਿਆ ਜਾ ਚੁੱਕਾ ਸੀ। ਉਸ ਦੇ ਨਾਲ ਹੀ ਦੋ ਕਮਰੇ ਨਵੇਂ ਬਣ ਗਏ ਸਨ। ਇੱਕ ਬਰਾਂਡੇ ਅਤੇ ਕਮਰੇ ਦੀ ਹਾਲਤ ਖ਼ਸਤਾ ਸੀ। ਹੁਣ ਉੱਥੇ ਕੋਈ ਕਲਾਸ ਨਹੀਂ ਸੀ ਬੈਠੀ। ਸਾਡੇ ਸਮਿਆਂ ਵਿੱਚ ਬਰਾਂਡਾ ਹੀ ਸਭ ਦੀ ਮਨਪਸੰਦ ਥਾਂ ਹੁੰਦੀ ਸੀ। ਪਰ ਉਦੋਂ ਨਾ ਬਿਜਲੀ ਹੁੰਦੀ ਸੀ, ਨਾ ਨਲਕਾ, ਨਾ ਬਾਥਰੂਮ ਹੁੰਦਾ ਸੀ। ਦੁੱਖ ਹੋ ਰਿਹਾ ਸੀ ਕਿ ਸਾਰੇ ਪਿੰਡ ਨੂੰ ਪੜ੍ਹਾਉਣ ਵਾ਼ਲਾ ਸਾਡਾ ਸਰਕਾਰੀ ਪ੍ਰਾਇਮਰੀ ਸਕੂਲ ਸਕਰੁੱਲਾਂਪੁਰ ਉਸ ਰਫ਼ਤਾਰ ਨਾਲ ਤਰੱਕੀ ਨਹੀਂ ਕਰ ਸਕਿਆ ਜਿਸ ਰਫ਼ਤਾਰ ਨਾਲ ਪਿੰਡ ਦੇ ਤਿੰਨ ਗੁਰਦੁਆਰੇ, ਲੋਕਾਂ ਦੇ ਘਰ ਤੇ ਇੱਕ ਮੰਦਰ 'ਤਰੱਕੀ' ਕਰ ਗਏ ਹਨ।

ਖੈਰ ... ਮੈਂ ਸਕੂਟਰ ਖਰੜ ਵੱਲ ਨੂੰ ਤੋਰ ਲਿਆ। ਤਿੰਨ ਕਮਰਿਆਂ ਲਈ ਤਿੰਨ ਪੱਖੇ ਮੈਡਮ ਜੀ ਨੂੰ ਦੇ ਕੇ ਮੈਂ ਅੰਤਾਂ ਦੀ ਖੁਸ਼ੀ ਨਾਲ ਭਰਿਆ ਘਰ ਆ ਗਿਆ। ਰੋਟੀ ਖਾਧੀ ਤੇ ਸਕੂਨ ਨਾਲ ਸੌਂ ਗਿਆ।

ਹਾਲਾਂਕਿ ਮੰਮੀ-ਡੈਡੀ ਨੂੰ ਪਤਾ ਸੀ ਕਿ ਕਾਲਜ ਵੇਲੇ ਤੋਂ ਹੀ ਕਿਸੇ ਵੀ ਧਾਰਮਿਕ ਸਥਾਨ ਨਾਲੋਂ ਸਕੂਲ ਹੀ ਮੇਰੀ ਹਮੇਸ਼ਾ ਪਹਿਲੀ ਤਰਜੀਹ ਰਹੀ ਹੈ, ਫਿਰ ਵੀ ਸ਼ਾਮ ਹੁੰਦਿਆਂ ਉਹਨਾਂ ਨੇ ਕਿਹਾ, "ਪੁੱਤ! ਆਪਣੀ ਪਹਿਲੀ ਤਨਖ਼ਾਹ ਵਿੱਚੋਂ ਕੁਝ ਗੁਰਦਆਰੇ ਜ਼ਰੂਰ ਦੇ ਆ ... ... ।"

ਮੈਂ ਮੁਸਕਰਾ ਕੇ ਕਿਹਾ, "ਮਾਤਾ! ਫ਼ਿਕਰ ਨਾ ਕਰ, ਮੈਂ ਦੁਨੀਆਂ ਦੇ ਸਭ ਤੋਂ ਵੱਡੇ, ਓਉਸ ਸਥਾਨ ਨੂੰ ਤਿੰਨ ਪੱਖੇ ਦੇ ਆਇਆ ਹਾਂ, ਜਿਸ ਨੇ ਮੈਨੂੰ ਪੱਖੇ ਦੇਣ ਜੋਗੇ ਰਾਹ ਪਾਇਆ ਸੀ।"

"ਅੱਛਾ! ਕਿੱਥੇ?" ਮੰਮੀ ਨੇ ਇੱਕਦਮ ਪੁੱਛਿਆ।

"ਉੱਥੇ ਹੀ, ਜਿਹਨੂੰ ਬਹੁਤ ਘੱਟ ਲੋਕ ਯਾਦ ਰੱਖਦੇ ਹਨ।" ਐਨਾ ਕਹਿ ਕੇ ਮੈਂ ਆਪਣੀ 'ਪਹਿਲੀ ਤਨਖ਼ਾਹ' ਦੀ ਖ਼ੁਮਾਰੀ ਵਿੱਚ ਸ਼ਾਮ ਦੀ ਸੈਰ ਨੂੰ ਨਿਕ਼ਲ ਗਿਆ।

# ਡੱਗ ਮੈਕੱਲਮ ਮੁੜ ਮੈਦਾਨ ਵਿੱਚ ਨਿੱਤਰੇ, ਸਰੀ ਦੇ ਮੇਅਰ ਦੀ ਚੋਣ ਲੜਨ ਦਾ ਕੀਤਾ ਰਸਮੀ ਐਲਾਨ

### 4 ਸਾਲ ਟੈਕਸ ਫ੍ਰੀ ਅਤੇ ਨਿਊਟਨ ਤੱਕ ਸਕਾਈਟਰੇਨ ਦਾ ਵਾਅਦਾ

ਸਰੀ, (ਦਿਵਰੂਪ ਕੌਰ): ਸਰੀ ਦੇ ਸਾਬਕਾ ਮੇਅਰ ਡੱਗ ਮੈਕੱਲਮ ਨੇ ਇੱਕ ਵਾਰ ਫਿਰ ਮੇਅਰ ਦੀ ਚੋਣ ਲੜਨ ਦਾ ਰਸਮੀ ਐਲਾਨ ਕਰ ਦਿੱਤਾ ਹੈ। 'ਸੇਫ ਸਰੀ ਕੋਲੀਸ਼ਨ' ਦੇ ਬੈਨਰ ਹੇਠ ਚੋਣ ਮੈਦਾਨ ਵਿੱਚ ਉਤਰਦਿਆਂ ਮੈਕੱਲਮ ਨੇ ਸਰੀ ਨੂੰ ਇੱਕ ਵਿਸ਼ਵ ਪੱਧਰੀ ਸ਼ਹਿਰ ਵਜੋਂ ਸਥਾਪਿਤ ਕਰਨ ਅਤੇ ਪਿਛਲੇ ਸਾਲਾਂ ਦੌਰਾਨ ਕੀਤੇ ਗਏ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣ ਦਾ ਅਹਿਦ ਲਿਆ। ਮੈਕੱਲਮ ਨੇ ਆਪਣੀ ਮੁਹਿੰਮ ਦਾ ਨਾਅਰਾ 'ਡੱਗ ਗੈਟਸ ਇਟ ਡਨ' ਰੱਖਿਆ ਹੈ। ਉਨ੍ਹਾਂ ਆਪਣੇ ਪਿਛਲੇ ਕਾਰਜਕਾਲ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਲੇਟਨ ਹਾਈਟਸ ਤੱਕ ਸਕਾਈਟਰੇਨ ਦੇ ਵਿਸਥਾਰ, ਸਰੀ ਵਿੱਚ ਯੂ.ਬੀ.ਸੀ. ਕੈਂਪਸ ਦੀ ਸਥਾਪਨਾ, ਬੀਅਰ ਕਰੀਕ ਸਟੇਡੀਅਮ ਦੀ ਉਸਾਰੀ ਅਤੇ 84 ਐਵੇਨਿਊ ਰੋਡ ਕਨੈਕਟਰ ਵਰਗੇ ਪ੍ਰੋਜੈਕਟਾਂ ਦਾ ਵਿਸ਼ੇਸ਼ ਜ਼ਿਕਰ ਕੀਤਾ।




ਆਪਣੇ ਚੋਣ ਮਨੋਰਥ ਪੱਤਰ ਵਿੱਚ ਮੈਕੱਲਮ ਨੇ ਕਈ ਵੱਡੇ ਵਾਅਦੇ ਕੀਤੇ ਹਨ ਜਿਨ੍ਹਾਂ ਵਿੱਚ ਸਭ ਤੋਂ ਅਹਿਮ ਅਗਲੇ 4 ਸਾਲਾਂ ਲਈ ਪ੍ਰਾਪਰਟੀ ਟੈਕਸ ਵਿੱਚ 0% ਵਾਧਾ ਕਰਨਾ ਹੈ। ਜਨਤਕ ਸੁਰੱਖਿਆ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਸਰੀ ਪੁਲਿਸ ਸਰਵਿਸ (SPS) ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਅਹੁਦਾ ਸੰਭਾਲਣ ਦੇ 90 ਦਿਨਾਂ ਦੇ ਅੰਦਰ ਪੁਲਿਸ ਲਈ ਇੱਕ ਸਮਰਪਿਤ ਹੈਲੀਕਾਪਟਰ ਖਰੀਦਿਆ ਜਾਵੇਗਾ ਤਾਂ ਜੋ ਗੈਂਗਵਾਰ ਅਤੇ ਜਬਰ-ਜ਼ਨਾਹ ਵਰਗੀਆਂ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਅਪਰਾਧ ਵਿਰੁੱਧ 'ਜ਼ੀਰੋ ਟਾਲਰੈਂਸ' ਨੀਤੀ ਅਪਣਾਉਣ ਅਤੇ ਨਿਊਟਨ ਤੱਕ ਸਕਾਈਟਰੇਨ ਪਹੁੰਚਾਉਣ ਦਾ ਵਾਅਦਾ ਵੀ ਕੀਤਾ। ਮੈਕੱਲਮ ਨੇ ਕ੍ਰੇਸੈਂਟ ਬੀਚ ਅਤੇ ਓਸ਼ੀਅਨ ਪਾਰਕ ਨੂੰ ਹੈਰੀਟੇਜ ਜ਼ੋਨ ਘੋਸ਼ਿਤ ਕਰਨ ਦੀ ਗੱਲ ਵੀ ਕਹੀ ਤਾਂ ਜੋ ਇਨ੍ਹਾਂ ਇਲਾਕਿਆਂ ਦੀ ਕੁਦਰਤੀ ਸੁੰਦਰਤਾ ਨੂੰ ਬਚਾਇਆ ਜਾ ਸਕੇ।

ਸੇਫ ਸਰੀ ਕੋਲੀਸ਼ਨ ਵੱਲੋਂ ਕੌਂਸਲ ਦੀ ਚੋਣ ਲਈ ਮਨਦੀਪ ਨਾਗਰਾ ਅਤੇ ਡੱਗ ਐਲਫੋਰਡ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਹੈ। ਮਨਦੀਪ ਨਾਗਰਾ, ਜੋ ਪਹਿਲਾਂ ਵੀ ਕੌਂਸਲ ਮੈਂਬਰ ਰਹਿ ਚੁੱਕੇ ਹਨ, ਨੇ ਛੋਟੇ ਕਾਰੋਬਾਰੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਅਤੇ ਲਾਲ ਫ਼ੀਤਾਸ਼ਾਹੀ ਖਤਮ ਕਰਨ 'ਤੇ ਜ਼ੋਰ ਦਿੱਤਾ ਹੈ। ਦੂਜੇ ਪਾਸੇ 36 ਸਾਲਾਂ ਤੋਂ ਸਰੀ ਵਿੱਚ ਰਹਿ ਰਹੇ ਡੱਗ ਐਲਫੋਰਡ ਨੇ ਨਿਊਟਨ ਖੇਤਰ ਦੇ ਵਿਕਾਸ ਅਤੇ ਵਾਤਾਵਰਣ ਸੁਰੱਖਿਆ ਨੂੰ ਆਪਣੀ ਤਰਜੀਹ ਦੱਸਿਆ ਹੈ। ਮੈਕੱਲਮ ਨੇ 'ਸਰੀ ਸੈਂਟਰ ਓਪਰਚੂਨਿਟੀ ਜ਼ੋਨ' ਬਣਾਉਣ ਦੀ ਯੋਜਨਾ ਵੀ ਪੇਸ਼ ਕੀਤੀ ਜਿਸ ਰਾਹੀਂ ਸ਼ਹਿਰ ਦੇ ਕੇਂਦਰੀ ਹਿੱਸੇ ਵਿੱਚ ਵੱਡੇ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਸਰਕਾਰੀ ਫੀਸਾਂ ਅਤੇ ਰੁਕਾਵਟਾਂ ਨੂੰ ਖਤਮ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਇਹ ਯੋਜਨਾ ਸਰੀ ਦੀ ਦਿੱਖ ਨੂੰ ਦੁਬਈ ਅਤੇ ਨਿਊਯਾਰਕ ਵਰਗੇ ਸ਼ਹਿਰਾਂ ਵਾਂਗ ਬਦਲ ਦੇਵੇਗੀ। This report was written by Divroop Kaur as part of the Local Journalism Initiative.

# ਟੋਰਾਂਟੋ ਵਿੱਚ ਫੀਫਾ ਵਿਸ਼ਵ ਕੱਪ ਫੈਨ ਫੈਸਟੀਵਲ ਹੁਣ ਮੁਫ਼ਤ ਨਹੀਂ, ਸਿਟੀ ਕੌਂਸਲ ਵੱਲੋਂ 300 ਡਾਲਰ ਤੱਕ ਟਿਕਟ ਲਗਾਉਣ ਦੀ ਤਿਆਰੀ

ਸਰੀ, (ਦਿਵਰੂਪ ਕੌਰ): ਟੋਰਾਂਟੋ ਸਿਟੀ ਕੌਂਸਲ 2026 ਫੀਫਾ ਵਿਸ਼ਵ ਕੱਪ ਦੌਰਾਨ ਆਯੋਜਿਤ ਕੀਤੇ ਜਾਣ ਵਾਲੇ 'ਫੈਨ ਫੈਸਟੀਵਲ' ਲਈ ਪ੍ਰਵੇਸ਼ ਫੀਸ ਲਗਾਉਣ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਪਹਿਲਾਂ ਇਨ੍ਹਾਂ ਸਮਾਗਮਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਰੱਖਣ ਦਾ ਐਲਾਨ ਕੀਤਾ ਗਿਆ ਸੀ, ਪਰ ਹੁਣ ਵਧਦੇ ਪ੍ਰਬੰਧਕੀ ਖਰਚਿਆਂ ਕਾਰਨ ਸਿਟੀ ਪ੍ਰਸ਼ਾਸਨ ਨੇ ਆਪਣੇ ਫੈਸਲੇ ਵਿੱਚ ਤਬਦੀਲੀ ਕਰਨ ਦੀ ਤਿਆਰੀ ਕਰ ਲਈ ਹੈ। ਸਿਟੀ ਦੀ ਕਾਰਜਕਾਰੀ ਕਮੇਟੀ ਨੂੰ ਸੌਂਪੀ ਗਈ ਇੱਕ ਤਾਜ਼ਾ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਫੋਰਟ ਯਾਰਕ ਨੈਸ਼ਨਲ ਹਿਸਟੋਰਿਕ ਸਾਈਟ ਅਤੇ 'ਦ ਬੈਂਟਵੇ' ਵਿਖੇ ਹੋਣ ਵਾਲੇ ਇਨ੍ਹਾਂ ਜਨਤਕ ਸਮਾਗਮਾਂ ਦੇ ਪ੍ਰਬੰਧਨ ਦੀ ਲਾਗਤ ਵਿੱਚ ਉਮੀਦ ਨਾਲੋਂ ਕਿਤੇ ਜ਼ਿਆਦਾ ਵਾਧਾ ਹੋਇਆ ਹੈ। ਸਿਟੀ ਸਟਾਫ ਮੁਤਾਬਕ ਵਧੇ ਹੋਏ ਖਰਚਿਆਂ ਦੀ ਪੂਰਤੀ ਲਈ ਹੁਣ ਪ੍ਰਸ਼ੰਸਕਾਂ ਤੋਂ ਐਂਟਰੀ ਫੀਸ ਵਸੂਲਣਾ ਜ਼ਰੂਰੀ ਹੋ ਗਿਆ ਹੈ।




ਜ਼ਿਕਰਯੋਗ ਹੈ ਕਿ ਟੋਰਾਂਟੋ ਇਸ ਮਰਦ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਪਹਿਲਾਂ ਹੀ 380 ਮਿਲੀਅਨ ਡਾਲਰ ਦਾ ਭਾਰੀ ਬਜਟ ਖਰਚ ਕਰ ਰਿਹਾ ਹੈ। ਪਿਛਲੇ ਸਾਲ ਸ਼ਹਿਰ ਨੇ ਇਨ੍ਹਾਂ ਫੈਨ ਫੈਸਟੀਵਲਾਂ ਨੂੰ ਇੱਕ "ਮੁਫ਼ਤ ਅਤੇ ਸਾਰਿਆਂ ਲਈ ਖੁੱਲ੍ਹੀ ਜਗ੍ਹਾ" ਵਜੋਂ ਪ੍ਰਚਾਰਿਆ ਸੀ, ਜਿੱਥੇ ਫੁੱਟਬਾਲ ਪ੍ਰੇਮੀ ਇਕੱਠੇ ਹੋ ਕੇ ਵਿਸ਼ਵ ਪੱਧਰੀ ਖੇਡਾਂ ਦਾ ਆਨੰਦ ਲੈ ਸਕਣਗੇ। ਇਨ੍ਹਾਂ ਫੈਸਟੀਵਲਾਂ ਵਿੱਚ ਮੈਚਾਂ ਦਾ ਲਾਈਵ ਪ੍ਰਸਾਰਣ, ਖਾਣ-ਪੀਣ ਦੇ ਵਿਸ਼ੇਸ਼ ਸਟਾਲ ਅਤੇ ਸੰਗੀਤਕ ਪ੍ਰੋਗਰਾਮ ਸ਼ਾਮਲ ਕੀਤੇ ਜਾਣੇ ਹਨ। ਪਰ ਹੁਣ 20,000 ਲੋਕਾਂ ਦੀ ਸਮਰੱਥਾ ਵਾਲੇ ਇਨ੍ਹਾਂ ਦੋਵਾਂ ਸਥਾਨਾਂ 'ਤੇ ਸੁਰੱਖਿਆ ਅਤੇ ਹੋਰ ਜ਼ਰੂਰੀ ਇੰਤਜ਼ਾਮਾਂ ਦੇ ਖਰਚੇ ਵਧਣ ਕਾਰਨ ਪ੍ਰਸ਼ਾਸਨ ਨੇ ਟਿਕਟਾਂ ਲਗਾਉਣ ਦਾ ਸੁਝਾਅ ਦਿੱਤਾ ਹੈ।

ਪੇਸ਼ ਕੀਤੀ ਗਈ ਰਿਪੋਰਟ ਵਿੱਚ ਆਮ ਦਾਖਲੇ ਲਈ 10 ਡਾਲਰ ਦੀ ਟਿਕਟ ਅਤੇ ਵੀ.ਆਈ.ਪੀ. ਐਂਟਰੀ ਲਈ 100 ਡਾਲਰ ਤੋਂ 300 ਡਾਲਰ ਤੱਕ ਦੀ ਫੀਸ ਰੱਖਣ ਦਾ ਪ੍ਰਸਤਾਵ ਦਿੱਤਾ ਗਿਆ ਹੈ। ਸਿਟੀ ਸਟਾਫ ਦਾ ਤਰਕ ਹੈ ਕਿ ਫੀਫਾ ਫੈਨ ਫੈਸਟੀਵਲ ਟਿਕਟਿੰਗ ਮਾਡਲ ਸਿਰਫ਼ ਪੈਸਾ ਇਕੱਠਾ ਕਰਨ ਲਈ ਨਹੀਂ, ਸਗੋਂ ਭੀੜ ਦੇ ਪ੍ਰਬੰਧਨ ਅਤੇ ਸੁਰੱਖਿਆ ਯਕੀਨੀ ਬਣਾਉਣ ਲਈ ਇੱਕ ਯੋਜਨਾਬੱਧ ਸੰਦ ਵਜੋਂ ਵਰਤਿਆ ਜਾਵੇਗਾ। ਇਸ ਨਾਲ ਪ੍ਰਸ਼ੰਸਕਾਂ ਨੂੰ ਇੱਕ ਉੱਚ ਪੱਧਰੀ ਅਤੇ ਸੁਰੱਖਿਅਤ ਅਨੁਭਵ ਮਿਲ ਸਕੇਗਾ। ਇਹ ਵਿਸ਼ਵ ਕੱਪ 11 ਜੂਨ ਤੋਂ 19 ਜੁਲਾਈ 2026 ਤੱਕ ਚੱਲੇਗਾ, ਜਿਸ ਵਿੱਚ 48 ਟੀਮਾਂ ਹਿੱਸਾ ਲੈ ਰਹੀਆਂ ਹਨ ਅਤੇ ਕੈਨੇਡਾ, ਅਮਰੀਕਾ ਤੇ ਮੈਕਸੀਕੋ ਦੇ 16 ਸ਼ਹਿਰਾਂ ਵਿੱਚ ਕੁੱਲ 104 ਮੈਚ ਖੇਡੇ ਜਾਣਗੇ।

ਦੂਜੇ ਪਾਸੇ, ਵੈਨਕੂਵਰ ਸ਼ਹਿਰ ਜੋ ਇਸੇ ਟੂਰਨਾਮੈਂਟ ਦੀ ਮੇਜ਼ਬਾਨੀ ਕਰ ਰਿਹਾ ਹੈ, ਨੇ ਅਜੇ ਵੀ ਫੈਨ ਫੈਸਟੀਵਲ ਨੂੰ ਮੁਫ਼ਤ ਰੱਖਣ ਦਾ ਫੈਸਲਾ ਕੀਤਾ ਹੈ। ਹਾਲਾਂਕਿ ਵੈਨਕੂਵਰ ਵਿੱਚ ਵੀ ਪ੍ਰੀਮੀਅਮ ਅਨੁਭਵਾਂ ਲਈ ਵੱਖਰੇ ਤੌਰ 'ਤੇ ਭੁਗਤਾਨ ਕਰਨਾ ਪਵੇਗਾ, ਪਰ ਆਮ ਲੋਕਾਂ ਲਈ ਐਂਟਰੀ ਮੁਫ਼ਤ ਰਹੇਗੀ। ਟੋਰਾਂਟੋ ਸਿਟੀ ਦੇ ਇਸ ਨਵੇਂ ਪ੍ਰਸਤਾਵ ਨੇ ਉਨ੍ਹਾਂ ਖੇਡ ਪ੍ਰੇਮੀਆਂ ਵਿੱਚ ਕੁਝ ਨਿਰਾਸ਼ਾ ਪੈਦਾ ਕੀਤੀ ਹੈ ਜੋ ਇਸ ਇਤਿਹਾਸਕ ਟੂਰਨਾਮੈਂਟ ਦਾ ਹਿੱਸਾ ਬਣਨ ਲਈ ਮੁਫ਼ਤ ਜਨਤਕ ਸਮਾਗਮਾਂ ਦੀ ਉਡੀਕ ਕਰ ਰਹੇ ਸਨ। ਆਉਣ ਵਾਲੇ ਦਿਨਾਂ ਵਿੱਚ ਕਾਰਜਕਾਰੀ ਕਮੇਟੀ ਦੀ ਮੀਟਿੰਗ ਦੌਰਾਨ ਇਸ ਪ੍ਰਸਤਾਵ 'ਤੇ ਅੰਤਿਮ ਮੋਹਰ ਲਗਾਈ ਜਾ ਸਕਦੀ ਹੈ। This report was written by Divroop Kaur as part of the Local Journalism Initiative.

## Important Contacts

**EMERGENCY**

Fire | Police | Ambulance
**911**

Occupational First Aid
(Vancouver Campus)
**604-822-4444**

UBC Hospital Urgent Care
(8:00 a.m. – 10:00 p.m.)
**604-822-7662**

Poison Control Centre
**604-682-5050**

Campus Security
**604-822-2222**

**NON-EMERGENCY**

Access & Diversity
**604-822-5844**

Ambulance (E-Comm)
**604-872-5151**

AMS Sexual Assault Support Centre
**604-827-5180**

Building Operations Call Centre
**604-822-2173**

Employee & Family Assistance Plan
**1-800-387-4765**

Counselling Services (Students)
**604-822-3811**

Equity & Inclusion Office
**604-822-6353**

Fire Department (Fire Prevention)
**311**

Office of the Ombudsperson for Students
**604-822-6149**

RCMP – University Detachment
**604-224-1322**

Safety & Risk Services
**604-822-2029**

Student Health Services
**604-822-7011**

**SIKH GURDWARAS**

**Khalsa Diwan Society, New Westminster, BC**
604-759-2691

**Khalsa Diwan Society, Vancouver**
(604) 568-9500, (604) 324-2010

**Sri Guru Singh Sabha Gurdwara**
604-590-3232

**Gurdwara Sahib Brookside**
604-502-0602

**Gurdwara Kalgidhar Darbar**
604-504-5530

**BC Khalsa Darbar Society**
604-325-2290

**Guru Nanak Sikh Gurdwara**
604-598-1300

**Akali Singh Sikh Society**
604-254-3572

# ਜ਼ਿਮਨੀ ਚੋਣਾਂ ’ਚ ਲਿਬਰਲ ਪਾਰਟੀ ਦੀ ਹੁੰਝਾਫੇਰ ਜਿੱਤ, ਹਾਸਲ ਕੀਤਾ ਬਹੁਮਤ

## ਹੁਣ ਦਿਖਾਵੇ ਦੀ ਨਹੀਂ, ਠੋਸ ਕੰਮਾਂ ਦੀ ਹੋਵੇਗੀ ਗੱਲ : ਪ੍ਰਧਾਨ ਮੰਤਰੀ, ਮਹਿੰਗਾਈ ਵਿਰੁੱਧ ਕਾਰਵਾਈ ਦਾ ਭਰੋਸਾ

ਸਰੀ, (ਦਿਵਰੂਪ ਕੌਰ): ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਨੂੰ ਕਿਹਾ ਕਿ ਸੋਮਵਾਰ ਦੀਆਂ ਉਪ-ਚੋਣਾਂ ਵਿੱਚ ਲਿਬਰਲ ਪਾਰਟੀ ਨੂੰ ਮਿਲੇ ਸਪੱਸ਼ਟ ਬਹੁਮਤ ਤੋਂ ਬਾਅਦ ਹੁਣ ਕੈਨੇਡੀਅਨ ਲੋਕ ਫੈਡਰਲ ਸਰਕਾਰ ਤੋਂ ‘ਦਿਖਾਵੇ’ ਦੀ ਬਜਾਏ ‘ਠੋਸ ਕੰਮਾਂ’ ਦੀ ਉਮੀਦ ਕਰ ਸਕਦੇ ਹਨ। ਲਿਬਰਲ ਪਾਰਟੀ ਨੇ ਓਨਟਾਰੀਓ ਦੀਆਂ ਦੋ ਮਹੱਤਵਪੂਰਨ ਸੀਟਾਂ ਯੂਨੀਵਰਸਿਟੀ-ਰੋਜ਼ਡੇਲ ਅਤੇ ਸਕਾਰਬਰੋ ਸਾਊਥਵੈਸਟ ਦੇ ਨਾਲ-ਨਾਲ ਕਿਊਬੈਕ ਦੀ ਤੇਰੇਬੋਨ ਸੀਟ ‘ਤੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। ਇਸ ਤਾਜ਼ਾ ਜਿੱਤ ਨਾਲ ਲਿਬਰਲ ਕਾਕਸ ਵਿੱਚ ਮੈਂਬਰ ਪਾਰਲੀਮੈਂਟਾਂ ਦੀ ਕੁੱਲ ਗਿਣਤੀ 174 ਹੋ ਗਈ ਹੈ। ਇਹ ਅੰਕੜਾ ਮਾਰਕ ਕਾਰਨੀ ਦੀ ਸਰਕਾਰ ਨੂੰ ਹੁਣ ਵਿਰੋਧੀ ਪਾਰਟੀਆਂ ਦੇ ਸਮਰਥਨ ਤੋਂ ਬਿਨਾਂ ਹੀ ਸੁਤੰਤਰ ਤੌਰ ‘ਤੇ ਨਵੇਂ ਕਾਨੂੰਨ ਪਾਸ ਕਰਨ ਦੀ ਸ਼ਕਤੀ ਪ੍ਰਦਾਨ ਕਰੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਰਨੀ ਨੇ ਕਿਹਾ ਕਿ ਅਸਲ ਗਵਾਹੀ, ਠੋਸ ਤੱਥਾਂ ਅਤੇ ਕਾਨੂੰਨੀ ਪਹਿਲੂਆਂ ‘ਤੇ ਗੰਭੀਰ ਬਹਿਸ ਕਰਨ ਅਤੇ ਮਹਿਜ਼ ਦਿਖਾਵੇਬਾਜ਼ੀ ਕਰਨ ਵਿੱਚ ਵੱਡਾ ਫਰਕ ਹੁੰਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਰਕਾਰ ਹੁਣ ਫਾਲਤੂ ਦੀ ਬਹਿਸਬਾਜ਼ੀ ਘੱਟ ਕਰੇਗੀ ਅਤੇ ਅਸਲ ਮੁੱਦਿਆਂ ‘ਤੇ ਜ਼ਿਆਦਾ ਧਿਆਨ ਦੇਵੇਗੀ। ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕੈਨੇਡੀਅਨ ਲੋਕ ਚਾਹੁੰਦੇ ਹਨ ਕਿ ਸਰਕਾਰ ਪ੍ਰਸ਼ਾਸਨ ਚਲਾਏ ਅਤੇ ਮਹਿੰਗਾਈ ਵਰਗੇ ਤੁਰੰਤ ਚਿੰਤਾ ਵਾਲੇ ਮੁੱਦਿਆਂ ‘ਤੇ ਸਖ਼ਤ ਕਾਰਵਾਈ ਕਰੇ। ਜਦੋਂ ਉਨ੍ਹਾਂ ਤੋਂ ਹੋਰਨਾਂ ਪਾਰਟੀਆਂ ਦੇ ਸੰਸਦ ਮੈਂਬਰਾਂ ਦੇ ਲਿਬਰਲ ਪਾਰਟੀ ਵਿੱਚ ਸ਼ਾਮਲ ਹੋਣ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਮੈਂਬਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਉਂਦੇ ਹਨ ਅਤੇ ਉਨ੍ਹਾਂ ਦਾ ਸਰਕਾਰ ਨਾਲ ਜੁੜਨਾ ਸਰਕਾਰੀ ਪ੍ਰੋਗਰਾਮਾਂ ਵਿੱਚ ਉਨ੍ਹਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਚੋਣ ਨਤੀਜਿਆਂ ਦੇ ਵੇਰਵਿਆਂ ਅਨੁਸਾਰ, ਟੋਰਾਂਟੋ ਦੀ ਯੂਨੀਵਰਸਿਟੀ-ਰੋਜ਼ਡੇਲ ਸੀਟ ਤੋਂ ਲਿਬਰਲ ਉਮੀਦਵਾਰ ਡੈਨੀਅਲ ਮਾਰਟਿਨ ਨੇ ਜਿੱਤ ਹਾਸਲ ਕੀਤੀ ਹੈ। ਇਹ ਸੀਟ ਸਾਬਕਾ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਵੱਲੋਂ ਅਸਤੀਫ਼ਾ ਦੇਣ ਕਾਰਨ ਖਾਲੀ ਹੋਈ ਸੀ। ਸਕਾਰਬਰੋ ਸਾਊਥਵੈਸਟ ਸੀਟ ‘ਤੇ ਡੌਲੀ ਬੇਗਮ ਨੇ ਕਬਜ਼ਾ ਕੀਤਾ ਹੈ, ਜੋ ਪਹਿਲਾਂ ਬਿਲ ਬਲੇਅਰ ਕੋਲ ਸੀ। ਇਸੇ ਤਰ੍ਹਾਂ ਕਿਊਬੈਕ ਦੀ ਤੇਰੇਬੋਨ ਸੀਟ ‘ਤੇ ਲਿਬਰਲ ਉਮੀਦਵਾਰ ਤਾਤਿਆਨਾ ਆਗਸਤ ਨੇ ਬਲਾਕ ਕਿਊਬੈਕੋਇਸ ਦੇ ਉਮੀਦਵਾਰ ਨੂੰ ਵੱਡੇ ਫਰਕ ਨਾਲ ਹਰਾ ਕੇ ਆਪਣੀ ਸਥਿਤੀ ਮਜ਼ਬੂਤ ਕੀਤੀ ਹੈ। ਇਨ੍ਹਾਂ ਜਿੱਤਾਂ ਨੇ ਸਰਕਾਰ ਦੇ ਹੌਸਲੇ ਬੁਲੰਦ ਕੀਤੇ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਕਈ ਵੱਡੇ ਫੈਸਲਿਆਂ ਦੀ ਉਮੀਦ ਜਤਾਈ ਜਾ ਰਹੀ ਹੈ। ਪੂਰੀ ਸਰਕਾਰ ਹੁਣ ਨਵੇਂ ਬਹੁਮਤ ਨਾਲ ਜਨਤਕ ਹਿੱਤਾਂ ਦੀ ਪੂਰਤੀ ਲਈ ਵਚਨਬੱਧ ਨਜ਼ਰ ਆ ਰਹੀ ਹੈ। This report was written by Divroop Kaur as part of the Local Journalism Initiative.




# ਏਆਈ ਮੰਤਰੀ ਇਵਾਨ ਸੋਲੋਮਨ ਨੇ ਕੀਤੀ ਐਂਥਰੋਪਿਕ ਨਾਲ ਅਹਿਮ ਮੀਟਿੰਗ

ਸਰੀ, (ਦਿਵਰੂਪ ਕੌਰ): ਕੈਨੇਡਾ ਦੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਮੰਤਰੀ ਇਵਾਨ ਸੋਲੋਮਨ ਨੇ ਮੰਗਲਵਾਰ ਨੂੰ ਮਸ਼ਹੂਰ ਤਕਨੀਕੀ ਕੰਪਨੀ ਐਂਥਰੋਪਿਕ (Anthropic) ਦੇ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਹ ਮੀਟਿੰਗ ਅਜਿਹੇ ਸਮੇਂ ਹੋਈ ਹੈ ਜਦੋਂ ਕੰਪਨੀ ਨੇ ਪਿਛਲੇ ਹਫ਼ਤੇ ਇਹ ਦਾਅਵਾ ਕਰਕੇ ਸਨਸਨੀ ਫੈਲਾ ਦਿੱਤੀ ਸੀ ਕਿ ਉਨ੍ਹਾਂ ਦਾ ਨਵੀਨਤਮ ਚੈਟਬੋਟ ‘ਮਿਥੋਸ’ (Mythos) ਜਨਤਕ ਤੌਰ ‘ਤੇ ਜਾਰੀ ਕਰਨ ਲਈ ਬਹੁਤ ਜ਼ਿਆਦਾ ਖ਼ਤਰਨਾਕ ਹੈ। ਐਂਥਰੋਪਿਕ ਨੇ ਆਪਣੇ ਨਵੇਂ ਏਆਈ ਮਾਡਲ ‘ਕਲੌਡ ਮਿਥੋਸ’ ਬਾਰੇ ਇੱਕ ਸਿਸਟਮ ਪ੍ਰੀਵਿਊ ਕਾਰਡ ਜਾਰੀ ਕੀਤਾ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਇਹ ਮਾਡਲ ਕੰਪਨੀ ਦੁਆਰਾ ਪਹਿਲਾਂ ਸਿਖਲਾਈ ਦਿੱਤੇ ਗਏ ਕਿਸੇ ਵੀ ਮਾਡਲ ਨਾਲੋਂ ਕਿਤੇ ਜ਼ਿਆਦਾ ਉੱਨਤ ਹੈ ਅਤੇ ਸਾਈਬਰ ਸੁਰੱਖਿਆ ਖ਼ਤਰਿਆਂ ਕਾਰਨ ਇਸ ਨੂੰ ਜਨਤਕ ਨਹੀਂ ਕੀਤਾ ਜਾਵੇਗਾ। ਸੋਲੋਮਨ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਐਂਥਰੋਪਿਕ ਅਤੇ ਕੈਨੇਡਾ ਸਰਕਾਰ ਵਿਚਕਾਰ ਸੁਰੱਖਿਆ ਅਤੇ ਦੇਸ਼ ਦੇ ਪ੍ਰਭੂਸੱਤਾ ਹਿੱਤਾਂ ਨੂੰ ਲੈ ਕੇ ਲਗਾਤਾਰ ਉਸਾਰੂ ਚਰਚਾ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਆਪਣੇ ਸਿਸਟਮਾਂ, ਮਹੱਤਵਪੂਰਨ ਬੁਨਿਆਦੀ ਢਾਂਚੇ ਅਤੇ ਨਾਗਰਿਕਾਂ ਦੇ ਡੇਟਾ ਦੀ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦੀ ਹੈ। ਮੰਤਰੀ ਨੇ ਐਂਥਰੋਪਿਕ ਦੇ ਉਸ ਫੈਸਲੇ ਦੀ ਸ਼ਲਾਘਾ ਕੀਤੀ ਜਿਸ ਤਹਿਤ ਉਨ੍ਹਾਂ ਨੇ ਨਵੇਂ ਮਾਡਲ ਨੂੰ ਸਿੱਧਾ ਜਨਤਾ ਲਈ ਜਾਰੀ ਕਰਨ ਦੀ ਬਜਾਏ ਪਹਿਲਾਂ ਸਾਈਬਰ ਸੁਰੱਖਿਆ ਮਾਹਿਰਾਂ ਨਾਲ ਮਿਲ ਕੇ ਕੰਮ ਕਰਨ ਦਾ ਰਾਹ ਚੁਣਿਆ ਹੈ। ਉਨ੍ਹਾਂ ਅਨੁਸਾਰ ਇਹ ਇੱਕ ਜ਼ਿੰਮੇਵਾਰੀ ਭਰਿਆ ਕਦਮ ਹੈ ਜੋ ਸੁਰੱਖਿਆ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਸਮਾਂ ਪ੍ਰਦਾਨ ਕਰਦਾ ਹੈ। ਕੈਨੇਡਾ ਵਿੱਚ ਤੇਜ਼ੀ ਨਾਲ ਹੋ ਰਹੇ ਏਆਈ ਵਿਕਾਸ ਅਤੇ ਰੈਨਸਮਵੇਅਰ ਹਮਲਿਆਂ ਨੂੰ ਲੈ ਕੇ ਚਿੰਤਾਵਾਂ ਲਗਾਤਾਰ ਵਧ ਰਹੀਆਂ ਹਨ। ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਸੀ ਕਿ ਵੱਡੀਆਂ ਕਾਰਪੋਰੇਸ਼ਨਾਂ ਅਤੇ ਮਹੱਤਵਪੂਰਨ ਸਰਕਾਰੀ ਬੁਨਿਆਦੀ ਢਾਂਚਾ ਅਜਿਹੇ ਹਮਲਿਆਂ ਦੇ ਮੁੱਖ ਨਿਸ਼ਾਨੇ ‘ਤੇ ਰਹਿੰਦੇ ਹਨ। ਇਸ ਕਾਰਨ ਸਰਕਾਰ ਹੁਣ ਨਵੀਂ ਤਕਨੀਕ ਦੇ ਫਾਇਦਿਆਂ ਦੇ ਨਾਲ-ਨਾਲ ਇਸ ਦੇ ਜੋਖਮਾਂ ਨੂੰ ਘਟਾਉਣ ਲਈ ਤਕਨੀਕੀ ਕੰਪਨੀਆਂ ਨਾਲ ਮਿਲ ਕੇ ਰਣਨੀਤੀਆਂ ਤਿਆਰ ਕਰ ਰਹੀ ਹੈ ਤਾਂ ਜੋ ਰਾਸ਼ਟਰੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। This report was written by Divroop Kaur as part of the Local Journalism Initiative.



Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals
✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor
Call : 604.338.7310
CENTUM MORTGAGE

# ਸਰੀ ਸਿਟੀ ਹਾਲ ਵਿਖੇ 'ਦਇਆ' ਕਲਾ ਪ੍ਰਦਰਸ਼ਨੀ ਦੌਰਾਨ ਮੇਅਰ ਬ੍ਰੈਂਡਾ ਲੌਕ ਨੇ ਕੀਤੀ ਸ਼ਿਰਕਤ





ਸਰੀ, (ਦਿਵਰੂਪ ਕੌਰ): ਸਰੀ ਦੀ ਮੇਅਰ ਬ੍ਰੈਂਡਾ ਲੌਕ ਨੇ ਬੀਤੇ ਐਤਵਾਰ 12 ਅਪ੍ਰੈਲ ਨੂੰ ਸਰੀ ਸਿਟੀ ਹਾਲ ਵਿਖੇ ਸਿੱਖ ਹੈਰੀਟੇਜ ਬੀ.ਸੀ. ਵੱਲੋਂ ਆਯੋਜਿਤ 'ਦਇਆ ਕਰਹੁ: ਡਿਸਪਲੇਅ ਆਫ਼ ਕੰਪੈਸ਼ਨ' ਨਾਮੀ ਕਲਾ ਪ੍ਰਦਰਸ਼ਨੀ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਹ ਪ੍ਰਦਰਸ਼ਨੀ ਇੱਕ ਜੀਵੰਤ ਅਤੇ ਪਰਸਪਰ ਪ੍ਰਭਾਵਸ਼ਾਲੀ ਕਲਾ ਪ੍ਰਦਰਸ਼ਨੀ ਸੀ ਜੋ ਪੂਰੀ ਤਰ੍ਹਾਂ 'ਦਇਆ' ਦੇ ਮਾਨਵਤਾਵਾਦੀ ਸੰਕਲਪ ਦੁਆਲੇ ਕੇਂਦਰਿਤ ਸੀ। ਇਸ ਸਮਾਗਮ ਦੌਰਾਨ ਵੱਖ-ਵੱਖ ਕਲਾਕਾਰਾਂ ਨੇ ਆਪਣੀਆਂ ਕਲਾਕ੍ਰਿਤੀਆਂ ਰਾਹੀਂ ਦਇਆ ਅਤੇ ਮਨੁੱਖੀ ਕਰੁਣਾ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ। ਮੇਅਰ ਲੌਕ ਨੇ ਕਲਾਕਾਰਾਂ ਦੇ ਕੰਮ ਦੀ ਸ਼ਲਾਘਾ ਕੀਤੀ ਅਤੇ ਅਜਿਹੇ ਸਮਾਗਮਾਂ ਨੂੰ ਸਮਾਜਿਕ ਸਾਂਝ ਵਧਾਉਣ ਲਈ ਬੇਹੱਦ ਅਹਿਮ ਦੱਸਿਆ।

ਇਹ ਪ੍ਰਦਰਸ਼ਨੀ ਇੱਕ ਡੂੰਘਾ ਅਨੁਭਵ ਪ੍ਰਦਾਨ ਕਰਨ ਵਾਲੀ ਸੀ ਜਿਸ ਵਿੱਚ ਦਰਸ਼ਕਾਂ ਨੂੰ ਆਪਣੇ ਨਿੱਜੀ ਜੀਵਨ ਵਿੱਚ ਦਇਆ ਦੇ ਮਹੱਤਵ ਨੂੰ ਸਮਝਣ ਅਤੇ ਇਸ ਨਾਲ ਨਵਾਂ ਰਿਸ਼ਤਾ ਕਾਇਮ ਕਰਨ ਦਾ ਮੌਕਾ ਮਿਲਿਆ। ਅਜੋਕੇ ਦੌਰ ਵਿੱਚ ਜਿੱਥੇ ਦੁਨੀਆ ਵਿੱਚ ਕੁੜਵਾਹਟ ਅਤੇ ਤਣਾਅ ਲਗਾਤਾਰ ਵਧ ਰਿਹਾ ਹੈ, ਉੱਥੇ ਇਹ ਪ੍ਰਦਰਸ਼ਨੀ ਇਨਸਾਨ ਨੂੰ ਵਧੇਰੇ ਦਿਆਲੂ ਬਣਨ ਅਤੇ ਦੂਜਿਆਂ ਪ੍ਰਤੀ ਹਮਦਰਦੀ ਰੱਖਣ ਦੀ ਪ੍ਰੇਰਨਾ ਦੇ ਰਹੀ ਸੀ। ਪ੍ਰਦਰਸ਼ਨੀ ਵਿੱਚ ਸ਼ਾਮਲ ਕਲਾਕਾਰਾਂ ਨੇ ਦਇਆ ਪ੍ਰਤੀ ਆਪਣੀ ਨਿੱਜੀ ਸਮਝ ਅਤੇ ਦ੍ਰਿਸ਼ਟੀਕੋਣ ਨੂੰ ਵੱਖ-ਵੱਖ ਕਲਾ ਮਾਧਿਅਮਾਂ ਰਾਹੀਂ ਬਹੁਤ ਹੀ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ।

ਸਿੱਖ ਹੈਰੀਟੇਜ ਬੀ.ਸੀ. ਵੱਲੋਂ ਕੀਤੇ ਗਏ ਇਸ ਉਪਰਾਲੇ ਦਾ ਮੁੱਖ ਉਦੇਸ਼ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਦਇਆ ਦੇ ਮੁੱਲ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਨਾ ਸੀ। ਇਸ ਪ੍ਰਦਰਸ਼ਨੀ ਰਾਹੀਂ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਕਿਵੇਂ ਦਇਆ ਇੱਕ ਵਿਅਕਤੀ ਦੇ ਰਿਸ਼ਤਿਆਂ ਅਤੇ ਸਮੁੱਚੇ ਸਮਾਜ ਨੂੰ ਬਦਲਣ ਦੀ ਤਾਕਤ ਰੱਖਦੀ ਹੈ। ਵੱਡੀ ਗਿਣਤੀ ਵਿੱਚ ਪਹੁੰਚੇ ਸਥਾਨਕ ਨਿਵਾਸੀਆਂ ਨੇ ਕਲਾ ਦੇ ਇਸ ਰੂਪ ਨੂੰ ਨੇੜਿਓਂ ਦੇਖਿਆ ਅਤੇ ਕਲਾਕਾਰਾਂ ਨਾਲ ਵਿਚਾਰ-ਵਟਾਂਦਰਾ ਵੀ ਕੀਤਾ। ਸਰੀ ਸਿਟੀ ਹਾਲ ਵਿੱਚ ਲੱਗੀ ਇਹ ਪ੍ਰਦਰਸ਼ਨੀ ਮਾਨਵਤਾ ਦੇ ਸੁਮੇਲ ਨੂੰ ਪੇਸ਼ ਕਰਨ ਵਾਲਾ ਇੱਕ ਵਿਲੱਖਣ ਪ੍ਰੋਗਰਾਮ ਸਾਬਤ ਹੋਈ। This report was written by Divroop Kaur as part of the Local Journalism Initiative.

# ਮਿਸ਼ਨ ਵਿੱਚ ਜਾਅਲੀ ਕਰੰਸੀ ਨਾਲ ਠੱਗੀ, 50 ਡਾਲਰ ਦੇ ਨਕਲੀ ਨੋਟਾਂ ਬਾਰੇ ਪੁਲਿਸ ਦੀ ਚੇਤਾਵਨੀ ਜਾਰੀ

ਸਰੀ, (ਦਿਵਰੂਪ ਕੌਰ): ਮਿਸ਼ਨ ਆਰ.ਸੀ.ਐਮ.ਪੀ. ਨੇ ਫੇਸਬੁੱਕ ਮਾਰਕੀਟਪਲੇਸ ਰਾਹੀਂ ਸਾਮਾਨ ਵੇਚਣ ਵਾਲੇ ਲੋਕਾਂ ਨੂੰ ਇੱਕ ਅਜਿਹੇ ਸ਼ੱਕੀ ਵਿਅਕਤੀ ਬਾਰੇ ਸਾਵਧਾਨ ਕੀਤਾ ਹੈ ਜੋ 50 ਡਾਲਰ ਦੇ ਜਾਅਲੀ ਨੋਟਾਂ ਦੀ ਵਰਤੋਂ ਕਰਕੇ ਠੱਗੀ ਮਾਰ ਰਿਹਾ ਹੈ। ਇੱਕ ਤਾਜ਼ਾ ਘਟਨਾ ਵਿੱਚ ਇੱਕ ਔਰਤ ਨੇ ਮਿਸ਼ਨ ਦੇ ਇੱਕ ਕੌਫੀ ਸ਼ੌਪ ਵਿੱਚ ਆਪਣਾ ਲੈਪਟਾਪ ਅਤੇ ਟੈਬਲੇਟ ਵੇਚਣ ਦਾ ਸੌਦਾ ਕੀਤਾ ਜਿਸ ਬਦਲੇ ਖਰੀਦਦਾਰ ਨੇ ਉਸਨੂੰ 50 ਡਾਲਰ ਦੇ ਨੋਟਾਂ ਵਾਲਾ ਇੱਕ ਲਿਫ਼ਾਫ਼ਾ ਦਿੱਤਾ। ਸਾਮਾਨ ਲੈ ਕੇ ਜਾਣ ਤੋਂ ਬਾਅਦ ਜਦੋਂ ਔਰਤ ਨੇ ਨੋਟਾਂ ਦੀ ਦੁਬਾਰਾ ਜਾਂਚ ਕੀਤੀ ਤਾਂ ਦੇਖਿਆ ਕਿ ਨੋਟਾਂ ਉੱਪਰ ਲੱਗੀ ਚਮਕਦਾਰ ਪੱਟੀ ਠੀਕ ਤਰ੍ਹਾਂ ਨਹੀਂ ਲੱਗੀ ਸੀ ਅਤੇ ਸਾਰੇ ਨੋਟਾਂ ਦੇ ਸੀਰੀਅਲ ਨੰਬਰ ਵੀ ਬਿਲਕੁਲ ਇੱਕੋ ਜਿਹੇ ਸਨ।




ਪੁਲਿਸ ਵੱਲੋਂ ਹੁਣ ਇਸ ਸ਼ੱਕੀ ਵਿਅਕਤੀ ਦੀ ਤਸਵੀਰ ਜਾਰੀ ਕੀਤੀ ਗਈ ਹੈ ਤਾਂ ਜੋ ਉਸ ਦੀ ਪਛਾਣ ਕੀਤੀ ਜਾ ਸਕੇ ਅਤੇ ਹੋਰ ਲੋਕ ਅਜਿਹੀ ਠੱਗੀ ਦਾ ਸ਼ਿਕਾਰ ਹੋਣ ਤੋਂ ਬਚ ਸਕਣ। ਪੁਲਿਸ ਮੁਤਾਬਕ ਖਰੀਦਦਾਰ ਵੱਲੋਂ ਵਰਤਿਆ ਗਿਆ ਫੇਸਬੁੱਕ ਪ੍ਰੋਫਾਈਲ ਵੀ ਜਾਅਲੀ ਹੋਣ ਦਾ ਸ਼ੱਕ ਹੈ ਜਿਸ ਦੀ ਜਾਂਚ ਜਾਰੀ ਹੈ। ਜੇਕਰ ਕੋਈ ਵੀ ਵਿਅਕਤੀ ਇਸ ਸ਼ੱਕੀ ਨੂੰ ਪਛਾਣਦਾ ਹੈ ਤਾਂ ਉਹ ਮਿਸ਼ਨ ਆਰ.ਸੀ.ਐਮ.ਪੀ. ਨਾਲ 604-826-7161 'ਤੇ ਫਾਈਲ ਨੰਬਰ 26-3219 ਤਹਿਤ ਸੰਪਰਕ ਕਰ ਸਕਦਾ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਪਲੇਟਫਾਰਮ ਰਾਹੀਂ ਸਾਮਾਨ ਵੇਚਣ ਸਮੇਂ ਭੁਗਤਾਨ ਵਜੋਂ ਮਿਲੀ ਨਕਦੀ ਦੀ ਅਸਲੀਅਤ ਦੀ ਜਾਂਚ ਜ਼ਰੂਰ ਕਰਨ। ਨਕਲੀ ਨੋਟਾਂ ਦੀ ਪਛਾਣ ਸਬੰਧੀ ਜਾਣਕਾਰੀ ਬੈਂਕ ਆਫ਼ ਕੈਨੇਡਾ ਦੀ ਵੈੱਬਸਾਈਟ ਤੋਂ ਲਈ ਜਾ ਸਕਦੀ ਹੈ। This report was written by Divroop Kaur as part of the Local Journalism Initiative.

# ਓਕਲਾਹੋਮਾ ਸਕੂਲ ਵਿੱਚ ਪ੍ਰਿੰਸੀਪਲ ਨੇ ਸ਼ੂਟਰ ਨੂੰ ਕੀਤਾ ਕਾਬੂ, ਵੱਡਾ ਹਮਲਾ ਟਲਿਆ

ਸਰੀ, (ਦਿਵਰੂਪ ਕੌਰ): ਅਮਰੀਕਾ ਦੇ ਓਕਲਾਹੋਮਾ ਸੂਬੇ ਤੋਂ ਇੱਕ ਅਜਿਹੀ ਖ਼ਬਰ ਸਾਹਮਣੇ ਆਈ ਹੈ ਜਿਸ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇੱਕ ਹਾਈ ਸਕੂਲ ਦੇ ਪ੍ਰਿੰਸੀਪਲ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਇੱਕ ਹਥਿਆਰਬੰਦ ਹਮਲਾਵਰ ਨੂੰ ਕਾਬੂ ਕਰਕੇ ਸਕੂਲ ਵਿੱਚ ਹੋਣ ਵਾਲੇ ਇੱਕ ਵੱਡੇ ਕਤਲੇਆਮ ਨੂੰ ਰੋਕ ਲਿਆ। ਸੀਸੀਟੀਵੀ ਫੁਟੇਜ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਪ੍ਰਿੰਸੀਪਲ ਨੇ ਬਿਨਾਂ ਕਿਸੇ ਡਰ ਦੇ ਹਮਲਾਵਰ ਉੱਤੇ ਹਮਲਾ ਕੀਤਾ ਅਤੇ ਉਸ ਨੂੰ ਬੈਂਚ ਉੱਤੇ ਪਟਕ ਦਿੱਤਾ। ਇਸ ਬਹਾਦਰੀ ਦੇ ਕਾਰਨ ਸੈਂਕੜੇ ਬੱਚਿਆਂ ਦੀ ਜਾਨ ਬਚ ਗਈ ਹੈ। ਪੁਲਿਸ ਨੇ ਦੱਸਿਆ ਕਿ ਹਮਲਾਵਰ ਪਹਿਲਾਂ ਹੀ ਗੋਲੀਬਾਰੀ ਸ਼ੁਰੂ ਕਰ ਚੁੱਕਾ ਸੀ ਅਤੇ ਉਸ ਦਾ ਇਰਾਦਾ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮਾਰਨ ਦਾ ਸੀ। ਪ੍ਰਿੰਸੀਪਲ ਦੀ ਇਸ ਦਲੇਰੀ ਦੀ ਚਾਰੇ ਪਾਸੇ ਸ਼ਲਾਘਾ ਹੋ ਰਹੀ ਹੈ ਕਿਉਂਕਿ ਉਹਨਾਂ ਨੇ ਮੌਤ ਦੇ ਸਾਹਮਣੇ ਖੜ੍ਹੇ ਹੋ ਕੇ ਆਪਣਾ ਫਰਜ਼ ਨਿਭਾਇਆ।



ਪ੍ਰਾਪਤ ਜਾਣਕਾਰੀ ਅਨੁਸਾਰ, 20 ਸਾਲਾ ਵਿਕਟਰ ਲੀ ਹਾਕਿਨਸ, ਜੋ ਇਸੇ ਸਕੂਲ ਦਾ ਸਾਬਕਾ ਵਿਦਿਆਰਥੀ ਰਿਹਾ ਹੈ, 7 ਅਪ੍ਰੈਲ ਨੂੰ ਦੁਪਹਿਰ 2 ਵਜੇ ਦੇ ਕਰੀਬ ਪੌਲਸ ਵੈਲੀ ਹਾਈ ਸਕੂਲ ਦੀ ਲਾਬੀ ਵਿੱਚ ਦਾਖਲ ਹੋਇਆ। ਉਸ ਦੇ ਹੱਥ ਵਿੱਚ ਦੋ ਲੋਡਿਡ ਸੈਮੀ-ਆਟੋਮੈਟਿਕ ਪਿਸਤੌਲ ਸਨ। ਦਾਖਲ ਹੁੰਦੇ ਹੀ ਉਸ ਨੇ ਉੱਥੇ ਮੌਜੂਦ ਸਾਰਿਆਂ ਨੂੰ ਜ਼ਮੀਨ ਉੱਤੇ ਲੇਟਣ ਲਈ ਕਿਹਾ। ਉਸ ਨੇ ਇੱਕ ਵਿਦਿਆਰਥੀ ਉੱਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਖੁਸ਼ਕਿਸਮਤੀ ਨਾਲ ਪਿਸਤੌਲ ਵਿੱਚ ਕੋਈ ਤਕਨੀਕੀ ਖਰਾਬੀ ਆ ਗਈ। ਇਸ ਤੋਂ ਬਾਅਦ ਹਮਲਾਵਰ ਨੇ ਆਪਣਾ ਹਥਿਆਰ ਠੀਕ ਕੀਤਾ ਅਤੇ ਦੂਜੇ ਵਿਅਕਤੀ ਉੱਤੇ ਨਿਸ਼ਾਨਾ ਸਾਧਿਆ ਪਰ ਉਹ ਨਿਸ਼ਾਨਾ ਖੁੰਝ ਗਿਆ। ਇਸ ਦੌਰਾਨ ਸਕੂਲ ਵਿੱਚ ਹੜਕੰਪ ਮਚ ਗਿਆ ਅਤੇ ਹਰ ਕੋਈ ਆਪਣੀ ਜਾਨ ਬਚਾਉਣ ਲਈ ਇੱਧਰ-ਉੱਧਰ ਭੱਜਣ ਲੱਗਾ ਜਿਸ ਨਾਲ ਸਥਿਤੀ ਬਹੁਤ ਹੀ ਖ਼ੌਫਨਾਕ ਬਣ ਗਈ ਸੀ।

ਜਿਵੇਂ ਹੀ ਹਮਲਾਵਰ ਨੇ ਦੂਜੀ ਗੋਲੀ ਚਲਾਈ, ਪ੍ਰਿੰਸੀਪਲ ਕਿਰਕ ਮੂਰ ਨੇ ਬਿਨਾਂ ਕਿਸੇ ਦੇਰੀ ਦੇ ਹਾਲਵੇਅ ਵਿੱਚ ਦੌੜ ਕੇ ਹਮਲਾਵਰ ਨੂੰ ਦਬੋਚ ਲਿਆ। ਸੀਸੀਟੀਵੀ ਫੁਟੇਜ ਵਿੱਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਮੂਰ ਨੇ ਤੇਜ਼ੀ ਨਾਲ ਹਮਲਾਵਰ ਨੂੰ ਇੱਕ ਬੈਂਚ ਉੱਤੇ ਸੁੱਟ ਦਿੱਤਾ ਅਤੇ ਉਸ ਦਾ ਹੱਥ ਮਰੋੜ ਕੇ ਹਥਿਆਰ ਖੋਹਣ ਦੀ ਕੋਸ਼ਿਸ਼ ਕੀਤੀ। ਇਸੇ ਦੌਰਾਨ ਸਕੂਲ ਦੇ ਇੱਕ ਹੋਰ ਸਟਾਫ ਮੈਂਬਰ ਨੇ ਹਮਲਾਵਰ ਦੇ ਹੱਥੋਂ ਡਿੱਗੇ ਪਿਸਤੌਲ ਨੂੰ ਲੱਤ ਮਾਰ ਕੇ ਦੂਰ ਕਰ ਦਿੱਤਾ ਅਤੇ ਬਾਅਦ ਵਿੱਚ ਉਸ ਨੂੰ ਚੁੱਕ ਕੇ ਸੁਰੱਖਿਅਤ ਥਾਂ 'ਤੇ ਲੈ ਗਏ। ਇਸ ਸੰਘਰਸ਼ ਦੌਰਾਨ ਪ੍ਰਿੰਸੀਪਲ ਮੂਰ ਦੀ ਲੱਤ ਵਿੱਚ ਗੋਲੀ ਲੱਗ ਗਈ, ਪਰ ਉਹਨਾਂ ਨੇ ਹਮਲਾਵਰ ਨੂੰ ਉਦੋਂ ਤੱਕ ਨੱਪੀ ਰੱਖਿਆ ਜਦੋਂ ਤੱਕ ਹਥਿਆਰ ਪੂਰੀ ਤਰ੍ਹਾਂ ਦੂਰ ਨਹੀਂ ਕਰ ਦਿੱਤਾ ਗਿਆ ਅਤੇ ਪੁਲਿਸ ਮੌਕੇ ਉੱਤੇ ਨਹੀਂ ਪਹੁੰਚ ਗਈ।

ਪੁਲਿਸ ਚੀਫ਼ ਡੌਨ ਮੇਅ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹਨਾਂ ਦੇ ਸ਼ਹਿਰ ਦੀ ਆਬਾਦੀ ਲਗਭਗ 6,200 ਹੈ ਅਤੇ ਇਹ ਇੱਕ ਬਹੁਤ ਹੀ ਸ਼ਾਂਤ ਤੇ ਚੰਗਾ ਭਾਈਚਾਰਾ ਹੈ। ਉਹਨਾਂ ਨੇ ਪ੍ਰਿੰਸੀਪਲ ਦੀ ਬਹਾਦਰੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਜੇਕਰ ਮੂਰ ਨੇ ਸਹੀ ਸਮੇਂ ਉੱਤੇ ਸਹੀ ਕਦਮ ਨਾ ਚੁੱਕਿਆ ਹੁੰਦਾ ਤਾਂ ਅੱਜ ਕਈ ਘਰਾਂ ਦੇ ਚਿਰਾਗ ਬੁਝ ਸਕਦੇ ਸਨ। ਪ੍ਰਿੰਸੀਪਲ ਮੂਰ, ਜੋ ਪਿਛਲੇ 35 ਸਾਲਾਂ ਤੋਂ ਸਿੱਖਿਆ ਦੇ ਖੇਤਰ ਵਿੱਚ ਸੇਵਾ ਨਿਭਾ ਰਹੇ ਹਨ, ਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਹਨਾਂ ਦਾ ਇਲਾਜ ਚੱਲ ਰਿਹਾ ਹੈ। ਉਹਨਾਂ ਨੇ ਇੱਕ ਬਿਆਨ ਜਾਰੀ ਕਰਦਿਆਂ ਸਮੁਦਾਏ ਵੱਲੋਂ ਮਿਲੇ ਪਿਆਰ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੂੰ ਆਪਣੀ ਸਿਖਲਾਈ ਉੱਤੇ ਮਾਣ ਹੈ ਅਤੇ ਉਹ ਜਲਦ ਹੀ ਠੀਕ ਹੋ ਕੇ ਸਕੂਲ ਵਾਪਸ ਆਉਣ ਲਈ ਉਤਸੁਕ ਹਨ।

ਦੋਸ਼ੀ ਵਿਕਟਰ ਲੀ ਹਾਕਿਨਸ ਫਿਲਹਾਲ ਗਾਰਵਿਨ ਕਾਉਂਟੀ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਦੀ ਜ਼ਮਾਨਤ 1 ਮਿਲੀਅਨ ਡਾਲਰ ਤੈਅ ਕੀਤੀ ਗਈ ਹੈ। ਉਸ ਉੱਤੇ ਕਤਲ ਦੀ ਨੀਅਤ ਨਾਲ ਗੋਲੀ ਚਲਾਉਣ ਅਤੇ ਜਨਤਕ ਥਾਂ ਉੱਤੇ ਹਥਿਆਰ ਰੱਖਣ ਵਰਗੇ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਪੁੱਛਗਿੱਛ ਦੌਰਾਨ ਹਾਕਿਨਸ ਨੇ ਮੰਨਿਆ ਕਿ ਉਹ ਪ੍ਰਿੰਸੀਪਲ ਮੂਰ ਨੂੰ ਪਸੰਦ ਨਹੀਂ ਕਰਦਾ ਸੀ ਅਤੇ ਉਹ ਕੋਲੰਬਾਈਨ ਸਕੂਲ ਸ਼ੂਟਿੰਗ ਵਰਗੀ ਘਟਨਾ ਨੂੰ ਅੰਜਾਮ ਦੇ ਕੇ ਆਪਣਾ ਨਾਮ ਬਣਾਉਣਾ ਚਾਹੁੰਦਾ ਸੀ। ਉਸ ਨੇ ਇਹ ਵੀ ਕਬੂਲ ਕੀਤਾ ਕਿ ਉਸ ਨੇ ਆਪਣੇ ਪਿਤਾ ਦੀਆਂ ਦੋ ਪਿਸਤੌਲਾਂ ਬਿਨਾਂ ਇਜਾਜ਼ਤ ਤੋਂ ਚੋਰੀ ਕੀਤੀਆਂ ਸਨ। ਹਾਕਿਨਸ ਨੂੰ 8 ਮਈ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਜਿੱਥੇ ਉਸ ਨੂੰ ਮਿਲਣ ਵਾਲੀ ਸਜ਼ਾ ਬਾਰੇ ਫੈਸਲਾ ਹੋਵੇਗਾ। ਇਸ ਘਟਨਾ ਨੇ ਅਮਰੀਕਾ ਵਿੱਚ ਸਕੂਲ ਸੁਰੱਖਿਆ ਅਤੇ ਬੰਦੂਕ ਸੱਭਿਆਚਾਰ ਉੱਤੇ ਇੱਕ ਵਾਰ ਫਿਰ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। This report was written by Divroop Kaur as part of the Local Journalism Initiative.

# ਕਿਲੋਨਾ ਜਨਰਲ ਹਸਪਤਾਲ ਵਿੱਚ 'ਹਾਲਵੇਅ ਹੈਲਥ ਕੇਅਰ' ਦਾ ਸੰਕਟ ਬਰਕਰਾਰ

## 13 ਸਾਲਾਂ ਬਾਅਦ ਵੀ ਖਾਲੀ ਪਈਆਂ ਹਨ ਸੈਂਟੇਨੀਅਲ ਟਾਵਰ ਦੀਆਂ ਦੋ ਮੰਜ਼ਿਲਾਂ, ਮਰੀਜ਼ਾਂ ਦਾ ਹਾਲਵੇਅ ਵਿੱਚ ਹੋ ਰਿਹਾ ਇਲਾਜ



ਸਰੀ, (ਏਕਜੋਤ ਸਿੰਘ): ਕਿਲੋਨਾ ਜਨਰਲ ਹਸਪਤਾਲ (KGH) ਵਿੱਚ ਮਰੀਜ਼ਾਂ ਦੇ ਇਲਾਜ ਲਈ ਥਾਂ ਦੀ ਘਾਟ ਇੱਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਕਿਲੋਨਾ ਦੀ ਵਸਨੀਕ ਨੈਨਸੀ ਮੈਕਡੋਨਲਡ, ਜੋ ਗੁਰਦੇ ਦੀ ਇੱਕ ਗੰਭੀਰ ਬਿਮਾਰੀ ਤੋਂ ਪੀੜਤ ਸੀ, ਨੇ ਹਾਲ ਹੀ ਵਿੱਚ ਹਸਪਤਾਲ ਦੇ ਸਟਾਫ ਵੱਲੋਂ ਦਿੱਤੀ ਗਈ ਦੇਖਭਾਲ ਦੀ ਸ਼ਲਾਘਾ ਕੀਤੀ ਹੈ ਪਰ ਹਸਪਤਾਲ ਦੇ ਪ੍ਰਬੰਧਾਂ ਉੱਤੇ ਸਵਾਲ ਖੜ੍ਹੇ ਕੀਤੇ ਹਨ। ਮੈਕਡੋਨਲਡ ਪਿਛਲੇ 2 ਸਾਲਾਂ ਤੋਂ ਇਸ ਹਸਪਤਾਲ ਵਿੱਚ ਇਲਾਜ ਅਧੀਨ ਰਹੀ ਹੈ ਅਤੇ ਉਸਦਾ ਕਹਿਣਾ ਹੈ ਕਿ ਉਹ ਸਟਾਫ ਦੀ ਮਿਹਨਤ ਕਾਰਨ ਹੀ ਅੱਜ ਜਿਊਂਦੀ ਹੈ। ਹਾਲਾਂਕਿ ਮੈਕਡੋਨਲਡ ਡਾਕਟਰਾਂ ਅਤੇ ਨਰਸਾਂ ਦੀ ਸੇਵਾ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ, ਪਰ ਹਸਪਤਾਲ ਦੇ ਹਾਲਵੇਅ ਯਾਨੀ ਗਲਿਆਰੇ ਵਿੱਚ ਇਲਾਜ ਕਰਵਾਉਣਾ ਉਸ ਲਈ ਇੱਕ ਡਰਾਉਣਾ ਅਤੇ ਅਣਸੁਖਾਵਾਂ ਅਨੁਭਵ ਰਿਹਾ ਹੈ। ਉਸ ਅਨੁਸਾਰ ਗਲਿਆਰੇ ਵਿੱਚ ਰਹਿਣ ਕਾਰਨ ਕਿਸੇ ਵੀ ਤਰ੍ਹਾਂ ਦੀ ਡਾਕਟਰੀ ਨਿਜਤਾ ਨਹੀਂ ਸੀ ਅਤੇ ਹਰ ਕੋਈ ਡਾਕਟਰ ਨਾਲ ਹੋ ਰਹੀ ਨਿੱਜੀ ਗੱਲਬਾਤ ਨੂੰ ਆਸਾਨੀ ਨਾਲ ਸੁਣ ਸਕਦਾ ਸੀ। ਇਸ ਤੋਂ ਇਲਾਵਾ ਦਿਨ ਵਿੱਚ ਕਈ ਵਾਰ ਹਸਪਤਾਲ ਦੇ ਐਮਰਜੈਂਸੀ ਅਲਰਟ ਉਸ ਦੇ ਬੈੱਡ ਦੇ ਬਿਲਕੁਲ ਕੋਲੋਂ ਗੁਜ਼ਰਦੇ ਸਨ ਜਿਸ ਨਾਲ ਮਾਨਸਿਕ ਤਣਾਅ ਹੋਰ ਵੀ ਵੱਧ ਜਾਂਦਾ ਸੀ।

ਹਸਪਤਾਲ ਦੇ ਗਲਿਆਰਿਆਂ ਵਿੱਚ ਮਰੀਜ਼ਾਂ ਨੂੰ ਰੱਖਣ ਦਾ ਮੁੱਦਾ ਮੰਗਲਵਾਰ ਨੂੰ ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਜ਼ੋਰ-ਸ਼ੋਰ ਨਾਲ ਉੱਠਿਆ। ਕਿਲੋਨਾ-ਮਿਸ਼ਨ ਤੋਂ ਕੰਜ਼ਰਵੇਟਿਵ ਐਮਐਲਏ ਗੈਵਿਨ ਡਿਊ ਨੇ ਸਰਕਾਰ ਤੋਂ ਸਵਾਲ ਕੀਤਾ ਕਿ ਜਦੋਂ ਹਸਪਤਾਲ ਦੀਆਂ ਦੋ ਮੰਜ਼ਿਲਾਂ ਪੂਰੀ ਤਰ੍ਹਾਂ ਖਾਲੀ ਪਈਆਂ ਹਨ, ਤਾਂ ਮਰੀਜ਼ਾਂ ਨੂੰ ਗਲਿਆਰਿਆਂ ਵਿੱਚ ਕਿਉਂ ਲੇਟਣਾ ਪੈ ਰਿਹਾ ਹੈ। ਡਿਊ ਨੇ ਦੱਸਿਆ ਕਿ ਕਿਲੋਨਾ ਜਨਰਲ ਹਸਪਤਾਲ ਦੇ ਸੈਂਟੇਨੀਅਲ ਟਾਵਰ ਨੂੰ ਖੁੱਲ੍ਹੇ ਹੋਏ 13 ਸਾਲ ਹੋ ਚੁੱਕੇ ਹਨ, ਪਰ ਇਸਦੀ ਪੰਜਵੀਂ ਅਤੇ ਛੇਵੀਂ ਮੰਜ਼ਿਲ ਅਜੇ ਵੀ ਅਧੂਰੀ ਅਤੇ ਤਾਲੇ ਦੇ ਪਿੱਛੇ ਬੰਦ ਹੈ। ਇਹਨਾਂ ਦੋਵਾਂ ਮੰਜ਼ਿਲਾਂ ਉੱਤੇ 50 ਤੋਂ ਵੱਧ ਬੈੱਡਾਂ ਦੀ ਸਮਰੱਥਾ ਹੈ ਜੋ ਹਸਪਤਾਲ ਦੇ ਵਧਦੇ ਬੋਝ ਨੂੰ ਘੱਟ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਉਹਨਾਂ ਚਿੰਤਾ ਜ਼ਾਹਰ ਕੀਤੀ ਕਿ ਇੰਨੇ ਲੰਬੇ ਸਮੇਂ ਬਾਅਦ ਵੀ ਇਸ ਜਗ੍ਹਾ ਦੀ ਵਰਤੋਂ ਨਾ ਕਰਨਾ ਲੋਕਾਂ ਨਾਲ ਬੇਇਨਸਾਫ਼ੀ ਹੈ।

ਇਨਫਰਾਸਟਰਕਚਰ ਮੰਤਰੀ ਬੋਵਿਨ ਮਾ ਨੇ ਸਦਨ ਵਿੱਚ ਮੰਨਿਆ ਕਿ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਉਹਨਾਂ ਨੇ ਕਿਲੋਨਾ ਜਨਰਲ ਹਸਪਤਾਲ ਦੇ ਖਾਸ ਮੁੱਦੇ ਉੱਤੇ ਸਿੱਧਾ ਜਵਾਬ ਤਾਂ ਨਹੀਂ ਦਿੱਤਾ, ਪਰ ਇਹ ਜ਼ਰੂਰ ਕਿਹਾ ਕਿ ਬਜਟ 2026 ਵਿੱਚ ਹਸਪਤਾਲ ਦੇ ਵੱਡੇ ਪ੍ਰੋਜੈਕਟਾਂ ਵਿੱਚ ਨਿਵੇਸ਼ ਜਾਰੀ ਰੱਖਿਆ ਜਾਵੇਗਾ। ਮੰਤਰੀ ਨੇ ਬਾਅਦ ਵਿੱਚ ਇੱਕ ਈਮੇਲ ਰਾਹੀਂ ਦੱਸਿਆ ਕਿ ਉਹ ਹਸਪਤਾਲ ਵਿੱਚ ਮਰੀਜ਼ਾਂ ਲਈ ਥਾਂ ਦੀ ਘਾਟ ਦੀ ਸਮੱਸਿਆ ਤੋਂ ਜਾਣੂ ਹਨ। ਉਹਨਾਂ ਅਨੁਸਾਰ ਇੰਟੀਰੀਅਰ ਹੈਲਥ ਲਗਾਤਾਰ ਖੇਤਰੀ ਸਿਹਤ ਲੋੜਾਂ ਦਾ ਮੁਲਾਂਕਣ ਕਰ ਰਹੀ ਹੈ ਅਤੇ ਸਰਕਾਰ ਉਹਨਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਵੀ ਵਿਸਤਾਰ ਲਈ ਲੋੜੀਂਦਾ ਸਟਾਫ ਅਤੇ ਉਪਕਰਨ ਮੌਜੂਦ ਹੋਣ। ਹਾਲਾਂਕਿ ਸਰਕਾਰ ਵੱਲੋਂ ਇਹਨਾਂ ਦੋਵਾਂ ਮੰਜ਼ਿਲਾਂ ਨੂੰ ਖੋਲ੍ਹਣ ਸਬੰਧੀ ਕੋਈ ਵੀ ਸਪੱਸ਼ਟ ਸਮਾਂ-ਸੀਮਾ ਨਹੀਂ ਦੱਸੀ ਗਈ ਹੈ।

ਐਮਐਲਏ ਗੈਵਿਨ ਡਿਊ ਅਨੁਸਾਰ ਕਿਲੋਨਾ ਜਨਰਲ ਹਸਪਤਾਲ ਵਿੱਚ ਕਿਸੇ ਵੀ ਸਮੇਂ 50 ਦੇ ਕਰੀਬ ਮਰੀਜ਼ ਗਲਿਆਰਿਆਂ ਵਿੱਚ ਇਲਾਜ ਕਰਵਾ ਰਹੇ ਹੁੰਦੇ ਹਨ। ਉਹਨਾਂ ਨੇ ਇਸ ਗੱਲ 'ਤੇ ਹੈਰਾਨੀ ਜਤਾਈ ਕਿ ਹੁਣ ਹਾਲਵੇਅ ਬੈੱਡਾਂ ਨੂੰ ਗੈਰ-ਅਧਿਕਾਰਤ ਤੋਂ ਅਧਿਕਾਰਤ ਬੈੱਡਾਂ ਵਿੱਚ ਬਦਲ ਦਿੱਤਾ ਗਿਆ ਹੈ, ਜੋ ਕਿ ਇੱਕ ਸਥਾਈ ਵਿਵਸਥਾ ਬਣਦੀ ਜਾ ਰਹੀ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਬੈੱਡ ਸੁਰੱਖਿਅਤ ਨਹੀਂ ਹਨ ਕਿਉਂਕਿ ਇੱਥੇ ਮਰੀਜ਼ਾਂ ਦੀ ਸਹੀ ਨਿਗਰਾਨੀ ਲਈ ਲੋੜੀਂਦੇ ਉਪਕਰਨ ਨਹੀਂ ਹੁੰਦੇ ਅਤੇ ਨਾ ਹੀ ਮਰੀਜ਼ ਦੀ ਇੱਜ਼ਤ ਅਤੇ ਨਿਜਤਾ ਦਾ ਕੋਈ ਪ੍ਰਬੰਧ ਹੁੰਦਾ ਹੈ। ਡਿਊ ਨੇ ਇਹ ਵੀ ਕਿਹਾ ਕਿ ਪਿਛਲੇ 13 ਸਾਲਾਂ ਵਿੱਚ ਕਿਲੋਨਾ ਦੀ ਆਬਾਦੀ ਵਿੱਚ ਭਾਰੀ ਵਾਧਾ ਹੋਇਆ ਹੈ ਅਤੇ ਸੈਂਟੇਨੀਅਲ ਟਾਵਰ ਦੀਆਂ ਖਾਲੀ ਮੰਜ਼ਿਲਾਂ ਨੂੰ ਇਸ ਵਧਦੀ ਲੋੜ ਲਈ ਹੀ ਬਣਾਇਆ ਗਿਆ ਸੀ।

ਸਥਾਨਕ ਲੋਕਾਂ ਅਤੇ ਸਿਆਸੀ ਆਗੂਆਂ ਦਾ ਮੰਨਣਾ ਹੈ ਕਿ ਹਸਪਤਾਲ ਦੇ ਵਿਸਤਾਰ ਲਈ ਹੁਣ ਹੋਰ ਉਡੀਕ ਨਹੀਂ ਕੀਤੀ ਜਾ ਸਕਦੀ। ਮਰੀਜ਼ਾਂ ਦਾ ਕਹਿਣਾ ਹੈ ਕਿ ਜਦੋਂ ਸਰੋਤ ਮੌਜੂਦ ਹਨ, ਤਾਂ ਉਹਨਾਂ ਨੂੰ ਗਲਿਆਰਿਆਂ ਵਿੱਚ ਰੁਲਣ ਲਈ ਨਹੀਂ ਛੱਡਿਆ ਜਾਣਾ ਚਾਹੀਦਾ। ਇੰਟੀਰੀਅਰ ਹੈਲਥ ਅਤੇ ਸੂਬਾ ਸਰਕਾਰ ਦੀ ਇਸ ਚੁੱਪ ਨੇ ਲੋਕਾਂ ਵਿੱਚ ਰੋਸ ਪੈਦਾ ਕਰ ਦਿੱਤਾ ਹੈ ਕਿਉਂਕਿ ਉਹ ਜਲਦ ਤੋਂ ਜਲਦ ਉਹਨਾਂ ਦੋਵਾਂ ਮੰਜ਼ਿਲਾਂ ਦੇ ਚਾਲੂ ਹੋਣ ਦੀ ਉਮੀਦ ਕਰ ਰਹੇ ਹਨ। ਅਜਿਹੇ ਵਿੱਚ ਸਿਹਤ ਪ੍ਰਣਾਲੀ ਦੀ ਕਾਰਗੁਜ਼ਾਰੀ ਅਤੇ ਬੁਨਿਆਦੀ ਢਾਂਚੇ ਦੇ ਸਹੀ ਇਸਤੇਮਾਲ ਉੱਤੇ ਸਵਾਲ ਉੱਠਣੇ ਸੁਭਾਵਿਕ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਸਰਕਾਰ ਬਜਟ 2026 ਦੇ ਵਾਅਦਿਆਂ ਨੂੰ ਜਲਦ ਪੂਰਾ ਕਰਦੀ ਹੈ ਜਾਂ ਮਰੀਜ਼ਾਂ ਨੂੰ ਅਜੇ ਹੋਰ ਲੰਬੇ ਸਮੇਂ ਤੱਕ ਗਲਿਆਰਿਆਂ ਵਿੱਚ ਹੀ ਦਿਨ ਕੱਟਣੇ ਪੈਣਗੇ। This report was written by Divroop Kaur as part of the Local Journalism Initiative.

# ਈਰਾਨ ਜੰਗ ਦੇ ਆਰਥਿਕ ਪ੍ਰਭਾਵਾਂ ਨੂੰ ਰੋਕਣ ਲਈ ਬੀ.ਸੀ. ਸਰਕਾਰ ਵੱਲੋਂ ਉੱਚ ਪੱਧਰੀ ਟਾਸਕ ਫੋਰਸ ਕਾਇਮ



ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਬੀਤੇ ਦਿਨੀਂ ਇੱਕ ਮਹੱਤਵਪੂਰਨ ਐਲਾਨ ਕਰਦਿਆਂ ਈਰਾਨ ਵਿੱਚ ਚੱਲ ਰਹੀ ਜੰਗ ਦੇ ਪ੍ਰਭਾਵਾਂ ਦੀ ਨਿਗਰਾਨੀ ਕਰਨ ਅਤੇ ਸੂਬੇ ਨੂੰ ਸੰਭਾਵੀ ਵਿਸ਼ਵਵਿਆਪੀ ਪ੍ਰਭਾਵਾਂ ਲਈ ਤਿਆਰ ਕਰਨ ਲਈ ਇੱਕ ਵਿਸ਼ੇਸ਼ ਅੰਤਰ-ਸਰਕਾਰੀ ਟਾਸਕ ਫੋਰਸ ਦਾ ਗਠਨ ਕੀਤਾ ਹੈ। ਈਰਾਨ ਵਿੱਚ ਜਾਰੀ ਜੰਗ ਦੇ ਮੱਦੇਨਜ਼ਰ ਬ੍ਰਿਟਿਸ਼ ਕੋਲੰਬੀਆ ਸਿਹਤ ਸੰਭਾਲ, ਖੇਤੀਬਾੜੀ, ਊਰਜਾ ਅਤੇ ਆਵਾਜਾਈ ਵਰਗੇ ਮਹੱਤਵਪੂਰਨ ਉਦਯੋਗਾਂ ਦੀ ਸਪਲਾਈ ਚੇਨ ਵਿੱਚ ਪੈਣ ਵਾਲੇ ਦਰਮਿਆਨੇ ਅਤੇ ਲੰਬੇ ਸਮੇਂ ਦੇ ਵਿਘਨ ਲਈ ਤਿਆਰੀ ਕਰ ਰਿਹਾ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਇਸ ਮੌਕੇ ਕਿਹਾ ਕਿ ਹਾਲਾਂਕਿ ਕੀਮਤਾਂ ਵਿੱਚ ਹਾਲ ਹੀ ਵਿੱਚ ਆਏ ਉਛਾਲ ਦਾ ਮੁੱਖ ਕਾਰਨ ਈਰਾਨ ਦੀ ਜੰਗ ਹੈ, ਪਰ ਬੀ.ਸੀ. ਦੇ ਲੋਕਾਂ ਨੂੰ ਆਰਥਿਕ ਝਟਕਿਆਂ ਤੋਂ ਬਚਾਉਣ ਲਈ ਪਹਿਲਾਂ ਹੀ ਤਿਆਰੀ ਕਰਨਾ ਸਰਕਾਰ ਦੀ ਨੈਤਿਕ ਜ਼ਿੰਮੇਵਾਰੀ ਹੈ।

ਪ੍ਰੀਮੀਅਰ ਈਬੀ ਨੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਤੋਂ ਇਲਾਵਾ ਸਪਲਾਈ ਚੇਨ ਵਿੱਚ ਕਈ ਹਫਤਿਆਂ ਦਾ ਅਜਿਹਾ ਵਿਘਨ ਅਜੇ ਆਉਣਾ ਬਾਕੀ ਹੈ, ਜਿਸ ਦਾ ਅਸਰ ਆਉਣ ਵਾਲੇ ਸਮੇਂ ਵਿੱਚ ਸਾਡੇ ਤੱਟਾਂ ਤੱਕ ਪਹੁੰਚੇਗਾ। ਇਹੀ ਕਾਰਨ ਹੈ ਕਿ ਸਰਕਾਰ ਸਾਰੇ ਸੰਬੰਧਿਤ ਵਿਭਾਗਾਂ ਦੇ ਮਾਹਿਰਾਂ ਨੂੰ ਇੱਕ ਮੇਜ਼ 'ਤੇ ਇਕੱਠੇ ਕਰ ਰਹੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀਆਂ ਰੁਕਾਵਟਾਂ ਤੋਂ ਪਹਿਲਾਂ ਹੀ ਸੁਚੇਤ ਹੋ ਕੇ ਕਾਰੋਬਾਰਾਂ ਅਤੇ ਆਮ ਲੋਕਾਂ ਦੀ ਮਦਦ ਕੀਤੀ ਜਾ ਸਕੇ। ਇਹ ਅੰਦਰੂਨੀ ਸਰਕਾਰੀ ਟਾਸਕ ਫੋਰਸ ਇਸ ਹਫਤੇ ਤੋਂ ਆਪਣੀਆਂ ਨਿਯਮਤ ਮੀਟਿੰਗਾਂ ਸ਼ੁਰੂ ਕਰੇਗੀ ਅਤੇ ਸਥਿਤੀ ਦੇ ਮੁਤਾਬਕ ਲੋੜੀਂਦੇ ਸਰੋਤਾਂ ਅਤੇ ਯੋਜਨਾਬੰਦੀ ਵਿੱਚ ਹੋਰ ਵਾਧਾ ਕੀਤਾ ਜਾਵੇਗਾ।

ਨੌਕਰੀਆਂ ਅਤੇ ਆਰਥਿਕ ਵਿਕਾਸ ਮੰਤਰੀ ਰਵੀ ਕਾਹਲੋਂ ਨੇ ਇਸ ਮੁੱਦੇ 'ਤੇ ਗੱਲ ਕਰਦਿਆਂ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕ ਪਹਿਲਾਂ ਹੀ ਗੈਸ ਪੰਪਾਂ 'ਤੇ ਇਸ ਜੰਗ ਦੇ ਮਾੜੇ ਪ੍ਰਭਾਵਾਂ ਨੂੰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸੰਭਾਵੀ ਪ੍ਰਭਾਵਾਂ ਵਿੱਚ ਸਿਰਫ਼ ਈਂਧਨ ਹੀ ਨਹੀਂ, ਸਗੋਂ ਡਾਕਟਰੀ ਸਪਲਾਈ, ਖੇਤੀਬਾੜੀ ਲਈ ਲੋੜੀਂਦੀਆਂ ਖਾਦਾਂ ਅਤੇ ਹੋਰ ਜ਼ਰੂਰੀ ਵਸਤਾਂ ਵੀ ਸ਼ਾਮਲ ਹੋ ਸਕਦੀਆਂ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸੂਬਾ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਹਰ ਪੱਖੋਂ ਤਿਆਰ ਰਹੇ। ਮੰਤਰੀ ਕਾਹਲੋਂ ਨੇ ਵਿਸ਼ਵਾਸ ਦਿਵਾਇਆ ਕਿ ਸਰਕਾਰ ਮਾਰਕੀਟ ਦੀ ਹਾਲਤ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਪ੍ਰੀਮੀਅਰ ਡੇਵਿਡ ਈਬੀ ਨੇ ਕੈਨੇਡਾ ਭਰ ਦੀਆਂ ਸੰਘੀ ਅਤੇ ਸੂਬਾਈ ਸਰਕਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਸੰਕਟ ਦੇ ਹੱਲ ਲਈ ਆਪਸੀ ਤਾਲਮੇਲ ਵਧਾਉਣ ਤਾਂ ਜੋ ਬ੍ਰਿਟਿਸ਼ ਕੋਲੰਬੀਆ ਅਤੇ ਪੂਰੇ ਕੈਨੇਡਾ ਦੇ ਲੋਕਾਂ ਲਈ ਵਧੀਆ ਨਤੀਜੇ ਯਕੀਨੀ ਬਣਾਏ ਜਾ ਸਕਣ। ਉਨ੍ਹਾਂ ਕਿਹਾ ਕਿ ਸਾਂਝੇ ਯਤਨਾਂ ਰਾਹੀਂ ਹੀ ਅਸੀਂ ਭਵਿੱਖ ਵਿੱਚ ਆਉਣ ਵਾਲੇ ਕਿਸੇ ਵੀ ਆਰਥਿਕ ਤੂਫ਼ਾਨ ਦਾ ਸਫਲਤਾਪੂਰਵਕ ਸਾਹਮਣਾ ਕਰ ਸਕਦੇ ਹਾਂ। ਸਰਕਾਰ ਦੀ ਇਸ ਟਾਸਕ ਫੋਰਸ ਦਾ ਮੁੱਖ ਟੀਚਾ ਸਥਿਤੀ ਦੇ ਬਦਲਦੇ ਰੂਪ ਦੇ ਨਾਲ-ਨਾਲ ਤੁਰੰਤ ਅਤੇ ਪ੍ਰਭਾਵਸ਼ਾਲੀ ਜਵਾਬੀ ਕਾਰਵਾਈ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਹ ਅਗਾਊਂ ਤਿਆਰੀ ਸੂਬੇ ਦੀ ਆਰਥਿਕਤਾ ਨੂੰ ਸਥਿਰ ਰੱਖਣ ਵਿੱਚ ਮਦਦਗਾਰ ਸਾਬਤ ਹੋਵੇਗੀ। This report was written by Divroop Kaur as part of the Local Journalism Initiative.

# ਖਪਤਕਾਰਾਂ ਦੇ ਡਾਟਾ ਰਾਹੀਂ ਵਧਦੀਆਂ ਕੀਮਤਾਂ 'ਤੇ ਰੋਕ ਦੀ ਮੰਗ ਸਬੰਧੀ ਐਨ.ਡੀ.ਪੀ. ਦਾ ਮਤਾ ਹਾਊਸ ਆਫ ਕਾਮਨਜ਼ ਵਿੱਚ ਰੱਦ

ਸਰੀ, (ਦਿਵਰੂਪ ਕੌਰ): ਕੈਨੇਡਾ ਦੀ ਸੰਸਦ ਵਿੱਚ ਬੁੱਧਵਾਰ ਨੂੰ ਐਨ.ਡੀ.ਪੀ. ਵੱਲੋਂ ਐਲਗੋਰਿਦਮਿਕ ਪ੍ਰਾਈਸਿੰਗ ਯਾਨੀ ਨਕਲੀ ਬੁੱਧੀ ਰਾਹੀਂ ਨਿਰਧਾਰਿਤ ਕੀਤੀਆਂ ਜਾਣ ਵਾਲੀਆਂ ਕੀਮਤਾਂ 'ਤੇ ਪਾਬੰਦੀ ਲਗਾਉਣ ਦਾ ਮਤਾ ਰੱਦ ਕਰ ਦਿੱਤਾ ਗਿਆ ਹੈ। ਐਨ.ਡੀ.ਪੀ. ਦੇ ਸੰਸਦੀ ਨੇਤਾ ਡੌਨ ਡੇਵਿਸ ਨੇ ਹਾਊਸ ਆਫ ਕਾਮਨਜ਼ ਵਿੱਚ ਇਹ ਮਤਾ ਪੇਸ਼ ਕਰਦਿਆਂ ਮੰਗ ਕੀਤੀ ਸੀ ਕਿ ਸਰਕਾਰ ਨੂੰ ਅਜਿਹੀ 'ਸਰਵੇਲੈਂਸ ਪ੍ਰਾਈਸਿੰਗ' 'ਤੇ ਰੋਕ ਲਗਾਉਣੀ ਚਾਹੀਦੀ ਹੈ, ਜਿਸ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਖਪਤਕਾਰਾਂ ਦੇ ਨਿੱਜੀ ਡਾਟਾ ਦੀ ਵਰਤੋਂ ਕਰਕੇ ਆਨਲਾਈਨ ਅਤੇ ਸਟੋਰਾਂ ਵਿੱਚ ਕੀਮਤਾਂ ਵਧਾਈਆਂ ਜਾਂਦੀਆਂ ਹਨ। ਹਾਲਾਂਕਿ, ਸੰਸਦ ਵਿੱਚ ਕਈ ਮੈਂਬਰਾਂ ਵੱਲੋਂ ਇਸ ਦੇ ਵਿਰੋਧ ਵਿੱਚ 'ਨਾ' ਦੀ ਆਵਾਜ਼ ਉਠਾਈ ਗਈ, ਜਿਸ ਕਾਰਨ ਸਪੀਕਰ ਫਰਾਂਸਿਸ ਸਕਾਰਪਾਲੇਗੀਆ ਨੇ ਐਲਾਨ ਕੀਤਾ ਕਿ ਮਤੇ ਨੂੰ ਸਰਵਸੰਮਤੀ ਨਹੀਂ ਮਿਲੀ।

ਇਹ ਮਤਾ ਐਨ.ਡੀ.ਪੀ. ਵੱਲੋਂ ਐਵੀ ਲੇਵਿਸ ਨੂੰ ਨਵਾਂ ਨੇਤਾ ਚੁਣੇ ਜਾਣ ਤੋਂ ਬਾਅਦ ਪਾਰਟੀ ਦੀ ਪਹਿਲੀ ਵੱਡੀ ਨੀਤੀਗਤ ਪਹਿਲਕਦਮੀ ਸੀ। ਐਵੀ ਲੇਵਿਸ, ਜੋ ਇਸ ਸਮੇਂ ਸੰਸਦ ਮੈਂਬਰ ਨਹੀਂ ਹਨ, ਨੇ ਪਿਛਲੇ ਦਿਨੀਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਪ੍ਰਥਾ ਦੀ ਸਖ਼ਤ ਨਿਖੇਧੀ ਕੀਤੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਵੱਡੀਆਂ ਤਕਨੀਕੀ ਕੰਪਨੀਆਂ ਅਤੇ ਕਰਿਆਨੇ ਦੀਆਂ ਦਿੱਗਜ ਕੰਪਨੀਆਂ ਕੈਨੇਡੀਅਨਾਂ 'ਤੇ ਜਾਸੂਸੀ ਕਰ ਰਹੀਆਂ ਹਨ ਅਤੇ ਉਨ੍ਹਾਂ ਤੋਂ ਵਾਧੂ ਪੈਸੇ ਵਸੂਲ ਰਹੀਆਂ ਹਨ। ਲੇਵਿਸ ਨੇ ਇਸ ਨੂੰ ਗੈਰ-ਵਾਜਬ ਅਤੇ 'ਡਰਾਉਣੀ' ਪ੍ਰਕਿਰਿਆ ਕਰਾਰ ਦਿੰਦਿਆਂ ਕਿਹਾ ਕਿ ਸੰਘੀ ਸਰਕਾਰ ਨੂੰ ਇਸ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕਣੇ ਚਾਹੀਦੇ ਹਨ।

ਦੂਜੇ ਪਾਸੇ, ਏ.ਆਈ. ਮੰਤਰੀ ਇਵਾਨ ਸੋਲੋਮਨ ਨੇ ਕਿਹਾ ਕਿ ਲਿਬਰਲ ਸਰਕਾਰ ਇਸ ਮੁੱਦੇ ਦੀ ਜਾਂਚ ਕਰ ਰਹੀ ਹੈ ਤਾਂ ਜੋ ਪਾਰਦਰਸ਼ਤਾ ਯਕੀਨੀ ਬਣਾਈ ਜਾ ਸਕੇ। ਪਰ ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੇ ਨਿਯਮ ਬਣਾਉਣ ਦੀ ਜ਼ਿੰਮੇਵਾਰੀ ਕੰਪੀਟੀਸ਼ਨ ਬਿਊਰੋ ਦੀ ਹੋਵੇਗੀ, ਨਾ ਕਿ ਉਨ੍ਹਾਂ ਦੇ ਵਿਭਾਗ ਦੀ। ਹਾਲਾਂਕਿ ਉਨ੍ਹਾਂ ਨੇ ਕੀਮਤਾਂ ਵਿੱਚ ਪਾਰਦਰਸ਼ਤਾ ਦਾ ਸਮਰਥਨ ਕੀਤਾ, ਪਰ ਪਾਬੰਦੀ ਲਗਾਉਣ ਦੇ ਸਬੰਧ ਵਿੱਚ ਕੋਈ ਸਪੱਸ਼ਟ ਵਚਨਬੱਧਤਾ ਨਹੀਂ ਜਤਾਈ। ਪਿਛਲੇ ਸਾਲ ਕੰਪੀਟੀਸ਼ਨ ਬਿਊਰੋ ਨੇ ਕਿਰਾਏ ਦੇ ਬਾਜ਼ਾਰ ਵਿੱਚ ਵੀ ਅਜਿਹੇ ਐਲਗੋਰਿਦਮ ਦੀ ਵਰਤੋਂ ਦੀ ਜਾਂਚ ਕੀਤੀ ਸੀ।

ਤਾਜ਼ਾ ਸਰਵੇਖਣਾਂ ਅਨੁਸਾਰ, ਜ਼ਿਆਦਾਤਰ ਕੈਨੇਡੀਅਨ ਇਸ ਪ੍ਰਥਾ ਦੇ ਵਿਰੁੱਧ ਹਨ। ਅਬੈਕਸ ਡੇਟਾ ਦੇ ਇੱਕ ਪੋਲ ਮੁਤਾਬਕ 52 ਫੀਸਦੀ ਲੋਕ ਚਾਹੁੰਦੇ ਹਨ ਕਿ ਇਸ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇ, ਜਦਕਿ 31 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਇਸ ਨੂੰ ਸਖ਼ਤ ਨਿਯਮਾਂ ਦੇ ਦਾਇਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਖਪਤਕਾਰਾਂ ਦਾ ਮੰਨਣਾ ਹੈ ਕਿ ਇੱਕੋ ਉਤਪਾਦ ਲਈ ਵੱਖ-ਵੱਖ ਲੋਕਾਂ ਤੋਂ ਵੱਖੋ-ਵੱਖਰੀ ਕੀਮਤ ਵਸੂਲਣਾ ਵਿਤਕਰੇ ਵਾਲਾ ਅਤੇ ਅਨੈਤਿਕ ਹੈ। ਐਨ.ਡੀ.ਪੀ. ਦਾ ਇਹ ਮਤਾ ਭਾਵੇਂ ਅਸਫਲ ਰਿਹਾ, ਪਰ ਇਸ ਨੇ ਦੇਸ਼ ਵਿੱਚ ਵਧਦੀ ਮਹਿੰਗਾਈ ਅਤੇ ਤਕਨੀਕੀ ਕੰਪਨੀਆਂ ਦੀ ਕਾਰਜਪ੍ਰਣਾਲੀ 'ਤੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। This report was written by Divroop Kaur as part of the Local Journalism Initiative.



SABZI MANDI SUPERMARKET
Serving our Community since 2003
HAPPY VAISAKHI!
Join us for Pakora, and Chaa at the Nagar Kirtan
128 st & 77 ave, Surrey on April 18
HOT PRICE
FRESH FENUGREEK METHI
ਮੇਥੀ
Bunch
1.99 ea
HOT PRICE
PAKISTANI KINNOW MANDARINS
ਪਾਕਿਸਤਾਨੀ ਕੀਨੂ ਮੈਂਡਰਿਨ ਸੰਗਤਰੇ
1.49 /lb
HOT PRICE
FRESH CILANTRO
ਧਨੀਆਂ
Bunch
2 for 99¢
HOT PRICE
FRESH GINGER/GARLIC
ਅੱਦਰਕ/ਲਸਣ
99¢ /lb
SAVERA PANEER
ਸਵੇਰਾ ਪਨੀਰ
341g
4.99 ea
UNBEATABLE DEAL
VIDHYA PUNJABI BISCUITS
ਵਿਦਿਆ ਪੰਜਾਬੀ ਬਿਸਕੁਟ
Asst., 2.2lb
4.99 ea
UNBEATABLE DEAL
FROOTI MANGO JUICE BOX CASE
ਫਰੂਟੀ ਜੂਸ ਬੌਕਸ ਕੇਸ
36pc
$18 ea
HOT PRICE
INDIAN EGGPLANT
ਦੇਸੀ ਵਤਾਊਂ
1.29 /lb
CHING'S NOODLES
ਚਿੰਗਜ਼ ਨੂਡਲਜ਼
Asst., 240g
1.49 ea
HOT PRICE
INDIAN STYLE RED CARROTS
ਦੇਸੀ ਸਟਾਈਲ ਲਾਲ ਗਾਜਰਾਂ
99¢ /lb
PARTY TRAYS
ਪਾਰਟੀ ਟਰੇ
40 pack
6.99 ea
AMBAY BESAN
ਅੰਬੇ ਬੇਸਣ
4lb
3.99 ea
BAAZ DURAM ATTA
ਬਾਜ਼ ਦੂਰਮ ਆਟਾ
20lb
11.99 ea
PUNJABI BY NATURE ELAICHI RUSK
ਪੰਜਾਬੀ ਬਾਈ ਨੇਚਰ ਇਲਾਈਚੀ ਰੱਸਕ
600g
3.99 ea
HOT PRICE
JUMBO CARROTS
ਵੱਡੀਆਂ ਗਾਜਰਾਂ
69¢ /lb
NPS #1 ALMONDS
ਬਦਾਮ
5.99 /lb
LARGE ORANGES
ਵੱਡੇ ਸੰਗਤਰੇ
99¢ /lb
PUNJABI BY NATURE MUSTARD OIL
ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ
1L
5.99 ea
TILDA BASMATI RICE
ਟਿਲਡਾ ਬਾਸਮਤੀ ਚਾਵਲ
4kg
14.99 ea
INDIAN KARELA
ਦੇਸੀ ਕਰੇਲੇ
1.99 /lb
MANGO DRINK FROOTI
ਫਰੂਟੀ
1L
1.49 ea
RUSSET POTATOES
ਆਲੂ
10lb
3.99 ea
PEELED GARLIC
ਲਸਣ
5lb Jar
8.99 ea
CASE OF POTATOES
ਆਲੂ
5 x 10lb Case
$18 ea
FRESH ZUCCHINI
ਤੋਰੀ
69¢ /lb
PROUDLY CANADIAN · PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. April 17, 2026 - Wed. April 22, 2026
MasterCard VISA AMERICAN EXPRESS Interac
American Express accepted at three locations.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.